# ਸ੍ਰੀ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ

# ਗੋਸ਼ਟੀ

---

**ਮਿਤੀ : 8 ਸਤੰਬਰ 1990, ਦਿਨ ਸ਼ਨਿਚਰਵਾਰ**

**ਸਮਾਂ : ਸਵੇਰੇ 10–00 ਵਜੇ ਤੋਂ ਸ਼ਾਮ 7–00 ਵਜੇ ਤੱਕ**

**ਅਸਥਾਨ : ਕਮਿਸ਼ਨ ਰੂਮ, ਫੈਡਰੇਸ਼ਨ ਹਾਊਸ,**
**ਤਾਨਸੇਨ ਮਾਰਗ, ਨਵੀਂ ਦਿੱਲੀ-110001**

---

**ਪਹਿਲਾ ਸੈਸ਼ਨ :** ਸਵੇਰੇ 10–00 ਤੋਂ ਦੁਪਹਿਰ 1–30 ਵਜੇ ਤੱਕ

**ਲੰਚ :** ਦੁਪਹਿਰ 1–30 ਤੋਂ 2–00 ਵਜੇ ਤੱਕ

**ਦੂਜਾ ਸੈਸ਼ਨ :** ਦੁਪਹਿਰ 2–00 ਤੋਂ ਸ਼ਾਮ 5–00 ਵਜੇ ਤੱਕ

**ਸਮਾਪਤੀ ਸਮਾਰੋਹ :** ਸ਼ਾਮ 5–30 ਤੋਂ ਸ਼ਾਮ 7–00 ਵਜੇ ਤੱਕ

**ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ**
**12, ਪੰ: ਪੰਤ ਮਾਰਗ, ਨਵੀਂ ਦਿੱਲੀ-110001**

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸਤਿਗੁਰੂ ਪਰਤਾਪ ਸਿੰਘ ਜੀ ਤੋਂ ਪਹਿਲਾਂ (1857-1906 ਈ:) ਦਾ ਨਾਮਧਾਰੀ ਇਤਿਹਾਸ

—ਡਾ. ਜਸਵੰਤ ਸਿੰਘ 'ਜੱਸ'

ਪਰਾਚੀਨ ਭਾਰਤ ਦਾ ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਭਾਰਤ-ਵਾਸੀਆਂ ਅੰਦਰ ਰਾਜਨੀਤਕ ਚੇਤਨਾ ਬੜੀ ਪੁਰਾਣੀ ਹੈ। ਆਰੀਆਂ ਦੇ ਆਉਣ ਤੋਂ ਪਹਿਲਾਂ ਇਥੋਂ ਦੇ ਵਸਨੀਕ ਦਰਾਵਿੜ ਜਾਤੀ ਅੰਦਰ ਭੀ ਰਾਜਨੀਤਕ ਚੇਤਨਾ ਕਾਫ਼ੀ ਪਰਬਲ ਸੀ। ਉਹ ਆਪਣੇ ਦੇਸ਼ ਦੀ ਚੱਪਾ ਚੱਪਾ ਧਰਤੀ ਅਤੇ ਜਾਨ ਮਾਲ ਦੀ ਰੱਖਿਆ ਲਈ, ਇਕ ਮੁੱਠ ਹੋ ਕੇ, ਵੈਰੀ ਦਲਾਂ ਦਾ ਟਾਕਰਾ ਕਰਦੇ ਰਹੇ। ਫਿਰ, ਆਰੀਆ ਜਾਤੀ ਨੇ ਛੋਟੇ ਛੋਟੇ ਟੋਲਿਆਂ ਨੂੰ ਸੰਗਠਤ ਕਰਕੇ, ਰਾਜਨੀਤਕ ਚੇਤਨਾ ਦਾ ਸਬੂਤ ਦਿਤਾ। ਇਸ ਚੇਤਨਾ ਨੇ ਹੀ ਸਿਕੰਦਰ ਵਰਗਿਆਂ ਦੇ ਪੈਰ ਨਾ ਲਗਣ ਦਿਤੇ। ਯੂਨਾਨੀ, ਕੁਸ਼ਾਣ, ਹੂਣ ਆਦਿ ਕਈ ਜਾਤੀਆਂ ਨੇ ਭਾਰਤ ਉਤੇ ਹਮਲੇ ਕੀਤੇ ਪਰ ਉਹ ਜਾਂ ਸਦਾ ਲਈ ਭਾਰਤ ਛੱਡ ਗਈਆਂ ਜਾਂ ਇਥੇ ਹੀ ਸਮਾ ਗਈਆਂ। ਚੰਦਰਗੁਪਤ, ਅਸ਼ੋਕ, ਹਰਸ਼ਵਰਧਨ ਆਦਿ ਆਪਣੇ ਸਮੇਂ ਦੇ ਪਰਸਿੱਧ ਸਮਰਾਟ ਹੋਏ ਹਨ, ਜਿਨ੍ਹਾਂ ਨੇ ਭਾਰਤ ਨੂੰ ਰਾਜਨੀਤਕ ਸੰਗਠਨ ਦਿਤਾ। ਉਸ ਤੋਂ ਪਿਛੋਂ ਰਾਜਨੀਤਕ ਸੰਗਠਨ ਟੁੱਟਣਾ ਸ਼ੁਰੂ ਹੋ ਗਿਆ। ਸਾਰਾ ਦੇਸ਼ ਮੁੜ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਵੰਡਿਆ ਗਿਆ। ਜਿਉਂ ਜਿਉਂ ਭਾਰਤ ਵਾਸੀਆਂ ਵਿਚ ਰਾਜਨੀਤਕ ਚੇਤਨਾ ਦਾ ਅਭਾਵ ਹੁੰਦਾ ਗਿਆ, ਇਹ ਬਦੇਸ਼ੀ ਹਮਲਿਆਂ ਦਾ ਸ਼ਿਕਾਰ ਬਣਦੇ ਗਏ ਤੇ ਅੰਤ ਗੁਲਾਮੀ ਦੀਆਂ ਜੰਜੀਰਾਂ ਨੇ ਅਜੇਹਾ ਜਕੜਿਆ ਕਿ ਸਦੀਆਂ ਤੱਕ ਮੁੜ ਹੋਸ਼ ਨਾ ਆਈ। ਸਦੀਆਂ ਦੀ ਲੰਮੀ ਗੁਲਾਮੀ ਨੇ ਸਭ ਕੁਝ ਭੁਲਾ ਦਿਤਾ। ਜਿਹੜਾ ਭੀ ਆਪਣੇ ਬਾਹੂਬਲ ਨਾਲ ਆ ਗਿੱਚੀ ਨੱਪਦਾ, ਭਾਰਤੀ ਉਸੇ ਦੇ ਹੋ ਕੇ ਵਰਗਣ ਲੱਗ ਪੈਂਦੇ ਸਨ।

ਬਦੇਸ਼ੀ ਰਾਜ ਵਿਰੁੱਧ ਭਾਰਤੀਆਂ ਦਾ ਪਹਿਲਾ ਜਥੇਬੰਦਕ ਸੰਘਰਸ਼ 1857 ਈ. ਵਿਚ ਹੋਇਆ। ਇਹ ਫ਼ੌਜੀ ਅੰਦੋਲਨ ਅਸਲ ਵਿਚ ਲਾਰਡ ਡਲਹੌਜ਼ੀ ਦੀ ਰਿਆਸਤਾਂ ਹੜੱਪ ਕਰਨ ਦੀ ਨੀਤੀ ਦੇ ਪ੍ਰਤੀਕਰਮ ਵਜੋਂ ਉੱਠੀ ਹੋਈ ਗੁੱਸੇ ਦੀ ਲਹਿਰ ਸੀ



Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਚਰਬੀ ਵਾਲੇ ਕਾਰਤੂਸਾਂ ਨੂੰ ਵਰਤਣ ਤੋਂ ਨਾਂਹ ਕਰਨ ਵਾਲੀਆਂ ਭਾਰਤੀ ਪਲਟਣਾਂ ਦਾ ਸਮਰਥਣ ਪਰਾਪਤ ਹੋ ਗਿਆ। ਸ਼ੁਰੂ ਸ਼ੁਰੂ ਵਿਚ ਕ੍ਰਾਂਤੀਕਾਰੀਆਂ ਨੂੰ ਕੁਝ ਸਫਲਤਾ ਹੋਈ ਤੇ ਉਹ ਬਹਾਦਰਸ਼ਾਹ ਨੂੰ ਮੁੜ ਦਿੱਲੀ ਦੇ ਤਖਤ ਉਤੇ ਬਿਠਾਉਣ ਵਿਚ ਸਫ਼ਲ ਭੀ ਹੋ ਗਏ ਪਰੰਤੂ ਆਮ ਜਨਤਾ ਅੰਦਰ ਰਾਸ਼ਟਰੀ ਚੇਤਨਾ ਦੀ ਘਾਟ ਦੇ ਕਾਰਨ ਇਹ ਕੌਮੀ ਪੱਧਰ ਦਾ ਅੰਦੋਲਨ ਨਾ ਬਣ ਸਕਿਆ। ਸਗੋਂ ਅੰਗਰੇਜ਼ ਅਗੋਂ ਵਾਸਤੇ ਚੇਕੰਨਾ ਹੋ ਗਿਆ ਤੇ ਉਸਨੇ ਭਾਰਤੀ ਫ਼ੋਜਾਂ ਅੰਦਰ ਅਜਿਹੇ ਹਾਲਾਤ ਨਾ ਬਣਨ ਦਿਤੇ ਜਿਸ ਨਾਲ ਹਿੰਦੂ, ਸਿੱਖ, ਮੁਸਲਮਾਨ ਸੰਗਠਤ ਹੋ ਸਕਣ।

ਤੇਰ੍ਹਵੀਂ ਸਦੀ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਅੱਧ ਤਕ ਭਾਰਤ ਵਿਚ ਇਸਲਾਮੀ ਰਾਜ ਸਥਾਪਤ ਰਿਹਾ। ਉਨ੍ਹਾਂ ਨੇ ਰਾਜ-ਪਰਬੰਧ ਚਲਾਉਣ ਲਈ ਕਦੇ ਬਾਹਰੋਂ ਭਰਤੀ ਨਹੀਂ ਸੀ ਕੀਤੀ। ਮੁਗਲ ਦਰਬਾਰ ਵਿਚ ਛੋਟੇ ਕਰਮਚਾਰੀ ਤੋਂ ਲੈ ਕੇ ਫ਼ੋਜਾਂ ਦੇ ਜਰਨੈਲ ਅਤੇ ਸੂਬਿਆਂ ਦੇ ਗਵਰਨਰ ਤੱਕ ਦੇ ਅਹੁਦੇ ਯੋਗਤਾ ਅਨੁਸਾਰ ਭਾਰਤੀ ਹਿੰਦੂਆਂ ਨੂੰ ਭੀ ਮਿਲ ਜਾਂਦੇ ਸਨ ਤੇ ਦੇਸ਼ ਦਾ ਧਨ, ਦੇਸ਼ ਵਿਚ ਹੀ ਰਹਿੰਦਾ ਸੀ। ਅੰਗਰੇਜ਼ ਰਾਜ ਦੀਆਂ ਗੱਲਾਂ ਇਸ ਤੋਂ ਬਿਲਕੁਲ ਉਲਟ ਸਨ। ਅੰਗਰੇਜ਼ ਤੇ ਭਾਰਤੀ ਦੇ ਸੰਬੰਧ 'ਹਾਕਮ' ਤੇ 'ਗੁਲਾਮ' ਵਾਲੇ ਸਨ। ਫ਼ੋਜਾਂ ਵਿਚ ਸਿਪਾਹੀ ਸਾਰੇ ਭਾਰਤੀ ਹੁੰਦੇ ਤੇ ਕਮਾਨ ਅੰਗਰੇਜ਼ ਅਫ਼ਸਰਾਂ ਦੇ ਹੱਥ ਵਿਚ ਹੁੰਦੀ। ਯੋਗ ਤੋਂ ਯੋਗ ਭਾਰਤੀ, ਅਫ਼ਸਰੀ-ਪਦ ਪਰਾਪਤ ਨਹੀਂ ਸੀ ਕਰ ਸਕਦਾ। ਕੀ ਫ਼ੋਜ ਤੇ ਕੀ ਸ਼ਹਿਰੀ ਪਰਬੰਧ, ਸਭ ਉੱਚ ਪਦਵੀਆਂ ਅੰਗਰੇਜ਼ਾਂ ਪਾਸ ਸਨ। ਅੰਗਰੇਜ਼ ਨੌਕਰੀਆਂ ਕਰਦੇ ਤੇ ਪੈਨਸ਼ਨਾਂ ਲੈ ਕੇ ਵਲਾਇਤ ਜਾ ਬੈਠਦੇ। ਭਾਰਤੀਆਂ ਦੇ ਟਾਕਰੇ ਵਿਚ ਉਨ੍ਹਾਂ ਨੂੰ ਤਨਖਾਹਾਂ ਤੇ ਪੈਨਸ਼ਨਾਂ ਭੀ ਕਿਤੇ ਵੱਧ ਮਿਲਦੀਆਂ ਸਨ। ਦੇਸ਼ ਦੀ ਅੱਧੀ ਆਮਦਨ ਹਾਕਮ ਸ਼ਰੇਣੀ ਦੀਆਂ ਜੇਬ੍ਹਾਂ ਵਿਚ ਚਲੀ ਜਾਂਦੀ ਸੀ।

ਸੰਸਾਰ ਪਰਸਿੱਧ, ਭਾਰਤ ਦੀ ਕਪੜੇ ਦੀ ਦਸਤਕਾਰੀ ਅੰਗਰੇਜ਼ ਦੀ ਕੂਟਨੀਤੀ ਦੇ ਕਾਰਨ ਘੱਟੇ ਮਿੱਟੀ ਰੁਲ ਗਈ। ਭਾਰਤੀ ਕਾਰੀਗਰਾਂ ਨੂੰ ਚੰਗੀ ਕਿਸਮ ਦਾ ਕਪੜਾ ਤਿਆਰ ਕਰਨ ਤੋਂ ਵਰਜ ਦਿਤਾ ਗਿਆ।[1] ਸਾਡੇ ਖੇਤਾਂ ਵਿਚ ਪੈਦਾ ਹੋਣ ਵਾਲੀ ਕਪਾਹ ਸਸਤੇ ਭਾਅ ਇੰਗਲੈਂਡ ਚਲੀ ਜਾਂਦੀ ਤੇ ਮਾਨਚੈਸਟਰ ਤੋਂ ਤਿਆਰ ਹੋ ਕੇ ਆਇਆ ਕਪੜਾ ਮਹਿੰਗੇ ਭਾਅ ਭਾਰਤ ਵਿਚ ਆ ਵਿਕਦਾ।

ਜੀਵਨ ਦੇ ਕਿਸੇ ਪੱਧਰ ਉਤੇ ਭੀ ਕਾਲੇ ਗੋਰੇ ਦੀ ਕੋਈ ਸਾਂਝ ਨਹੀਂ ਸੀ। ਉਨ੍ਹਾਂ ਵਾਸਤੇ ਗੱਡੀਆਂ ਦੇ ਵੱਖਰੇ ਡੱਬੇ, ਵੱਖਰੇ ਹੋਟਲ, ਵੱਖਰੀਆਂ ਕਲੱਬਾਂ, ਵੱਖਰੇ ਆਰਾਮ-ਘਰ, ਵੱਖਰੀਆਂ ਸੈਰ-ਗਾਹਾਂ ਅਤੇ ਕਈ ਥਾਈਂ ਵੱਖਰੀਆਂ ਸੜਕਾਂ ਸਨ। ਇਕੋ ਪ੍ਰਬੰਧਕ ਢਾਂਚੇ ਅਧੀਨ ਗੋਰੇ ਅਤੇ ਕਾਲੇ ਵਾਸਤੇ ਵੱਖਰੇ ਕਾਨੂੰਨ ਸਨ। ਹਰੇਕ ਯੂਰਪੀਨ ਹਥਿਆਰ ਰਖ ਸਕਦਾ ਸੀ ਪਰੰਤੂ ਭਾਰਤੀ ਨੂੰ ਲਾਈਸੈਂਸ ਲੈਣ ਦੀ ਮਜਬੂਰੀ ਸੀ। ਲਾਈਸੈਂਸ ਕੇਵਲ ਸਰਕਾਰ ਹਿਤੈਸ਼ੀਆਂ ਅਤੇ ਝੋਲੀਚੁਕਾਂ ਨੂੰ ਹੀ ਮਿਲ ਸਕਦੇ ਸਨ।

ਸਰਕਾਰ ਦੀ ਨਿਆਇ-ਨੀਤੀ, ਨਸਲੀ ਵਿਤਕਰਿਆਂ ਵਿਚ ਹੋਰ ਭੀ ਵਾਧਾ ਕਰਦੀ ਸੀ। ਗੋਰਿਆਂ ਦੇ ਮੁਕੱਦਮੇ ਕੇਵਲ ਅੰਗਰੇਜ਼ ਜੱਜ ਹੀ ਸੁਣ ਸਕਦਾ ਸੀ, ਭਾਰਤੀ ਨਹੀਂ। ਮਨੁੱਖੀ ਬਰਾਬਰੀ ਦੇ ਸਿਧਾਂਤ ਦਾ ਉਲੰਘਣ ਕਰਨ ਵਾਲੀ ਇਹ



Sri Satguru Jagjit Singh Ji eLibrary NamdhariElibrary@gmail.com

ਨੀਤੀ, ਚੇਤਨ ਹੋਏ ਭਾਰਤੀਆਂ ਨੂੰ ਡਾਢੀ ਰੜਕਦੀ ਸੀ ।

ਪੰਜਾਬ ਨਵਾਂ ਨਵਾਂ ਅੰਗਰੇਜ਼ਾਂ ਦੇ ਅਧੀਨ ਆਇਆ ਸੀ। ਅੰਗਰੇਜ਼, ਸਭਰਾਉਂ ਅਤੇ ਗੁਜਰਾਤ ਦੀਆਂ ਲੜਾਈਆਂ ਵਿਚ ਪੰਜਾਬੀਆਂ ਦੇ ਹੱਥ ਵੇਖ ਚੁੱਕਾ ਸੀ ਤੇ ਉਹ ਹਰ ਹੀਲੇ ਪੰਜਾਬੀਆਂ ਦਾ ਮਿਲਵਰਤਣ ਲੈਣ ਲਈ ਉਤਾਵਲਾ ਰਹਿੰਦਾ ਸੀ । ਦੂਜੇ ਪਾਸੇ, ਇਕ ਸਾਧਾਰਨ ਪੰਜਾਬੀ ਹਿਰਦਾ ਨਿੱਤ ਦੀ ਖਾਨਾਜੰਗੀ ਤੋਂ ਤੰਗ ਪੈ ਚੁਕਾ ਸੀ ਤੇ ਲੰਮੇ ਸਮੇਂ ਦੇ ਕਠਨ ਸੰਘਰਸ਼ ਤੋਂ ਬਾਅਦ ਅਮਨ ਚੈਨ ਦਾ ਜੀਵਨ ਬਤੀਤ ਕਰਨਾ ਲੋਚਦਾ ਸੀ ਅਤੇ ਇਹ ਕੁਝ ਉਸ ਨੂੰ ਸਮੇਂ ਦੀ ਸਰਕਾਰ ਨੂੰ ਦਾਸ-ਭਾਵੀ ਮਿਲ-ਵਰਤਣ ਦੇ ਕੇ ਹੀ ਪਰਾਪਤ ਹੋ ਸਕਦਾ ਸੀ । ਪੰਜਾਬ ਦਾ ਇਤਿਹਾਸ ਦਸਦਾ ਹੈ ਕਿ ਭਾਈ ਮਹਾਰਾਜ ਸਿੰਘ ਤੋਂ ਬਿਨਾਂ ਬਾਕੀ ਸਾਰੇ ਸਿੱਖ ਸਰਦਾਰਾਂ ਤੇ ਫ਼ੌਜੀ ਜਰਨੈਲਾਂ ਨੇ ਆਪਣੇ ਹਥਿਆਰ ਰਖ ਦਿਤੇ ਸਨ ਤੇ ਅੰਗਰੇਜ਼ ਨੂੰ ਮਿਲਵਰਤਣ ਦੇਣ ਦਾ ਇਰਾਦਾ ਬਣਾ ਲਿਆ ਸੀ। ਕਾਬਲ ਕੰਧਾਰ ਤੱਕ ਮੱਲਾਂ ਮਾਰਨ ਵਾਲੀਆਂ ਲਾਹੌਰ ਦਰਬਾਰ ਦੀਆਂ ਫ਼ੌਜਾਂ ਪਰਸਪਰ ਫੁੱਟ ਕਾਰਨ ਅੰਗਰੇਜ਼ ਦੀ ਈਨ ਮੰਨਣ ਵਾਸਤੇ ਮਜਬੂਰ ਸਨ ।

ਅੰਗਰੇਜ਼ ਨਾਲ ਨਵੀਂ ਨਵੀਂ ਬਣੀ ਸਾਂਝ ਦਾ ਫਲ, ਪੰਜਾਬੀ ਜਨਤਾ ਦਾ ਕੁਝ ਭਾਗ, ਪੱਛਮੀ ਸਭਿਆਚਾਰ ਅਤੇ ਸਮਾਜਕ ਜੀਵਨ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਣ ਲੱਗਾ । ਕਈ ਲੋਕ ਪੱਛਮੀ ਸੰਪਰਕ ਵਿਚ ਆ ਕੇ ਆਪਣੇ ਧਰਮ ਪ੍ਰਤੀ ਖੁਲ੍ਹਾਂ ਲੈਣ ਲੱਗੇ । ਧਰਮ ਦੀ ਜਿੰਨੀ ਪਕੜ ਭਾਰਤੀ ਜੀਵਨ ਉਤੇ ਹੈ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਭਾਗ ਵਿਚ ਹੋਵੇ । ਅੰਗਰੇਜ਼ ਸਮਝਦਾ ਸੀ ਕਿ ਭਾਰਤੀਆਂ ਦੇ ਧਰਮ ਵਿਸ਼ਵਾਸ ਵਿਚ ਪਰਿਵਰਤਣ ਲਿਆ ਕੇ, ਉਨ੍ਹਾਂ ਦੇ ਸਮੁੱਚੇ ਜੀਵਨ ਵਿਚ ਪਲਟਾ ਲਿਆਂਦਾ ਜਾ ਸਕਦਾ ਹੈ । ਥਿੜਕੇ ਹੋਏ ਬੰਦਿਆਂ ਨੂੰ ਕਾਬੂ ਕਰਨ ਲਈ ਈਸਾਈ ਮਤ ਦੇ ਪਰਚਾਰ ਦਾ ਜਾਲ ਪੰਜਾਬ ਵਿਚ ਵਿਛ ਗਿਆ ।

ਵੇਖਦਿਆਂ ਵੇਖਦਿਆਂ ਹੀ ਸੰਨ 1849 ਤੋਂ 1857 ਦੇ ਵਿਚਕਾਰਲੇ ਸਮੇਂ ਵਿਚ ਲੁਧਿਆਣੇ ਤੋਂ ਲੈ ਕੇ ਬੰਨੂ ਕੁਹਾਟ ਤੱਕ ਥਾਂ ਥਾਂ ਈਸਾਈ ਮਿਸ਼ਨ ਕਾਇਮ ਹੋ ਗਏ ।[8] ਈਸਾਈ ਧਰਮ, ਹਾਕਮ ਸ਼ਰੇਣੀ ਦਾ ਧਰਮ ਹੋਣ ਕਰਕੇ ਕਈ ਪਰਕਾਰ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਸਮਰੱਥਾ ਰਖਦਾ ਸੀ। ਕਈਆਂ ਨੂੰ ਈਸਾਈ ਬਣਨ ਵਿਚ ਸਮਾਜਕ ਤੇ ਆਰਥਕ ਲਾਭ ਦਿਸਦਾ ਸੀ । ਈਸਾਈ ਬਣ ਕੇ ਨੌਕਰੀ ਛੇਤੀ ਮਿਲ ਸਕਦੀ ਸੀ । ਨੀਵੀਆਂ ਤੇ ਦਲਿਤ ਜਾਤੀਆਂ ਈਸਾਈ ਬਣ ਕੇ ਉੱਚਤਾ ਤੇ ਬਰਾਬਰੀ ਦਾ ਅਹਿਸਾਸ ਅਨੁਭਵ ਕਰਦੀਆਂ ਸਨ । ਈਸਾਈ ਮਤ ਦੀ ਲੱਗੀ ਹੋਈ ਢਾਹ ਤੋਂ ਬਚਣਾ, ਸਮੇਂ ਦੀ ਪਰਮੁਖ ਲੋੜ ਸੀ । ਅਜਿਹੇ ਅਧੋਗਤੀ ਦੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਪਹਿਲੇ ਪੰਜਾਬੀ ਸਨ, ਜਿਨ੍ਹਾਂ ਨੇ ਅੰਗਰੇਜ਼ ਦੀ ਚਾਲ ਨੂੰ ਤਾੜਿਆ । ਨਾ ਕੇਵਲ ਤਾੜਿਆ, ਸਗੋਂ ਇਸਦੀ ਵਿਰੋਧਤਾ ਕਰਦਿਆਂ ਹੋਇਆਂ ਪੰਜਾਬੀਆਂ ਨੂੰ ਸੁਚੇਤ ਕੀਤਾ ਅਤੇ ਵਿਸ਼ੇਸ਼ ਟੀਚਾ ਮਿਥ ਕੇ ਪੰਜਾਬੀਆਂ ਨੂੰ ਜਥੇਬੰਦ ਕੀਤਾ ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਹਾਲਾਤ ਦੀ ਨਜ਼ਾਕਤ ਦੇ ਕਾਰਨ ਗੁਰਮਤ ਪਰਚਾਰ ਦਾ ਬਹੁਤਾ ਕੰਮ ਨਾ ਹੋ ਸਕਿਆ । ਮਹਾਰਾਜਾ ਰਣਜੀਤ ਸਿੰਘ ਆਪ ਸ਼ਰਧਾਵਾਨ ਸਿੱਖ ਤਾਂ ਸੀ ਪਰੰਤੂ ਉਸਦੇ ਅਹਿਦ ਵਿਚ ਲੋੜੀਂਦੇ



Sri Satguru Jagjit Singh Ji eLibrary NamdhariElibrary@gmail.com

ਸਾਧਨਾਂ ਅਤੇ ਵਸੀਲਿਆਂ ਦੇ ਬਾਵਜੂਦ ਗੁਰਮਤ ਪਰਚਾਰ ਵਲ ਕੋਈ ਧਿਆਨ ਨਾ ਦਿਤਾ ਜਾ ਸਕਿਆ । ਇਸਦਾ ਕਾਰਨ ਮਹਾਰਾਜੇ ਦਾ ਜੰਗਾਂ ਜੁੱਧਾਂ ਵਿਚ ਰੁੱਝੇ ਰਹਿਣਾ ਹੋਵੇ ਜਾਂ ਸੁਭਾਅ ਵਿਚ ਅਵੇਸਲਾਪਣ । ਜਾਪਦਾ ਹੈ, ਉਸ ਸਮੇਂ ਅੰਦਰ ਕਿਸੇ ਸੰਪਰਦਾ ਨੇ ਭੀ ਮਹਾਰਾਜੇ ਦਾ ਧਿਆਨ ਇਸ ਪਾਸੇ ਨਹੀਂ ਦਿਵਾਇਆ ।

ਗੁਰਦੁਆਰਿਆਂ ਅਤੇ ਹੋਰ ਇਤਿਹਾਸਕ ਅਸਥਾਨਾਂ ਉਤੇ ਮਹੰਤਾਂ ਅਤੇ ਪੁਜਾਰੀਆਂ ਦਾ ਬੋਲਬਾਲਾ ਸੀ ਤੇ ਉਨ੍ਹਾਂ ਨੇ ਥਾਉਂ ਥਾਈਂ ਆਪਣੀਆਂ ਗੱਦੀਆਂ ਕਾਇਮ ਕਰ ਲਈਆਂ ਸਨ । ਗੁਰਦੁਆਰੇ, ਉਨ੍ਹਾਂ ਦੀ ਆਮਦਨ ਦੇ ਵਸੀਲੇ ਬਣ ਗਏ ਸਨ । ਆਮ ਜਨਤਾ, ਦਸਮੇਸ਼ ਪਿਤਾ ਦੇ ਦਸੇ ਹੋਏ ਮਾਰਗ ਤੋਂ ਥਿੜਕ ਗਈ ਸੀ ਤੇ ਮੁੜ ਪੀਰਾਂ, ਫ਼ਕੀਰਾਂ ਦੀਆਂ ਮਜ਼ਾਰਾਂ ਉਤੇ ਮੰਨਤਾਂ ਮੰਨਣੀਆਂ ਤੇ ਚੂਰਮੇ ਚੜ੍ਹਨੇ ਸ਼ੁਰੂ ਹੋ ਗਏ ਸਨ । ਖੰਡੇ ਦਾ ਅੰਮ੍ਰਿਤ ਕੇਵਲ ਤਖਤਾਂ ਤੇ ਛਕਾਇਆ ਜਾਂਦਾ ਸੀ ਤੇ ਇਹ ਮਹੰਤਾਂ ਤੇ ਪੁਜਾਰੀਆਂ ਦੀ ਆਮਦਨ ਦਾ ਵਸੀਲਾ ਬਣ ਗਿਆ ਸੀ ।

ਸਤਿਗੁਰ ਰਾਮ ਸਿੰਘ ਨੇ, ਦਸਮੇਸ਼ ਪਿਤਾ ਦੇ ਪਾਏ ਹੋਏ ਪੂਰਨਿਆਂ ਤੇ ਚਲ ਕੇ, ਖੰਡੇ ਦੀ ਧਾਰ ਦਾ ਅੰਮ੍ਰਿਤ ਛਕਾਇਆ ਤੇ 'ਸੰਤ ਖਾਲਸਾ' ਨਾਂ ਦੀ ਨਵੀਂ ਜਥੇਬੰਦੀ ਕਾਇਮ ਕੀਤੀ । ਇਹ ਕੰਮ, ਵਿਸਾਖੀ ਵਾਲੇ ਦਿਨ ਸੰਨ 1857 ਨੂੰ ਭੈਣੀ ਸਾਹਿਬ ਵਿਖੇ ਸ਼ੁਰੂ ਹੋਇਆ । ਬੇਅੰਤ ਸੰਗਤਾਂ ਨੇ ਅੰਮ੍ਰਿਤ ਦੀ ਦਾਤ ਪਰਾਪਤ ਕੀਤੀ । 'ਸੰਤ ਖਾਲਸਾ' ਦੇ ਸਾਹਮਣੇ ਹੇਠ ਲਿਖਿਆ ਲਕਸ਼ ਸੀ :

(i) ਸਿੱਖਾਂ ਨੂੰ ਪੱਛਮੀ-ਪਰਭਾਵ ਤੋਂ ਬਚਾਉਣਾ ।
(ii) ਆਪਣੇ ਆਰਥਕ ਵਸੀਲਿਆਂ ਨੂੰ ਕਾਇਮ ਰਖ ਸਕਣਾ ।
(iii) ਸਵੱਛ ਤੇ ਸਾਦਾ ਜੀਵਨ ਬਤੀਤ ਕਰਨਾ ।
(iv) ਅੰਗਰੇਜ਼ੀ ਸਰਕਾਰ ਨਾਲ ਕਿਸੇ ਪਰਕਾਰ ਦੀ ਸਾਂਝ ਨਾ ਰਖਣੀ ।
(v) ਸੁਤੰਤਰਤਾ ਲਈ ਤੜਪ ਪੈਦਾ ਕਰਨੀ ।

ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰ ਕੇ ਭੋਗ ਪਾਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ । ਢੋਲਕ ਛੈਣਿਆਂ ਨਾਲ, ਸਰਲ ਧਾਰਨਾ ਰਾਹੀਂ, ਸ਼ਬਦ ਕੀਰਤਨ ਕਰਨ ਦਾ ਰਿਵਾਜ ਜਾਰੀ ਕੀਤਾ । ਨਿਤਨੇਮ ਅਤੇ ਬਾਣੀ ਕੰਠ ਕਰਨ ਤੇ ਭਜਨ ਬੰਦਗੀ ਤੇ ਜ਼ੋਰ ਦਿਤਾ । ਪੰਜ ਕਕਾਰਾਂ ਦੀ ਰਹਿਤ ਧਾਰਨ ਕਰਨੀ ਜ਼ਰੂਰੀ ਦੱਸੀ । ਸੰਗਤ-ਪੰਗਤ ਦੀ ਰੀਤ ਨਵੇਂ ਸਿਰੇ ਤੋਂ ਪਰਚਲਤ ਕੀਤੀ ਗਈ । ਪੰਥ ਦਾ ਪਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਇਸ ਸਮੇਂ ਨੂੰ 'ਸਤਿਜੁਗ' ਦਾ ਸਮਾਂ ਬਿਆਨ ਕਰਦਾ ਹੈ । ਉਸਦੇ ਸ਼ਬਦ ਹਨ :

ਹੁੱਕੇ ਛੁਡਵਾਏ, ਰਖਵਾਏ ਕੇਸ ਮੁੰਨਯੋ ਕੇ,
ਸੁਧਾ ਛਕ ਥਾਏਂ ਸਿਖ ਭਾਗ ਜਿਨੈਂ ਜਾਗਯੋ ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਚਾਰੀ,
ਠੱਗੀ ਤਜ ਥੀਏ ਸੰਤ, **ਸਤਿਜੁਗ** ਆਗਯੋ ।[3]

ਇਸ ਸਮਾਗਮ ਤੋਂ ਵਿਹਲੇ ਹੋ ਕੇ ਆਪ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ ਤੇ ਥਾਂ



Sri Satguru Jagjit Singh Ji eLibrary NamdhariElibrary@gmail.com

ਥਾਂ ਫਿਰ ਕੇ ਨਾਮ ਬਾਣੀ ਦੀ ਛਹਿਬਰ ਲਾਈ। ਆਪ ਦੇ ਇਸ ਪਰੋਗਰਾਮ ਦੇ ਤਿੰਨ ਉਦੇਸ਼ ਪਰਤੀਤ ਹੁੰਦੇ ਹਨ :

(i) ਨਾਮ ਦੀ ਗੁੜ੍ਹਤੀ ਦੁਆਰਾ ਵਿਅਕਤੀਗਤ ਰੂਪ ਵਿਚ ਮਨੋਬਲ ਪੈਦਾ ਕਰਕੇ ਮਨੁੱਖੀ ਜੀਵਨ ਦਾ ਉਧਾਰ ਕਰਨਾ।

(ii) ਪੰਜਾਬੀ ਸਮਾਜ ਦੀ ਉਸਾਰੂ ਲੀਹਾਂ ਉਤੇ ਸਿਰਜਣਾ ਕਰਨੀ।

(iii) ਖੇਰੂੰ ਖੇਰੂੰ ਹੋ ਚੁਕੀ ਪੰਜਾਬ ਦੀ ਸ਼ਕਤੀ ਨੂੰ ਇਕ ਮੁੱਠ ਕਰਨਾ।

ਪਰਚਾਰ ਦੌਰਿਆਂ ਦੌਰਾਨ ਥਾਂ ਥਾਂ ਸੰਗਤਾਂ ਦੇ ਉਤਸ਼ਾਹੀ ਇਕੱਠ ਵੇਖ ਕੇ, ਮਿਸਟਰ ਮੈਕਨਬ ਡਿਪਟੀ ਕਮਿਸ਼ਨਰ ਸਿਆਲਕੋਟ ਨੇ, 5 ਅਪਰੈਲ 1863 ਈ: ਨੂੰ ਇਕ ਪੱਤਰ ਦੁਆਰਾ ਗਵਰਨਰ ਪੰਜਾਬ ਨੂੰ ਸੂਚਿਤ ਕਰਦਿਆਂ ਹੋਇਆਂ ਚਿੰਤਾ ਦਾ ਪ੍ਰਗਟਾਅ ਕੀਤਾ। ਸੰਨ 1857 ਦੇ ਅੰਦੋਲਨ ਤੋਂ ਭੈ ਭੀਤ ਹੋਈ ਅੰਗਰੇਜ਼ ਸਰਕਾਰ, ਰਤਾ ਭਰ ਭੀ ਅਵੇਸਲੇ ਹੋ ਕੇ ਕੋਈ ਵੱਡਾ ਖਤਰਾ ਸਹੇੜਨ ਤੋਂ ਘਬਰਾਉਂਦੀ ਸੀ। ਡੀ. ਸੀ. ਸਿਆਲਕੋਟ ਦੀ ਰਪੋਰਟ ਦੇ ਆਧਾਰ ਤੇ ਪੰਜਾਬ ਸਰਕਾਰ ਨੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਪਾਸੋਂ ਰਪੋਰਟਾਂ ਮੰਗ ਲਈਆਂ। ਜ਼ਿਲ੍ਹਾ ਲੁਧਿਆਣਾ ਦੇ ਡੀ. ਸੀ. ਨੂੰ ਉਚੇਚੀ ਹਦਾਇਤ ਕੀਤੀ ਗਈ ਕਿ ਉਹ ਭੈਣੀ ਸਾਹਿਬ ਵਿਖੇ ਨਾਮਧਾਰੀਆਂ ਦੀਆਂ ਹਰਕਤਾਂ ਉਤੇ ਨਜ਼ਰ ਰਖੇ। ਸੀ. ਆਈ. ਡੀ. ਨੂੰ ਵੀ ਇਹ ਕੰਮ ਸੌਂਪਿਆ ਗਿਆ, ਜਿਸਦੀਆਂ ਸੱਚੀਆਂ, ਝੂਠੀਆਂ ਰਪੋਰਟਾਂ ਸਮੇਂ ਸਮੇਂ ਗਵਰਨਰ ਪੰਜਾਬ ਨੂੰ ਪੁਜਦੀਆਂ ਰਹਿੰਦੀਆਂ ਸਨ। ਇਹ ਸਾਰਾ ਰੀਕਾਰਡ ਸਰਕਾਰੀ ਫਾਈਲਾਂ ਵਿਚ ਸਾਂਭਿਆ ਪਿਆ ਹੈ। ਬੇਸ਼ਕ ਇਸ ਸਮੇਂ ਤੱਕ ਸਰਕਾਰੀ ਫਾਈਲ ਵਿਚ ਕੋਈ ਰਪੋਰਟ ਅਜੇਹੀ ਨਹੀਂ ਸੀ ਜੋ ਚਿੰਤਾ ਦਾ ਕਾਰਨ ਬਣ ਸਕੇ, ਫਿਰ ਭੀ ਇਹਤਿਆਤ ਵਜੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਆਦੇਸ਼ ਦਿਤੇ ਗਏ ਕਿ ਉਹ ਸਰਕਾਰੀ ਆਗਿਆ ਤੋਂ ਬਿਨਾਂ ਭੈਣੀ ਸਾਹਿਬ ਤੋਂ ਬਾਹਰ ਨਹੀਂ ਜਾ ਸਕਦੇ।

ਜੂਹਬੰਦੀ ਦੇ ਕਾਰਨ, ਸਤਿਗੁਰੂ ਰਾਮ ਸਿੰਘ ਜੀ ਦਾ ਦੂਰ ਦੁਰੇਡੀਆਂ ਸੰਗਤਾਂ ਨਾਲੋਂ ਸੰਪਰਕ ਟੁੱਟ ਗਿਆ। ਅੰਮ੍ਰਿਤ ਪਰਚਾਰ ਅਤੇ ਹੋਰ ਸਰਗਰਮੀਆਂ ਢਿੱਲੀਆਂ ਪੈ ਗਈਆਂ। ਦੂਰ ਦੀ ਸੋਚਣ ਵਾਲੇ ਸਤਿਗੁਰਾਂ ਨੇ ਸਰਕਾਰ ਨਾਲ ਸਿੱਧੀ ਟੱਕਰ ਲੈਣੀ ਮੁਨਾਸਬ ਨਾ ਸਮਝੀ ਸਗੋਂ ਨਾਮਧਾਰੀ ਪੰਥ ਨੂੰ ਪੰਚਾਇਤੀ ਰਾਜ ਪ੍ਰਬੰਧ ਦਾ ਨਵਾਂ ਪਰੋਗਰਾਮ ਦੇ ਦਿਤਾ। ਸਾਰੇ ਪੰਜਾਬ ਨੂੰ ਬਾਈ ਭਾਗਾਂ ਵਿਚ ਵੰਡ ਕੇ ਵੱਖ ਵੱਖ ਸੂਬੇ ਥਾਪ ਦਿਤੇ। ਹਰੇਕ ਸੂਬੇ ਨੂੰ ਆਪੋ ਆਪਣੇ ਖੇਤਰ ਵਿਚ ਉਹ ਅਧਿਕਾਰ ਪਰਾਪਤ ਸਨ ਜੋ ਜ਼ਿਲ੍ਹੇ ਵਿਚ ਡੀ. ਸੀ. ਨੂੰ ਹੋਇਆ ਕਰਦੇ ਹਨ। ਉਸਨੂੰ ਸਹਾਇਤਾ ਦੇਣ ਲਈ ਨਾਇਬ-ਸੂਬੇ ਅਤੇ ਤਹਿਸੀਲਾਂ ਵਿਚ ਜਥੇਦਾਰ ਨਿਯੁਕਤ ਕੀਤੇ ਗਏ। ਪਿੰਡ ਪਿੰਡ ਪੰਚਾਇਤਾਂ ਕਾਇਮ ਹੋ ਗਈਆਂ। ਉਨ੍ਹਾਂ ਤੋਂ ਉਪਰ 'ਪਟੜੀ ਫੇਰ ਦੀਆਂ ਪੰਚਾਇਤਾਂ' ਬਣ ਗਈਆਂ, ਜਿਨ੍ਹਾਂ ਦੇ ਮੁਖੀ 'ਜਥੇਦਾਰ' ਹੁੰਦੇ ਸਨ। ਉਸ ਤੋਂ ਉਪਰ 'ਤਪਿਆਂ ਦੀਆਂ ਪੰਚਾਇਤਾਂ' ਸਨ ਜਿਨ੍ਹਾਂ ਦੀ ਅਗਵਾਈ ਆਮ ਤੌਰ ਤੇ ਨਾਇਬ-ਸੂਬੇ ਕਰਿਆ ਕਰਦੇ ਸਨ। ਉਨ ਤੋਂ ਉਤੇ 'ਸੂਬੇ' ਦੀ ਅਦਾਲਤ ਹੁੰਦੀ



Sri Satguru Jagjit Singh Ji eLibrary NamdhariElibrary@gmail.com

ਸੀ। ਜੇ ਫਿਰ ਭੀ ਗੱਲ ਨਾ ਨਿਬੜੇ ਤਾਂ ਭੈਣੀ ਸਾਹਿਬ 'ਕੇਂਦਰੀ ਪੰਚਾਇਤ' ਅਥਵਾ ਸੁਪਰੀਮ ਕੋਰਟ ਹੁੰਦੀ ਸੀ ਜਿਸ ਦੇ ਮੁਖੀ ਸਤਿਗੁਰੂ ਜੀ ਆਪ ਹੁੰਦੇ ਸਨ।

ਆਪ ਭਲੀ ਭਾਂਤ ਜਾਣਦੇ ਸਨ ਕਿ ਇਸ ਪ੍ਰਬੰਧਕੀ ਢਾਂਚੇ ਦੀ ਸਫਲਤਾ ਦੀ ਨਿਰਭਰਤਾ ਬਹੁਤ ਹੱਦ ਤੱਕ ਸੂਬੇ ਦੀ ਨਿੱਜੀ ਸ਼ਖ਼ਸੀਅਤ ਅਤੇ ਆਚਰਣਕ ਗੁਣਾਂ ਉਪਰ ਹੈ। ਸੋ, ਸੂਬਿਆਂ ਦੀ ਚੋਣ ਤੇ ਨਿਯੁੱਕਤੀ ਬੜੇ ਧਿਆਨ ਨਾਲ ਕੀਤੀ ਜਾਂਦੀ ਸੀ ਤਾਂ ਜੋ ਹਰੇਕ ਸੂਬਾ ਆਪੋ ਆਪਣੇ ਖੇਤਰ ਵਿਚ ਨਾਮਧਾਰੀ ਸੰਗਤ ਵਾਸਤੇ ਆਦਰਸ਼ ਬਣੇ। ਇਨ੍ਹਾਂ ਜ਼ਿੰਮੇਵਾਰ ਲੋਕਾਂ ਵਾਸਤੇ ਅਜੇਹੀ ਕੋਡ ਤਿਆਰ ਕੀਤੀ ਜੋ ਉਨ੍ਹਾਂ ਦੀ ਵਿਅਕਤੀਗਤ ਉਸਾਰੀ ਵਾਸਤੇ ਅਤਿਅੰਤ ਜ਼ਰੂਰੀ ਸੀ। ਅੱਜ, ਵੀਹਵੀਂ ਸਦੀ, ਲੋਕ-ਰਾਜ ਦਾ ਜੁੱਗ ਅਖਵਾਉਂਦਾ ਹੈ। ਨਵੇਂ ਸੁਤੰਤਰ ਹੋਣ ਵਾਲੇ ਦੇਸ਼ ਪੰਚਾਇਤੀ ਢਾਂਚੇ ਨੂੰ ਅਪਣਾਉਂਦੇ ਹਨ। ਚੋਣਾਂ ਦੁਆਰਾ ਆਪਣੇ ਪ੍ਰਤੀਨਿਧ ਚੁਣ ਕੇ, ਉਨ੍ਹਾਂ ਦੁਆਰਾ ਰਾਜ ਪ੍ਰਬੰਧ ਚਲਾਇਆ ਜਾਂਦਾ ਹੈ। ਸਭ ਕੁਝ ਹੁੰਦਿਆਂ ਹੋਇਆਂ ਭੀ ਲੋਕ ਸੰਤੁਸ਼ਟ ਨਹੀਂ। ਇਸ ਦਾ ਕਾਰਨ ਇਹ ਹੈ ਕਿ ਇਸ ਢਾਂਚੇ ਨੂੰ ਚਲਾਉਣ ਵਾਲੀ ਮਸ਼ੀਨਰੀ ਦਾ ਆਪਣਾ ਪੱਧਰ ਨੀਵਾਂ ਹੋਣ ਕਰ ਕੇ, ਉਹ ਲੋਕ-ਆਸ਼ੇ ਅਨੁਸਾਰ ਪੂਰਾ ਨਹੀਂ ਉਤਰਦਾ।

ਜਿਉਂ ਜਿਉਂ ਅੰਗਰੇਜ਼ ਸੀ. ਆਈ. ਡੀ. ਦਾ ਜਾਲ ਫੈਲਦਾ ਗਿਆ, ਨਾਮਧਾਰੀ ਸੰਗਤ ਨੂੰ ਵਧੇਰੇ ਚੌਕਸ ਹੋਣਾ ਪਿਆ। ਇਥੋਂ ਤੱਕ ਕਿ ਕੂਕਿਆਂ ਨੂੰ ਆਪਣਾ ਵੱਖਰਾ ਡਾਕ-ਪ੍ਰਬੰਧ ਚਲਾਉਣਾ ਪਿਆ। ਦੂਰ ਦੁਰੇਡੇ ਬੈਠੀਆਂ ਸੰਗਤਾਂ ਤੱਕ ਸੁਨੇਹੇ ਅਤੇ ਪਰੋਗਰਾਮ ਗੁਪਤ ਤਰੀਕੇ ਨਾਲ ਪੁਚਾਉਣ ਲਈ ਬਾਕਾਇਦਾ ਮਹਿਕਮਾ ਖੋਲ੍ਹ ਦਿਤਾ ਗਿਆ। ਇਸ ਮਹਿਕਮੇ ਦੀ ਨਿਗਰਾਨੀ ਹੇਠ ਹਰ ਰੋਜ਼ ਡਾਕ, ਇਕ ਥਾਂ ਤੋਂ ਦੂਜੀ ਥਾਂ, ਸਹੀ ਸਲਾਮਤ ਪੁੱਜ ਜਾਂਦੀ ਸੀ। ਸਤਿਗੁਰਾਂ ਦਾ ਸਭ ਤੋਂ ਇਤਬਾਰੀ ਬੰਦਾ, ਸੂਬਾ ਸਾਹਿਬ ਸਿੰਘ ਇਸ ਮਹਿਕਮੇ ਦਾ ਇੰਚਾਰਜ ਸੀ। ਪਿੰਡ ਪਿੰਡ ਹਰਕਾਰੇ ਨਿਯਤ ਕੀਤੇ ਗਏ, ਜੋ ਤਨਖਾਹ ਤੋਂ ਬਿਨਾਂ, ਕੇਵਲ ਸੇਵਾ ਭਾਵ ਨਾਲ ਹੀ ਕੰਮ ਕਰਦੇ ਸਨ। ਬਹੁਤੀਆਂ ਖਬਰਾਂ ਤੇ ਸੁਨੇਹੇ ਜ਼ਬਾਨੀ ਦਿਤੇ ਜਾਂਦੇ ਸਨ ਤੇ ਉਨ੍ਹਾਂ ਨੂੰ ਗੁਪਤ ਰਖਣ ਲਈ ਕਈ ਸੰਕੇਤ ਤੇ ਚਿੰਨ੍ਹ ਨਿਯਤ ਕੀਤੇ ਹੁੰਦੇ ਸਨ। ਕਈ ਵੇਰ ਹਰਕਾਰਿਆਂ ਨੂੰ ਭੀ ਉਨ੍ਹਾਂ ਚਿੰਨ੍ਹਾਂ ਦਾ ਪਤਾ ਨਾ ਹੋਣ ਕਰਕੇ, ਉਹ ਆਪ ਸਮਝ ਨਹੀਂ ਸਨ ਸਕਦੇ ਪਰੰਤੂ ਸੰਦੇਸ਼ ਜਥੇਦਾਰਾਂ ਜਾਂ ਸੂਬਿਆਂ ਨੂੰ ਪੁੱਜ ਜਾਂਦਾ ਸੀ। 'ਕੂਕਾ ਡਾਕ ਪ੍ਰਬੰਧ' ਦੇ ਕਮਾਲ ਨੂੰ ਸਮੇਂ ਦੀ ਸਰਕਾਰ ਨੇ ਭੀ ਮੰਨਿਆ ਹੈ।[4]

ਆਤਮਕ ਉੱਚਤਾ ਤੇ ਭਾਈਚਾਰਕ ਜੀਵਨ ਜਾਚ ਦੇ ਨਾਲ ਨਾਲ ਆਪ ਨੇ ਆਪਣੇ ਸੇਵਕਾਂ ਦੇ ਦਿਲਾਂ ਅੰਦਰ ਆਜ਼ਾਦੀ ਦੀ ਤੜਪ ਪੈਦਾ ਕਰ ਦਿਤੀ। ਉਨ੍ਹਾਂ ਨੂੰ ਪੱਛਮੀ ਪਰਭਾਵ ਤੋਂ ਬਚਾਉਣ ਅਤੇ ਹਿਰਦਿਆਂ ਅੰਦਰ ਦੇਸ਼ ਪਿਆਰ ਭਰਨ ਲਈ ਸਤਿਗੁਰਾਂ ਨੇ ਆਦੇਸ਼ ਦਿਤਾ ਕਿ ਬਦੇਸ਼ੀ ਸਰਕਾਰ ਦਾ ਹਰ ਪਹਿਲੂ ਤੋਂ ਬਾਈਕਾਟ ਕੀਤਾ ਜਾਵੇ। ਪੰਜਾਬ ਵਿਚ ਸਮਾਨਾਂਤਰ ਸਰਕਾਰ ਥਾਪ ਕੇ, ਹੇਠ ਲਿਖੇ ਆਸ਼ੇ ਨਾਮਧਾਰੀ ਪੰਥ ਵਿਚ ਪਰਚਲਤ ਕੀਤੇ ਜਿਸ ਨੂੰ 'ਕੂਕਿਆਂ ਦੀ ਨਾਮਿਲਵਰਤਣ ਲਹਿਰ' ਕਿਹਾ ਜਾ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

1. ਅੰਗਰੇਜ਼ੀ ਕਾਨੂੰਨ ਤੇ ਸਰਕਾਰੀ ਅਦਾਲਤਾਂ ਦਾ ਬਾਈਕਾਟ ਕੀਤਾ ਜਾਵੇ ।
2. ਸਰਕਾਰੀ ਸਕੂਲਾਂ ਦਾ ਬਾਈਕਾਟ ਕਰਦਿਆਂ ਹੋਇਆਂ ਬੱਚਿਆਂ ਦੀ ਪੜ੍ਹਾਈ ਦਾ ਆਪ ਪ੍ਰਬੰਧ ਕੀਤਾ ਜਾਵੇ ।
3. ਲਗਦੀ ਵਾਹ, ਆਵਾਜਾਈ ਦੇ ਸਰਕਾਰੀ ਵਸੀਲਿਆਂ ਦੀ ਵਰਤੋਂ ਨਾ ਕੀਤੀ ਜਾਵੇ ।
4. ਕੋਈ ਸਰਕਾਰੀ ਨੌਕਰੀ, ਸਰਕਾਰੀ ਸਹਾਇਤਾ ਜਾਂ ਇਜ਼ਤ-ਪਦ (Title) ਪਰਵਾਨ ਨਾ ਕੀਤਾ ਜਾਵੇ । (ਕਿਹਾ ਜਾਂਦਾ ਹੈ ਕਿ ਸਤਿਗੁਰ ਹਰੀ ਸਿੰਘ ਜੀ ਵੇਲੇ ਸਰਕਾਰ ਨੇ ਲੰਗਰ ਦੇ ਨਾਮ ਜਾਗੀਰ ਲਾਉਣ ਦੀ ਪੇਸ਼ਕਸ਼ ਕੀਤੀ ਜੋ ਉਨ੍ਹਾਂ ਨੇ ਇਹ ਕਹਿ ਕੇ ਠੁਕਰਾ ਦਿਤੀ ਕਿ ਇਹ ਸਾਡੇ ਅਸੂਲਾਂ ਦੇ ਉਲਟ ਹੈ ।)
5. ਸੁਦੇਸ਼ੀ ਮਾਲ ਦੀ ਵਰਤੋਂ ਕੀਤੀ ਜਾਵੇ । ਘਰ ਦੇ ਬਣੇ ਖੱਦਰ ਤੇ ਉੱਨ ਦੇ ਕਪੜੇ ਵਰਤੋਂ ਵਿਚ ਲਿਆਂਦੇ ਜਾਣ ।
6. ਨਹਿਰਾਂ ਦਾ ਪਾਣੀ ਨਾ ਵਰਤਿਆ ਜਾਵੇ ।

ਨਾਮਧਾਰੀਆਂ ਨੇ ਇਸ ਨਾਮਿਲਵਰਤਣ ਪਰੋਗਰਾਮ ਨੂੰ ਇਥੋਂ ਤੱਕ ਅਪਣਾਇਆ ਕਿ ਨਹਿਰ ਦੇ ਪਾਣੀ ਨਾਲ ਮੂੰਹ ਹੱਥ ਧੋਣਾ ਭੀ ਉਹ ਗੁਨਾਹ ਸਮਝਦੇ ਸਨ । ਨਾਮਿਲਵਰਤਣ ਦੇ ਇਨ੍ਹਾਂ ਨਿਯਮਾਂ ਨੇ ਬਦੇਸ਼ੀ ਰਾਜ ਵਿਰੁੱਧ ਘਿਰਣਾ ਭਰ ਦਿਤੀ ਤੇ ਅੰਗਰੇਜ਼, ਅਨੇਕ ਜਤਨਾਂ ਦੇ ਬਾਵਜੂਦ ਭੀ ਕੂਕਿਆਂ ਨੂੰ ਆਪਣੇ ਨਾ ਬਣਾ ਸਕਿਆ । ਇਸੇ ਨਾ-ਮਿਲਵਰਤਣ ਨੇ ਹੀ ਪੰਜਾਬੀਆਂ ਅੰਦਰ ਆਜ਼ਾਦੀ ਦੀ ਰੂਹ ਨੂੰ ਕਾਇਮ ਰਖਿਆ । ਸਤਿਗੁਰਾਂ ਦੀ ਚਲਾਈ ਹੋਈ ਇਸ ਲਹਿਰ ਨੂੰ ਆਲ ਇੰਡੀਆ ਕਾਂਗਰਸ ਨੇ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਪਚਵੰਜਾ ਸਾਲ ਬਾਅਦ, ਸੰਨ 1920 ਵਿਚ ਦੁਹਰਾਇਆ ਤੇ ਅੰਗਰੇਜ਼ੀ ਸਰਕਾਰ ਵਿਰੁੱਧ ਆਜ਼ਾਦੀ ਦਾ ਬੀੜਾ ਚੁਕਿਆ । ਕਾਂਗਰਸ ਦੀ ਅਪੀਲ ਉਤੇ ਹਜ਼ਾਰਾਂ ਨੌਜਵਾਨ ਸਰਕਾਰੀ ਕਾਲਜਾਂ ਤੋਂ ਬਾਹਰ ਆ ਗਏ । ਕੌਮੀ ਲੀਹਾਂ ਤੇ ਸਿੱਖਿਆ ਦੇਣ ਲਈ ਕਲਕੱਤਾ, ਪਟਨਾ, ਗੁਜਰਾਤ, ਕਾਂਸ਼ੀ ਅਤੇ ਹੋਰ ਸ਼ਹਿਰਾਂ ਵਿਚ ਕੌਮੀ ਕਾਲਜ ਹੋਂਦ ਵਿਚ ਆ ਗਏ । ਕੌਮੀ ਦਰਦ ਰਖਣ ਵਾਲੇ ਅਨੇਕ ਅਧਿਆਪਕ ਮੈਦਾਨ ਵਿਚ ਨਿਤਰੇ ਜਿਨ੍ਹਾਂ ਨੇ ਮਾਮੂਲੀ ਤਨਖਾਹਾਂ ਲੈ ਕੇ ਦੇਸ਼ ਸੇਵਾ ਨੂੰ ਆਪਣਾ ਉਦੇਸ਼ ਬਣਾਇਆ । ਫ਼ੌਜ ਵਿਚ ਭਰਤੀ ਬੰਦ ਹੋ ਗਈ । ਸਥਾਨਕ ਕਮੇਟੀਆਂ ਦੀਆਂ ਚੋਣਾਂ ਦਾ ਬਾਈਕਾਟ ਕਰ ਦਿਤਾ ਗਿਆ । ਉਮੀਦਵਾਰਾਂ ਨੇ ਆਪਣੇ ਨਾਮ ਵਾਪਸ ਲੈ ਲਏ, ਵੋਟਰਾਂ ਨੇ ਪਰਚੀਆਂ ਪਾਉਣ ਤੋਂ ਨਾਂਹ ਕਰ ਦਿਤੀ ਤੇ ਕਈ ਥਾੜੀਂ ਸਰਕਾਰ ਨੂੰ ਬਕਸੇ ਖਾਲੀ ਚੁਕਣੇ ਪਏ ।[5]

ਕਾਂਗਰਸ ਦੇ ਇਸ ਪਰੋਗਰਾਮ ਵਿਚ ਨਾਮਧਾਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਕਿਉਂਕਿ ਇਹ ਉਨ੍ਹਾਂ ਦੇ ਦਿਲ ਦੀ ਆਵਾਜ਼ ਸੀ । ਸਤਿਗੁਰੂ ਰਾਮ ਸਿੰਘ ਜੀ ਦੀ ਦਿਤੀ ਹੋਈ ਇਨਕਲਾਬ ਦੀ ਗੁੜ੍ਹਤੀ ਭਾਰਤ ਦੇ ਸੁਤੰਤਰਤਾ ਪਰੋਗਰਾਮ ਸਮੇਂ ਖੂਬ ਪਰਫੁਲਤ ਹੋਈ । ਨਾਮਧਾਰੀ ਸਿੱਖਾਂ ਨੇ ਹਰ ਕੌਮੀ ਲਹਿਰ ਦਾ ਸਾਥ ਦਿਤਾ ਅਤੇ



Sri Satguru Jagjit Singh Ji eLibrary NamdhariElibrary@gmail.com

ਇਨਕਲਾਬੀਆਂ ਦੇ ਨਾਲ ਮਿਲ ਕੇ ਜੇਲ੍ਹਾਂ ਕਟਦੇ ਤੇ ਮਾਰਾਂ ਖਾਂਦੇ ਰਹੇ । ਕੂਕਾ ਲਹਿਰ ਦੀਆਂ ਕੁਰਬਾਨੀਆਂ ਆਉਣ ਵਾਲੇ ਸਮੇਂ ਅੰਦਰ ਪਰੇਰਨਾ ਦਾ ਸ੍ਰੋਤ ਬਣਦੀਆਂ ਰਹੀਆਂ ਹਨ । ਗਦਰ ਲਹਿਰ ਦੀ ਉਪਜ 'ਗਦਰ-ਗੂੰਜਾਂ' ਦੀਆਂ ਕਵਿਤਾਵਾਂ ਕੂਕੇ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਉਭਾਰ ਕੇ ਪੇਸ਼ ਕਰਦੀਆਂ ਰਹੀਆਂ ਹਨ । ਭੈਣੀ ਸਾਹਿਬ, ਗੁਪਤ ਰੂਪ ਵਿਚ, ਹਰ ਸਮੇਂ, ਇਨਕਲਾਬੀਆਂ ਦਾ ਰੈਣ ਬਸੇਰਾ ਬਣਿਆ ਰਿਹਾ ਹੈ ।

1867 ਈ: ਵਿਚ ਸਤਿਗੁਰੂ ਜੀ ਨੇ ਮਾਘੀ ਦੇ ਮੇਲੇ ਤੇ ਮੁਕਤਸਰ ਜਾਣ ਦੀ ਆਗਿਆ ਮੰਗੀ । ਸਰਕਾਰ ਵਲੋਂ ਨਾਂਹ ਹੋ ਗਈ । ਹੋਲੇ ਤੇ ਭੈਣੀ ਸਾਹਿਬ ਇਕੱਠ ਕਰਨ ਦੀ ਆਗਿਆ ਮੰਗੀ, ਉਹ ਭੀ ਨਾਂਹ ਹੋ ਗਈ । ਆਪ ਨੇ ਦਲੇਰੀ ਕੀਤੀ ਤੇ ਬਿਨਾਂ ਸਰਕਾਰੀ ਆਗਿਆ ਦੇ, ਆਪਣੇ ਜੱਥੇ ਸਮੇਤ ਅਨੰਦਪੁਰ ਪਹੁੰਚਣ ਦਾ ਪਰੋਗਰਾਮ ਬਣਾ ਲਿਆ । ਆਪ ਵਲੋਂ ਇਹ ਪਹਿਲੀ ਸਰਕਾਰ ਵਿਰੁੱਧ ਹੁਕਮ-ਅਦੂਲੀ ਸੀ । ਚਾਹੀਦਾ ਤਾਂ ਸੀ ਕਿ ਸਰਕਾਰ ਉਨ੍ਹਾਂ ਨੂੰ ਜੱਥੇ ਸਮੇਤ ਗਿਰਫਤਾਰ ਕਰਦੀ, ਪਰ ਸਰਕਾਰ ਦਾ ਹੌਸਲਾ ਨਾ ਪਿਆ । ਹਾਂ, ਉਨ੍ਹਾਂ ਦੀਆਂ ਕਾਰਗੁਜ਼ਾਰੀਆਂ ਉਤੇ ਨਿਗਰਾਨੀ ਰਖਣ ਵਾਸਤੇ ਕੁਝ ਅੰਗਰੇਜ਼ ਅਫ਼ਸਰਾਂ ਦੀ ਡਿਊਟੀ ਲੱਗ ਗਈ । ਸਰਕਾਰ ਨੇ ਕੁਝ ਨਿਹੰਗ ਸਿੰਘਾਂ ਨੂੰ ਨਾਮਧਾਰੀਆਂ ਵਿਰੁੱਧ ਭੜਕਾ ਕੇ ਫ਼ਸਾਦ ਕਰਾਉਣ ਦਾ ਜਤਨ ਭੀ ਕੀਤਾ ਪਰ ਸਤਿਗੁਰਾਂ ਦੀ ਸਿਆਣਪ ਨਾਲ ਮੌਕਾ ਸੰਭਲ ਗਿਆ ।

ਇਸ ਉਪਰੰਤ ਸਰਕਾਰੀ ਸਖਤੀ ਹੋਲੀ ਹੋਲੀ ਘਟਣ ਲੱਗੀ । ਜਾਂ ਤਾਂ ਹਾਕਮਾਂ ਨੇ ਵੇਖਿਆ ਕਿ ਨਾਮਧਾਰੀਆਂ ਦਾ ਸਮਾਗਮ ਕੋਈ ਖਤਰੇ ਵਾਲੀ ਗੱਲ ਨਹੀਂ, ਜਾਂ ਫਿਰ ਉਨ੍ਹਾਂ ਨੇ ਸੋਚਿਆ ਕਿ ਨਾਮਧਾਰੀ ਆਗੂ ਸਰਕਾਰ ਦੀ ਪਰਵਾਹ ਹੀ ਨਹੀਂ ਕਰਦਾ, ਜੇ ਸਖਤੀ ਕਰਾਂਗੇ ਤਾਂ ਬੁਰੇ ਬਣਾਂਗੇ, ਸੋ ਰਹਿਣ ਹੀ ਦਿਓ । ਮੇਰੇ ਖਿਆਲ ਵਿਚ ਪਹਿਲਾ ਕਾਰਨ ਵਧੇਰੇ ਦਰੁਸਤ ਹੈ । ਸੀ. ਆਈ. ਡੀ. ਦੀਆਂ ਰਪੋਰਟਾਂ ਸਰਕਾਰ ਪਾਸ ਲਗਾਤਾਰ ਆਉਂਦੀਆਂ ਰਹਿੰਦੀਆਂ ਸਨ । ਉਸ ਦੇ ਆਧਾਰ ਤੇ ਸਰਕਾਰ ਨੇ ਕੋਈ ਸਖਤ ਕਦਮ ਚੁਕਣ ਦੀ ਲੋੜ ਨਹੀਂ ਸਮਝੀ ।

ਅਕਤੂਬਰ 1867 ਨੂੰ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਬਹੁਤ ਵੱਡਾ ਇਕੱਠ ਹੋਇਆ । ਲਗਭਗ ਦੋ ਹਜ਼ਾਰ ਸਿੰਘਾਂ ਨੇ ਅੰਮ੍ਰਿਤ ਛਕਿਆ । ਇਸ ਮੌਕੇ ਦੀ ਵਿਸ਼ੇਸ਼ ਗੱਲ ਇਹ ਹੈ ਕਿ ਨਾਮਧਾਰੀ ਪੰਥ ਵਿਚ ਇਸਤਰੀ ਪਰਚਾਰ ਦੇ ਵਿਸ਼ੇਸ਼ ਪਰਬੰਧ ਸੋਚੇ ਤੇ ਕੀਤੇ ਗਏ । ਪਿੰਡ ਵਰਿਆਂਹ ਦੀ ਬੀਬੀ ਹੁਕਮੀ ਨੂੰ ਸੂਬਾ ਥਾਪਿਆ ਗਿਆ ਤਾਂ ਜੋ ਉਹ ਇਸਤਰੀਆਂ ਨੂੰ ਜਥੇਬੰਦ ਕਰਨ ਵਿਚ ਸਹਾਈ ਹੋ ਸਕੇ । ਸਰਕਾਰੀ ਰਪੋਰਟ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ, ਲਗਪਗ ਤਿੰਨ ਹਫ਼ਤੇ ਅੰਮ੍ਰਿਤਸਰ ਠਹਿਰੇ । ਇਸ ਦੌਰਾਨ ਸ਼ਹਿਰ ਅਤੇ ਇਲਾਕੇ ਦੇ ਹਿੰਦੂ, ਮੁਸਲਮਾਨ ਤੇ ਸਿੱਖ ਰਈਸ ਆਪ ਨੂੰ ਮਿਲਣ ਆਉਂਦੇ ਰਹੇ । ਅੰਮ੍ਰਿਤਸਰ ਦਾ ਅੰਗਰੇਜ਼ ਪਾਦਰੀ ਮਿਸਟਰ ਕਲਾਰਕ ਭੀ ਆਪ ਨਾਲ ਵਿਚਾਰ ਵਟਾਂਦਰਾ ਕਰਨ ਆਇਆ ।

ਸਿੱਖ ਗੁਰੂ ਸਾਹਿਬਾਨ ਦੀ ਇਨਕਲਾਬੀ ਵਿਚਾਰਧਾਰਾ ਨੇ ਜ਼ਾਤਪਾਤ ਦੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਅਜੇਹੇ ਅਮਲੀ ਕਦਮ ਪੁੱਟੇ ਜੋ ਉਸ



Sri Satguru Jagjit Singh Ji eLibrary NamdhariElibrary@gmail.com

ਸਮੇਂ ਦੀ ਸਮਾਜਕ ਸੋਚਣੀ ਨੂੰ ਹੈਰਾਨ ਕਰਨ ਵਾਲੇ ਸਨ । ਗੁਰੂ ਨਾਨਕ ਨੇ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ।
ਨਾਨਕੁ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਕੇਵਲ ਕਿਹਾ ਹੀ ਨਹੀਂ, ਸਗੋਂ ਜੀਵਨ ਵਿਚ ਧਾਰਨ ਵੀ ਕੀਤਾ । ਉਨ੍ਹਾਂ ਦਾ ਮਲਕ ਭਾਗੋ ਨੂੰ ਛੱਡ ਕੇ ਭਾਈ ਲਾਲੋ ਵੱਲ ਜਾਣਾ, ਭਾਈ ਮਰਦਾਨੇ ਨੂੰ ਦੇਸ ਪਰਦੇਸ ਵਿਚ ਆਪਣਾ ਸਾਥੀ ਬਣਾਉਣਾ, ਇਸ ਸੋਚਣੀ ਦਾ ਪਰਤੱਖ ਚਮਤਕਾਰ ਸੀ, ਜਿਸ ਨੂੰ ਉਸ ਸਮੇਂ ਦਾ ਹਿੰਦੂ ਸਮਾਜ ਕਦਾਚਿਤ ਭੀ ਪਰਵਾਨ ਕਰਨ ਨੂੰ ਤਿਆਰ ਨਹੀਂ ਸੀ ।

ਜ਼ਾਤਪਾਤ ਨੂੰ ਮੰਨਣ ਵਾਲੇ ਕਿਸੇ ਭੀ ਵਿਅਕਤੀ ਨੂੰ ਸਤਿਗੁਰੂ ਰਾਮ ਸਿੰਘ ਦੇ ਦਰਬਾਰ ਵਿਚ ਕੋਈ ਸਥਾਨ ਨਹੀਂ ਸੀ । ਜਿਹੜੇ ਵੇਦਾਂ, ਸਿਮਰਤੀਆਂ ਦੀ ਜਕੜ ਤੋਂ ਉਪਰ ਰਹਿ ਕੇ ਸੋਚ ਸਕਦੇ ਸਨ, ਉਹੋ ਹੀ 'ਸੰਤ ਖਾਲਸਾ' ਵਿਚ ਪਰਵੇਸ਼ ਕਰ ਸਕਦੇ ਸਨ । ਜ਼ਾਤ ਪਾਤ ਦੀ ਪਕੜ ਪੇਂਡੂ, ਅਨਪੜ੍ਹ ਸਮਾਜ ਉਤੇ ਵਧੇਰੇ ਪਰਬਲ ਸੀ ਤੇ ਉਂਜ ਭੀ ਅਗਿਆਨਤਾ ਤੇ ਵਹਿਮਾਂ ਦੀ ਸ਼ਿਕਾਰ ਹੋਈ ਪੇਂਡੂ ਜਨਤਾ ਜਾਦੂ, ਟੂਣੇ, ਤਵੀਤ, ਧਾਗੇ, ਮੜ੍ਹੀ ਮਸਾਣੀ ਆਦਿ ਵਿਚ ਵਿਸ਼ਵਾਸ ਜਮਾਈ ਬੈਠੀ ਸੀ । ਸਤਿਗੁਰਾਂ ਨੇ ਵਿਸ਼ੇਸ਼ ਰੂਪ ਵਿਚ ਪਿੰਡਾਂ ਨੂੰ ਆਪਣੇ ਪਰਚਾਰ ਦਾ ਕੇਂਦਰ ਬਣਾਇਆ ਤੇ ਭੁੱਲੇ ਭਟਕੇ ਅੰਧ ਵਿਸ਼ਵਾਸੀਆਂ ਨੂੰ ਇਕ ਤਕੜਾ ਹਲੂਣਾ ਦਿਤਾ । ਸੁਚੇਤ ਹੋਈ ਪੇਂਡੂ ਲੋਕਾਈ ਨਾ ਕੇਵਲ ਮੜ੍ਹੀ ਮਸਾਣੀ ਪੂਜਣੋਂ ਹਟ ਗਈ ਸਗੋਂ ਜੋਸ਼ ਵਿਚ ਆ ਕੇ ਇਸਦੀਆਂ ਜੜ੍ਹਾਂ ਉਖੇੜਨ ਤੱਕ ਗਈ । ਆਪ ਜੀ ਦੇ ਬੁਨਿਆਦੀ ਸਮਾਜਕ ਅਸੂਲਾਂ ਬਾਰੇ ਸਰਕਾਰੀ ਰੀਕਾਰਡ ਵਿਚ ਹੇਠ ਲਿਖੀ ਲਿਖਤ ਮਿਲਦੀ ਹੈ :

"ਉਹ ਸਿੱਖਾਂ ਵਿਚੋਂ ਜ਼ਾਤਪਾਤ ਦਾ ਭੇਦ ਮਿਟਾਂਦਾ ਹੈ । ਸਭ ਜ਼ਾਤਾਂ ਵਿਚ ਪਰਸਪਰ ਖੁਲ੍ਹੀਆਂ ਵਿਆਹ ਸ਼ਾਦੀਆਂ ਦਾ ਪਰਚਾਰ ਕਰਦਾ ਹੈ । ਵਿਧਵਾ ਵਿਆਹ ਦੀ ਆਗਿਆ ਦਿੰਦਾ ਹੈ । ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਵਰਜਦਾ ਹੈ । ਪੁਰਸ਼ ਅਤੇ ਇਸਤਰੀਆਂ ਦੇ ਖੁਲ੍ਹੇ ਮੇਲ ਜੋਲ ਨੂੰ ਪਰਚਾਰਦਾ ਹੈ ਅਤੇ ਉਸ ਦੇ ਦੀਵਾਨਾਂ ਵਿਚ ਪੁਰਸ਼ ਇਸਤਰੀਆਂ ਇੱਕਠੇ ਵਿਚਰਦੇ ਹਨ । ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀਆਂ ਅਤੇ ਜਵਾਨ ਲੜਕੀਆਂ, ਉਸ ਦੇ ਪੰਥ ਵਿਚ ਸ਼ਾਮਲ ਹੋ ਚੁਕੀਆਂ ਹਨ । ਉਹ ਆਪਣੇ ਸੇਵਕਾਂ ਨੂੰ ਸੱਚ ਬੋਲਣ ਅਤੇ ਸਵੱਛ ਰਹਿਣੀ ਬਹਿਣੀ ਦਾ ਉਪਦੇਸ਼ ਕਰਦਾ ਹੈ ।"[6]

ਕਈ ਸਦੀਆਂ ਤੱਕ ਪੰਜਾਬ, ਬਾਹਰੋਂ ਆਏ ਧਾੜਵੀਆਂ ਦਾ ਰਾਹ ਬਣਿਆ ਰਿਹਾ ਤੇ ਅਜੇਹੇ ਸਮੇਂ ਸਭ ਤੋਂ ਵੱਧ ਕਸ਼ਟ ਪੰਜਾਬੀਆਂ ਨੂੰ ਹੀ ਸਹਿਣੇ ਪੈਂਦੇ ਸਨ । ਇਸਤਰੀਆਂ ਦੀ ਬੇ-ਪਤੀ ਹੁੰਦੀ ਸੀ, ਜਿਸ ਕਰਕੇ ਲੜਕੀਆਂ ਨੂੰ ਜੰਮਦਿਆਂ ਹੀ ਮਾਰਨ ਦੀ ਪਿਰਤ ਪੈ ਗਈ । ਇਸ ਬੁਰੇ ਰਿਵਾਜ ਨੂੰ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਉਪਦੇਸ਼ਾਂ ਰਾਹੀਂ ਦੂਰ ਕੀਤਾ । ਸਿੱਖ ਰਹਿਤਨਾਮਿਆਂ ਵਿਚ ਭੀ 'ਕੁੜੀਮਾਰੇ' ਨਾਲ ਵਰਤੋਂ ਵਿਹਾਰ ਦੀ ਮਨਾਹੀ ਕੀਤੀ ਗਈ ਹੈ । ਇਸਦੇ ਬਾਵਜੂਦ ਭੀ ਇਹ ਬੀਮਾਰੀ ਪੂਰੇ ਤੋਰ ਤੇ ਖਤਮ ਨਹੀਂ ਸੀ ਹੋਈ ਜਾਂ ਪਰਚਾਰ ਦੀ ਘਾਟ ਦੇ ਕਾਰਨ ਮੁੜ ਸ਼ੁਰੂ ਹੋ



Sri Satguru Jagjit Singh Ji eLibrary NamdhariElibrary@gmail.com

ਗਈ ਸੀ । ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਦਾ ਧਿਆਨ ਉਚੇਚਾ ਇਸ ਪਾਸੇ ਦਿਵਾਇਆ । ਲੜਕੀਆਂ ਦਾ ਵੇਚਣਾ, ਵੱਟੇ ਦੀ ਸ਼ਾਦੀ ਕਰਨੀ, ਜਾਂ ਪੈਸੇ ਲੈ ਕੇ ਜਵਾਨ ਲੜਕੀ ਨੂੰ ਬੁੱਢੇ-ਠੇਰੇ ਦੇ ਲੜ ਲਾ ਦੇਣਾ ਆਦਿ ਕੁਰੀਤੀਆਂ ਨੂੰ ਸਤਿਗੁਰਾਂ ਨੇ ਰੋਕਿਆ ਤੇ ਇਸਤਰੀਆਂ ਨੂੰ ਸਿੱਖ ਸਮਾਜ ਵਿਚ ਯੋਗ ਥਾਂ ਦਿਤੀ । ਪਰਦੇਸ ਵਿਚ ਬੈਠੇ ਹੋਏ ਭੀ ਆਪ ਹੁਕਮਨਾਮਿਆਂ ਰਾਹੀਂ ਸੰਗਤਾਂ ਨੂੰ ਉਪਦੇਸ਼ ਦਿੰਦੇ ਰਹਿੰਦੇ ਸਨ । ਇਕ ਹੁਕਮਨਾਮੇ ਵਿਚ ਆਪ ਜੀ ਲਿਖਦੇ ਹਨ :

"ਜੇ ਕੋਈ ਬੱਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ, ਉਸ ਦੇ ਨਾਲ ਨਹੀਂ ਬਰਤਣਾ ।"

ਇਕ ਥਾਂ ਆਪ ਲਿਖਦੇ ਹਨ :

"......ਇਕ ਹੋਰ ਭੀ ਬਾਤ ਸਭ ਨੂੰ ਸੁਣਾ ਦੇਣੀ, ਜੋ ਨਾ ਕੋਈ ਕੁੜੀ ਮਾਰੇ, ਨਾ ਵੇਚੇ, ਨਾ ਬਟਾ ਕਰੇ । ਜੋ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੈਂ ਨਾ ਬੜਨ ਦੇਣਾ ।"

ਆਪ ਨੇ ਇਸਤਰੀ ਤੇ ਪੁਰਸ਼ ਦੋਹਾਂ ਦੀ ਆਤਮਕ ਪਰਫੁਲਤਾ ਜ਼ਰੂਰੀ ਦੱਸੀ । ਇਕੋ ਪੱਧਰ ਤੇ ਲਿਆ ਕੇ ਅੰਮ੍ਰਿਤ ਛਕਾਇਆ ਤੇ ਨਾਮ ਜਪਣ ਵਲ ਲਾਇਆ । ਇਸਤਰੀਆਂ ਨੂੰ ਪੁਰਸ਼ਾਂ ਵਾਂਗ ਹੀ ਦੀਵਾਨ ਵਿਚ ਆ ਕੇ ਧਾਰਨਾ ਨਾਲ ਸ਼ਬਦ ਪੜ੍ਹਨ, ਨਿਤਨੇਮ ਕਰਨ, ਲੰਗਰ ਵਿਚ ਸੇਵਾ ਕਰਨ ਦੇ ਉਪਦੇਸ਼ ਦਿਤੇ । ਸਮਾਜਕ ਰਸਮਾਂ ਰੀਤਾਂ ਵਿਚ ਸਰਲਤਾ ਲਿਆਂਦੀ । ਦਾਜ ਦੇਣ ਲੈਣ ਅਤੇ ਹੋਰ ਬੇਲੋੜੇ ਖਰਚਾਂ ਤੋਂ ਮੁਕਤ ਕਰਾਇਆ । ਖੁਲ੍ਹੇ ਦੀਵਾਨਾਂ ਵਿਚ ਸਮੂਹ-ਵਿਆਹ ਦੀ ਰੀਤ ਤੋਰ ਕੇ ਪਰਦੇ ਤੋਂ ਛੁਟਕਾਰਾ ਕਰਾਇਆ । ਪਹਿਲੀ ਵੇਰ 4 ਜੂਨ 1863 ਈ: ਨੂੰ ਪਿੰਡ ਖੋਟੇ, ਜ਼ਿਲਾ ਫਿਰੋਜ਼ਪੁਰ ਵਿਚ ਛੇ ਜੋੜਿਆਂ ਦਾ ਇਕੋ ਸਮੇਂ ਭਰੇ ਦੀਵਾਨ ਵਿਚ ਅਨੰਦ ਕਾਰਜ ਹੋਇਆ ।

ਸਤਿਗੁਰਾਂ ਦੇ ਪਰਚਾਰ ਦੌਰਿਆਂ ਦਾ ਸਦਕਾ, ਹਜ਼ਾਰਾਂ ਦੀ ਗਿਣਤੀ ਵਿਚ ਨਵੇਂ ਕੂਕੇ ਬਣੇ । ਅੰਮ੍ਰਿਤ ਪਰਚਾਰ ਦੇ ਨਾਲ ਨਾਲ ਪ੍ਰਭੂ ਸਿਮਰਨ ਦੀ ਦਾਤ, ਉੱਚ ਸਦਾਚਾਰਕ ਜੀਵਨ, ਪੁਰਾਤਨ ਰੀਤਾਂ ਤੇ ਫਜ਼ੂਲ ਰਸਮਾਂ ਦੇ ਤਿਆਗ ਨੇ ਪੰਜਾਬ ਅੰਦਰ ਇਕ ਨਵੀਂ ਜੀਵਨ ਰੌਅ ਤੋਰ ਦਿਤੀ ਜਿਸ ਦਾ ਸੋਮਾ ਸ੍ਰੀ ਭੈਣੀ ਸਾਹਿਬ ਸੀ ਤੇ ਸ਼ਾਖਾਂ ਥਾਂ ਥਾਂ ਸਨ । ਪਿੰਡ ਪਿੰਡ ਨਾਮਧਾਰੀ ਧਰਮਸਾਲਾ ਅਤੇ ਗੁਰਦੁਆਰੇ ਬਣ ਗਏ । ਜ਼ਿਲਾ ਅੰਬਾਲਾ ਵਿਚ ਸੂਬਾ ਸੁੱਧ ਸਿੰਘ ਅਤੇ ਸੂਬਾ ਕਾਹਨ ਸਿੰਘ ਨੇ ਚੋਖਾ ਕੰਮ ਕੀਤਾ । ਇਕ ਸਰਕਾਰੀ ਰਪੋਰਟ ਅਨੁਸਾਰ, ਸਾਲ ਡੇਢ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ, ਇਸ ਜ਼ਿਲ੍ਹੇ ਦੇ ਪੰਦਰਾਂ ਪਿੰਡਾਂ ਦੇ ਸਾਰੇ ਦੇ ਸਾਰੇ ਲੋਕ ਨਾਮਧਾਰੀ ਸਜ ਗਏ ਸਨ । ਜ਼ਿਲ੍ਹਾ ਲੁਧਿਆਣਾ ਵਿਚ ਨਾਮਧਾਰੀਆਂ ਦੀ ਗਿਣਤੀ ਸਭ ਤੋਂ ਵਧੀਕ ਸੀ । ਕਈ ਪਿੰਡ ਸਮੁੱਚੇ ਤੌਰ ਤੇ ਨਾਮਧਾਰੀ ਬਣ ਗਏ ਸਨ । ਕੇਵਲ ਪੰਜਾਬ ਅੰਦਰ ਹੀ ਨਹੀਂ, ਪੰਜਾਬ ਤੋਂ ਬਾਹਰ ਭੀ ਜਿਥੇ ਜਿਥੇ ਹੋ ਸਕਿਆ ਪਰਚਾਰ ਕੇਂਦਰ ਸਥਾਪਤ ਕੀਤੇ ਗਏ । ਹੈਦਰਾਬਾਦ, ਲਖਨਊ, ਬਨਾਰਸ, ਗਵਾਲੀਅਰ, ਭੂਟਾਨ ਆਦਿ ਥਾਵਾਂ ਉਤੇ ਰਹਿਣ ਵਾਲੇ ਸਿੱਖਾਂ ਨਾਲ ਸਤਿਗੁਰਾਂ ਦਾ ਪੂਰਾ ਤਾਲ ਮੇਲ ਸੀ । ਪੰਜਾਬੋਂ ਬਾਹਰ ਰਹਿਣ



Sri Satguru Jagjit Singh Ji eLibrary NamdhariElibrary@gmail.com

ਵਾਲੇ ਸਿੱਖਾਂ ਨੂੰ ਅੰਗਰੇਜ਼ਾਂ ਵਿਰੁੱਧ ਜਥੇਬੰਦ ਕਰਨ ਅਤੇ ਅੰਗਰੇਜ਼ ਵਿਰੋਧੀ ਤਾਕਤਾਂ ਨਾਲ ਮਿੱਤਰਾਨਾ ਸੰਬੰਧ ਕਾਇਮ ਕਰਨ ਵਾਸਤੇ ਇਕ ਵੱਖਰਾ ਵਿਭਾਗ ਕਾਇਮ ਸੀ ਜਿਸਦੀ ਨਿਗਰਾਨੀ ਸੂਬਾ ਲੱਖਾ ਸਿੰਘ ਅਤੇ ਸੂਬਾ ਸਾਹਿਬ ਸਿੰਘ ਕਰਿਆ ਕਰਦੇ ਸਨ। ਕਸ਼ਮੀਰ, ਅਫਗਾਨਿਸਤਾਨ, ਨਿਪਾਲ, ਰੂਸ ਆਦਿ ਨਾਲ ਆਪ ਦੇ ਸੰਬੰਧ ਸਨ ਤੇ ਗੁਪਤ ਢੰਗ ਨਾਲ ਏਲਚੀਆਂ ਰਾਹੀਂ ਪੱਤਰ ਵਿਹਾਰ ਹੁੰਦਾ ਰਹਿੰਦਾ ਸੀ। ਮਹਾਰਾਜਾ ਕਸ਼ਮੀਰ ਨੇ ਤਾਂ ਕੂਕਿਆਂ ਦੀ ਵੱਖਰੀ ਪਲਟਣ ਖੜੀ ਕਰ ਰਖੀ ਸੀ।

ਸੰਨ 1857 ਵਿਚ ਅੰਗਰੇਜ਼ਾਂ ਦੇ ਵਿਰੁੱਧ ਰਾਜਸੀ ਅੰਦੋਲਨ ਵਿਚ ਭਾਗ ਲੈਣ ਵਾਲੇ ਕਈ ਆਗੂ ਨਾਨਾ ਸਾਹਿਬ, ਤਾਂਤੀਆ ਟੋਪੀ, ਨਵਾਬ ਅਬਦੁਲ ਮਜੀਦ ਖਾਂ, ਹਵਾਲਦਾਰ ਨੰਦ ਰਾਮ, ਕੰਵਰ ਸਿੰਘ ਆਦਿ ਹਾਰ ਖਾਣ ਤੋਂ ਪਿਛੋਂ ਗੁਆਂਢੀ ਦੇਸ਼ ਨਿਪਾਲ ਵਿਚ ਜਾ ਟਿਕੇ ਸਨ। ਇਸੇ ਤਰ੍ਹਾਂ ਪੰਜਾਬ ਵਿਚ ਸਖਤੀ ਦੇ ਦੌਰ ਸਮੇਂ ਕਈ ਕੂਕੇ ਨਿਪਾਲ ਵਿਚ ਜਾ ਕੇ ਦਿਨ ਕਟੀ ਕਰਦੇ ਸਨ। ਕਾਬਲ ਵਿਚ ਰਹਿਣ ਵਾਲਾ ਸੂਬਾ ਗੁਰਚਰਨ ਸਿੰਘ ਜੋ ਅਰਬੀ, ਫ਼ਾਰਸੀ, ਪਸ਼ਤੋ ਜਾਣਦਾ ਸੀ, ਸਤਿਗੁਰਾਂ ਦੇ ਸੰਦੇਸ਼ ਰੂਸ ਤਕ ਪਹੁੰਚਾਉਂਦਾ ਰਿਹਾ।

ਅੰਗਰੇਜ਼ ਨੂੰ ਪੰਜਾਬ ਵਿਚੋਂ ਕੱਢ ਕੇ ਨਿਰੋਲ ਪੰਜਾਬੀਆਂ ਦਾ ਰਾਜ ਸਥਾਪਤ ਕਰਨ ਦਾ ਪਰੋਗਰਾਮ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਸਮੁੱਚੇ ਪੰਜਾਬ ਨੂੰ ਤਿਆਰ ਕਰਨਾ ਸ਼ੁਰੂ ਕੀਤਾ ਅਤੇ ਗੁਆਂਢੀ ਰਾਜਾਂ ਪਾਸੋਂ ਮਿੱਤਰਤਾਈ ਮਿਲਵਰਤਣ ਪਰਾਪਤ ਕੀਤੀ। ਆਪ ਦੇ ਚਲਾਏ ਹੋਏ ਕੌਮੀ ਪਰੋਗਰਾਮ ਵਿਚ ਜੇਕਰ ਆਪ ਦੇ ਕੁਝ ਸੇਵਕ ਜੋਸ਼ ਵਿਚ ਆ ਕੇ ਕਾਹਲੀ ਨਾ ਕਰਦੇ ਤਾਂ ਹੋ ਸਕਦਾ ਸੀ ਕਿ ਇਹ ਅਦੁੱਤੀ ਸ਼ਖਸੀਅਤ ਕਿਸੇ ਦਿਨ ਨੂੰ ਸਾਰਾ ਪੰਜਾਬ ਇਕ ਮੁੱਠ ਕਰਕੇ, ਅੰਗਰੇਜ਼ ਨੂੰ ਇਕ ਵੱਡੇ ਰਾਜਸੀ ਸੰਗਰਾਮ ਲਈ ਮਜਬੂਰ ਕਰ ਦਿੰਦੀ। ਉਸ ਸੰਗਰਾਮ ਦਾ ਨਤੀਜਾ ਕੁਝ ਭੀ ਨਿਕਲ ਸਕਦਾ ਸੀ।

ਜੂਨ, ਜੁਲਾਈ 1871 ਵਿਚ ਕੁਝ ਅਜੇਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਆਧਾਰ ਨਾਮਧਾਰੀ ਵਿਚਾਰਧਾਰਾ ਦੀ ਅਟੱਲ ਦਰਿੜਤਾ ਨੂੰ ਮੰਨਿਆ ਜਾ ਸਕਦਾ ਹੈ। ਸਰਕਾਰ ਸਿਧਾਂਤਕ ਤੌਰ ਤੇ ਤਾਂ ਕਈ ਵੇਰ ਮੰਨ ਚੁਕੀ ਸੀ ਕਿ ਬੁੱਚੜਖਾਨੇ ਸ਼ਹਿਰੋਂ ਬਾਹਰ ਨਵੇਕਲੀ ਥਾਂ ਤੇ ਹੋਣਗੇ ਪਰੰਤੂ ਉਸਦੀ ਨੀਤ ਸਾਫ ਨਾ ਹੋਣ ਕਰਕੇ, ਇਸ ਉਤੇ ਅਮਲ ਨਹੀਂ ਸੀ ਹੁੰਦਾ। ਕੂਕਿਆਂ ਨੇ ਜੋਸ਼ ਵਿਚ ਆ ਕੇ ਅੰਮ੍ਰਿਤਸਰ ਅਤੇ ਰਾਇਕੋਟ ਦੇ ਸਥਾਨਾਂ ਉਤੇ ਬੁੱਚੜਵੱਢ ਕੀਤੀ। ਸਿੱਟੇ ਵਜੋਂ ਮਲੇਰਕੋਟਲੇ ਦਾ ਸਾਕਾ ਵਾਪਰਿਆ। ਛਿਆਹਠ ਨਿਹੱਥੇ ਕੂਕਿਆਂ ਨੂੰ ਬਿਨਾਂ ਮੁਕੱਦਮਾ ਚਲਾਉਣ ਦੇ, ਤੋਪਾਂ ਨਾਲ ਚੁੰਡ ਦਿਤਾ ਗਿਆ। ਇਤਨੇ ਆਦਮੀਆਂ ਨੂੰ ਬਿਨਾਂ ਕਿਸੇ ਦੋਸ਼ ਸਾਬਤ ਕਰਨ ਦੇ, ਮੌਤ ਦੇ ਘਾਟ ਉਤਾਰ ਦੇਣਾ ਇਕ ਜ਼ੁਲਮੀ ਕਾਰਾ ਸੀ ਜਿਸ ਨੂੰ ਇਤਿਹਾਸ ਕਦੇ ਮਾਫ਼ ਨਹੀਂ ਕਰ ਸਕਦਾ। ਦੋਸ਼ੀਆਂ ਉਤੇ ਮੁਕੱਦਮੇ ਚਲਾਉਣੇ ਤਾਂ ਕਿਤੇ ਰਹੇ, ਤੋਪਾਂ ਨਾਲ ਉਡਾਏ ਜਾਣ ਵਾਲਿਆਂ ਦੀਆਂ ਸੂਚੀਆਂ ਤੱਕ ਨਾ ਤਿਆਰ ਕੀਤੀਆਂ ਗਈਆਂ। ਇਸ ਜ਼ੁਲਮੀ ਕਾਰੇ ਨਾਲ ਸੰਬੰਧਤ ਅੰਗਰੇਜ਼ ਅਫਸਰ ਮਿਸਟਰ ਕਾਵਨ ਤੇ ਮਿਸਟਰ ਫੋਰਸਿਥ ਨੂੰ ਦਿਤੀ ਗਈ ਸਜ਼ਾ ਮਹਿਜ਼ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਗੱਲ



Sri Satguru Jagjit Singh Ji eLibrary NamdhariElibrary@gmail.com

ਸੀ। ਇਨ੍ਹਾਂ ਦੋਵਾਂ ਅਫ਼ਸਰਾਂ ਨੂੰ ਪੰਜਾਬੋਂ ਬਾਹਰ ਕੱਢਣਾ ਕੋਈ ਸਜ਼ਾ ਨਹੀਂ, ਸਗੋਂ ਉਨ੍ਹਾਂ ਦੀ ਜਾਨੀ-ਸੁਰੱਖਿਅਤਾ ਵਾਸਤੇ ਜ਼ਰੂਰੀ ਸੀ।

ਬੁੱਚੜਾਂ ਦੇ ਕਤਲ ਨਾਲ ਸਰਕਾਰੀ ਕਰੋਪੀ ਦਾ ਚੱਕਰ ਫਿਰ ਸ਼ੁਰੂ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਅਤੇ ਪਰਮੁਖ ਸੂਬਿਆਂ ਨੂੰ ਦੇਸ਼ ਨਿਕਾਲਾ ਮਿਲ ਗਿਆ। ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਲਈ ਗਈ। ਦੋ ਤਿੰਨ ਵੇਰ ਧਰਤੀ ਡੂੰਘੀ ਪੁੱਟ ਕੇ ਫੋਲਾ-ਫਾਲੀ ਕੀਤੀ ਗਈ ਤਾਂ ਜੋ ਹਥਿਆਰ ਜਾਂ ਕੋਈ ਹੋਰ ਵਸਤੂ ਦੱਬੀ ਹੋਈ ਮਿਲ ਜਾਵੇ। ਨਿੱਜੀ ਪਰਵਾਰ ਤੇ ਨੇੜੇ ਦੇ ਸਾਕ ਸੰਬੰਧੀਆਂ ਤੋਂ ਛੁਟ ਸਭ ਨੂੰ ਡੇਰੇ ਤੋਂ ਬਾਹਰ ਕੱਢ ਦਿਤਾ ਗਿਆ। ਉਨ੍ਹਾਂ ਵਿਚ ਕਈ ਲੋਕ ਅਜੇਹੇ ਸਨ ਜਿਨ੍ਹਾਂ ਦਾ ਕੋਈ ਘਰ ਘਾਟ ਜਾਂ ਆਸਰਾ ਨਹੀਂ ਸੀ ਤੇ ਉਹ ਪੱਕੇ ਤੌਰ ਤੇ ਇਥੇ ਟਿਕੇ ਹੋਏ ਸਨ। ਡੇਰੇ ਵਿਚ ਪੁਲਸ-ਚੌਂਕੀ ਬਿਠਾ ਦਿਤੀ ਗਈ ਜੋ ਪੰਜਾਹ ਸਾਲ ਤਕ ਰਹੀ ਤੇ ਅੰਤ ਸੰਨ 1923 ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਉਠਾਈ ਗਈ, ਉਹ ਭੀ ਤਾਂ, ਕਿ ਸਤਿਗੁਰਾਂ ਨੇ ਆਪ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਇਆ, ਨਹੀਂ ਤਾਂ ਸ਼ਾਇਦ 1947 ਤੱਕ ਉਵੇਂ ਹੀ ਬੈਠੀ ਰਹਿੰਦੀ।

ਪਿੰਡਾਂ ਵਿਚ ਨਾਮਧਾਰੀ ਧਰਮਸਾਲਾ ਬੰਦ ਕਰ ਦਿਤੀਆਂ ਗਈਆਂ। ਸਾਰੇ ਸਰਕਾਰੀ ਮਹਿਕਮਿਆਂ ਦੀ ਪੁਣ ਛਾਣ ਹੋਈ। ਜਿਸ ਕਿਸੇ ਬਾਰੇ ਭੀ, ਥੋੜ੍ਹਾ ਬਹੁਤ ਨਾਮਧਾਰੀਆਂ ਵੱਲ ਝੁਕਾਅ ਬਾਰੇ ਪਤਾ ਲੱਗਾ, ਉਸ ਨੂੰ ਤੁਰਤ ਨੌਕਰੀਉਂ ਜਵਾਬ ਦੇ ਦਿਤਾ ਗਿਆ। ਪੁਲੀਸ ਅਤੇ ਫੌਜ ਵਿਚ ਸਿੱਖਾਂ ਦੀ ਵਿਸ਼ੇਸ਼ ਰੂਪ ਵਿਚ ਛਾਣ ਬੀਣ ਹੋਈ।

ਬਹੁਤ ਸਾਰੇ ਨਾਮਧਾਰੀ ਗਿਰਫ਼ਤਾਰ ਕਰ ਲਏ ਗਏ। ਸਰਕਾਰ, ਇਨ੍ਹਾਂ ਕੈਦੀਆਂ ਉਤੇ ਖੁਲ੍ਹੇ ਤੌਰ ਤੇ ਮੁਕੱਦਮੇ ਚਲਾਉਣ ਤੋਂ ਝਿਜਕਦੀ ਸੀ ਅਤੇ ਦੂਜੇ ਪਾਸੇ ਲੋਕ-ਰਾਇ ਤੋਂ ਭੀ ਡਰਦੀ ਸੀ। ਸਰਕਾਰੀ ਰਸੂਖ ਵਰਤ ਕੇ, ਪੰਜਾਬ ਭਰ ਦੇ ਮੋਟੇ ਮੋਟੇ ਸਰਦਾਰਾਂ ਅਤੇ ਜਾਗੀਰਦਾਰਾਂ ਪਾਸੋਂ ਸਰਕਾਰੀ ਕਾਰਵਾਈ ਦੀ ਪਰੋੜਤਾ ਕਰਵਾਈ ਗਈ। ਵੱਡੇ ਵੱਡੇ ਅਖਾੜਿਆਂ ਤੇ ਡੇਰਿਆਂ ਦੇ ਮਹੰਤਾਂ ਅਤੇ ਗੁਰਦੁਆਰਿਆਂ ਦੇ ਪੁਜਾਰੀਆਂ ਨੇ ਸਰਕਾਰ-ਪ੍ਰਸਤ ਹੋਣ ਦੇ ਸਬੂਤ ਦਿਤੇ।[7] ਇਸ ਸਮੇਂ ਕੇਵਲ ਤਿੰਨ ਮਹਾਂਪੁਰਸ਼ਾਂ— ਮਹੰਤ ਅਖਾੜਾ ਬ੍ਰਹਮਬੂਟਾ ਅੰਮ੍ਰਿਤਸਰ, ਮਹੰਤ ਡੇਰਾ ਧਿਆਨਪੁਰ (ਬਟਾਲੇ ਦੇ ਨੇੜੇ) ਅਤੇ ਸੰਤ ਨਰਾਇਣ ਸਿੰਘ ਸੇਖਣ ਵਾਲਿਆਂ ਨੇ ਅੰਗਰੇਜ਼ ਦੀ ਕਾਰਵਾਈ ਉਤੇ ਕਿੰਤੂ ਕਰਨ ਦੀ ਦਲੇਰੀ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਨੂੰ ਪਹਿਲਾਂ ਸੈਂਟਰਲ ਜੇਲ੍ਹ ਰੰਗੂਨ, ਫਿਰ ਡਾਕ ਬੰਗਲੇ ਰੰਗੂਨ ਛਾਉਣੀ ਅਤੇ ਫਿਰ ਮਰਗੋਈ ਵਿਖੇ ਰਖਿਆ ਗਿਆ। ਆਪ ਦਾ ਨਿੱਜੀ ਸੇਵਕ ਭਾਈ ਨਾਨੂੰ ਸਿੰਘ, ਹਰ ਸਮੇਂ ਆਪ ਦੇ ਨਾਲ ਰਿਹਾ। ਨਜ਼ਰਬੰਦੀ ਦੌਰਾਨ ਸਰਕਾਰ ਨੇ ਕੋਈ ਮੁਲਾਕਾਤ ਜਾਂ ਚਿੱਠੀ-ਪੱਤਰ ਦੀ ਆਗਿਆ ਨਾ ਦਿਤੀ। ਸ਼ਰਧਾ ਅਧੀਨ, ਆਪ ਦੇ ਸੇਵਕ ਔਕੜਾਂ ਸਹਿੰਦੇ ਹੋਏ ਦਰਸ਼ਨਾਂ ਵਾਸਤੇ ਜਾਂਦੇ ਤੇ ਨਿਰਾਸ਼ ਵਾਪਸ ਮੁੜ ਆਉਂਦੇ। ਹਾਂ, ਗੁਪਤ ਢੰਗ ਨਾਲ ਸਮੇਂ ਸਮੇਂ ਆਪ ਦੇ ਲਿਖੇ ਹੋਏ ਹੁਕਮਨਾਮੇ ਸ੍ਰੀ ਭੈਣੀ ਸਾਹਿਬ ਪਹੁੰਚਦੇ ਰਹੇ, ਜਿਨ੍ਹਾਂ ਦੇ ਉਤਾਰੇ ਦੂਰ ਦੁਰੇਡੇ ਸੰਗਤਾਂ ਨੂੰ ਪ੍ਰਾਪਤ ਹੋ ਜਾਂਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਅਗਵਾਈ ਆਪਣੇ



Sri Satguru Jagjit Singh Ji eLibrary NamdhariElibrary@gmail.com

ਛੋਟੇ ਭਰਾ ਭਾਈ ਬੁੱਧ ਸਿੰਘ, ਜੋ ਬਾਅਦ ਵਿਚ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਨਾਲ ਜਾਣੇ ਗਏ, ਦੇ ਹੱਥਾਂ ਵਿਚ ਸੌਂਪੀ । 1875 ਵਿਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੰਗਤ ਦੇ ਨਾਮ ਪਹਿਲਾ 'ਹੁਕਮਨਾਮਾ' ਪੁੱਜਾ, ਜਿਸ ਵਿਚ ਸਤਿਗੁਰੂ ਹਰੀ ਸਿੰਘ ਜੀ ਬਾਰੇ ਲਿਖਿਆ ਹੋਇਆ ਸੀ :—

"ਇਸ ਨੂੰ ਸਿਰ ਕਰਤਾ ਜਾਨਣਾ, ਮੇਰੇ ਧੱਕੇ ਨੂੰ ਇਹ ਬਖਸ਼ ਸਕੇਗਾ, ਏਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ । ਇਸ ਦਾ ਨਾਮ ਅੱਜ ਤੋਂ ਬੁੱਧ ਸਿੰਘ ਤੋਂ ਹਰੀ ਸਿੰਘ ਹੋਇਆ, ਇਹ ਸਿੱਖੀ ਨੂੰ ਹਰਿਆ ਰਖੇਗਾ ।"

ਸਚਮੁਚ ਹੀ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਤੇ ਚਲਦਿਆਂ ਹੋਇਆਂ ਨਾਮਧਾਰੀ ਪੰਥ ਨੂੰ ਕਠਨ ਸਮੇਂ ਅੰਦਰ ਸੁਯੋਗ ਅਗਵਾਈ ਦਿਤੀ ਅਤੇ ਸਦਾ ਚੜ੍ਹਦੀਆਂ ਕਲਾਂ ਵਿਚ ਰਖਿਆ ।

## ਹਵਾਲਾ ਸੂਚੀ


1. Nagendra Nath Gupta— Indian Nationalism
2. ਸ਼ਮਸ਼ੇਰ ਸਿੰਘ ਅਸ਼ੋਕ— ਪੰਜਾਬੀ ਦੀਆਂ ਲਹਿਰਾਂ
3. ਗਿਆਨੀ ਗਿਆਨ ਸਿੰਘ— ਪੰਥ ਪ੍ਰਕਾਸ਼
4. A brief account of the Kuka Sect.
5. B. Pattabhi Sitaramayya— The Histary of the Indian National Congress.
6. Papers relating to the Kuka Sect.
7. Kuka Records.




Sri Satguru Jagjit Singh Ji eLibrary NamdhariElibrary@gmail.com

# ਸੁਤੰਤਰਤਾ ਸੰਗਰਾਮ ਵਿਚ
# ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਯੋਗਦਾਨ

**—ਦੇਵਿੰਦਰ ਸਿੰਘ ਗਿਲ (ਜੀਆ ਨੱਥਾ)**

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਦਾ ਉੱਘਾ ਤੇ ਅਨਿੱਖੜਵਾਂ ਰੋਲ ਰਿਹਾ ਹੈ। ਇਹ ਲਿਖਣਾ ਤੇ ਕਹਿਣਾ ਅਤਿਕਥਨੀ ਤੇ ਅਯੋਗ ਨਹੀਂ ਹੋਵੇਗਾ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਅਰੰਭ ਨਾਮਧਾਰੀਆਂ ਨੇ ਕੀਤਾ ਸੀ। ਚਾਹੇ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਤੋਂ ਪਹਿਲਾਂ ਭਾਈ ਮਹਾਰਾਜ ਸਿੰਘ ਅਤੇ ਬਾਬਾ ਬਿਕਰਮ ਸਿੰਘ ਬੇਦੀ ਨੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਆਵਾਜ਼ ਉਠਾਈ ਸੀ ਪਰੰਤੂ ਉਹਨਾਂ ਦੇ ਯਤਨ ਵਕਤੀ ਯਤਨ ਸਨ। ਉਹਨਾਂ ਦੇ ਅਕਾਲ ਚਲਾਣੇ ਨਾਲ ਉਹਨਾਂ ਦੇ ਯਤਨ ਵੀ ਖਤਮ ਹੋ ਗਏ ਤੇ ਬਾਕੀ ਰਹਿੰਦੀ ਕਸਰ 1857 ਦੇ ਗਦਰ ਦੀ ਅਸਫਲਤਾ ਨੇ ਪੂਰੀ ਕਰ ਦਿਤੀ ਸੀ।

ਉਸ ਸਮੇਂ ਜਦੋਂ 1857 ਈਸਵੀ ਵਿਚ ਅੰਗਰੇਜ਼ ਨੇ ਭਾਰਤੀਆਂ ਦਾ ਲੱਕ ਤੋੜ ਦਿਤਾ ਸੀ ਅਤੇ ਦੇਸ਼ ਭਗਤਾਂ ਦੇ ਹੌਂਸਲੇ ਪਸਤ ਹੋ ਗਏ ਸਨ, ਪੰਜਾਬ ਦੇ ਗੁੰਮਨਾਮ ਪਿੰਡ ਸ੍ਰੀ ਭੈਣੀ ਸਾਹਿਬ ਤੋਂ ਇਕ ਆਸ ਦੀ ਕਿਰਨ ਜਾਗੀ। ਉਹ ਆਸ ਦੀ ਕਿਰਨ ਸਤਿਗੁਰੂ ਰਾਮ ਸਿੰਘ ਜੀ ਸਨ ਜਿਨ੍ਹਾਂ ਨੇ 1857 ਈਸਵੀ ਦੀ ਵਿਸਾਖੀ ਨੂੰ "ਸੰਤ ਖਾਲਸਾ" ਦੀ ਸਾਜਨਾ ਕਰਕੇ ਹਿੰਦੋਸਤਾਨੀਆਂ ਦੀ ਕਾਇਆ ਕਲਪ ਕਰ ਦਿਤੀ। ਪੰਜਾਬੀਆਂ ਨੂੰ ਜੀਉਣ ਦਾ ਢੰਗ ਦਸਿਆ। ਸਤਿਗੁਰਾਂ ਦੇ ਪ੍ਰਚਾਰ ਨੇ ਹਿੰਦੋਸਤਾਨੀਆਂ ਦੀਆਂ ਅੱਖਾਂ ਖੋਲ੍ਹ ਦਿਤੀਆਂ। ਪੰਜਾਬੀ ਸੀਸ ਤਲੀ ਤੇ ਧਰ ਕੇ ਸ੍ਰੀ ਭੈਣੀ ਸਾਹਿਬ ਵਲ ਆਉਣ ਲਗੇ ਅਤੇ ਸ੍ਰੀ ਭੈਣੀ ਸਾਹਿਬ, ਦੇਸ਼ ਭਗਤਾਂ ਦਾ ਸਕੂਲ ਅਤੇ ਤੀਰਥ ਬਣ ਗਿਆ।

ਸਤਿਗੁਰ ਜੀ ਨੇ ਸੁਤੰਤਰਤਾ ਅੰਦੋਲਨ ਨੂੰ ਮਚਾਉਣ ਲਈ ਸਰਕਾਰ ਨਾਲ ਨਾ-ਮਿਲਵਰਤਨ ਲਹਿਰ ਚਲਾਈ। ਅੰਗਰੇਜ਼ੀ ਹਕੂਮਤ ਨੂੰ ਨੇਸਤੋ-ਨਾਬੂਦ ਕਰਨ ਲਈ ਸਰਕਾਰੀ ਅਦਾਲਤਾਂ ਦਾ ਬਾਈਕਾਟ ਕੀਤਾ ਤੇ ਸ੍ਵਦੇਸ਼ੀ ਵਸਤਾਂ ਦੇ ਪ੍ਰਯੋਗ ਉਤੇ ਜ਼ੋਰ ਦਿਤਾ। ਸਤਿਗੁਰਾਂ ਦੀ ਛੱਤਰ ਛਾਇਆ ਹੇਠ ਦੇਸ਼ ਦੀ ਆਜ਼ਾਦੀ ਖਾਤਰ



Sri Satguru Jagjit Singh Ji eLibrary NamdhariElibrary@gmail.com

ਕਸ਼ਮੀਰ, ਨਿਪਾਲ ਅਤੇ ਰੂਸ ਨਾਲ ਨਾਮਧਾਰੀਆਂ ਨੇ ਆਪਣੇ ਸੰਬੰਧ ਕਾਇਮ ਕੀਤੇ। ਸਤਿਗੁਰਾਂ ਦੇ ਪ੍ਰਚਾਰ ਸਦਕਾ ਪੰਜਾਬੀ ਲੋਕਾਈ, ਹਕੂਮਤ ਦੇ ਖਿਲਾਫ ਉਠ ਖਲੋਈ ਅਤੇ ਨਤੀਜੇ ਵਜੋਂ ਅੰਮ੍ਰਿਤਸਰ, ਰਾਇਕੋਟ ਅਤੇ ਮਲੇਰ ਕੋਟਲੇ ਦੇ ਬੁੱਚੜਖੱਧ ਦੇ ਸਾਕੇ ਸਾਹਮਣੇ ਆਏ। ਅੰਗਰੇਜ਼ ਸਰਕਾਰ ਕੰਬ ਉਠੀ ਤੇ ਦੇਸ਼ ਭਗਤੀ ਦੇ ਅੰਦੋਲਨ ਨੂੰ ਖਤਮ ਕਰਨ ਲਈ ਸਤਿਗੁਰੂ ਜੀ ਨੂੰ 1872 ਈਸਵੀ ਵਿਚ ਜਲਾਵਤਨ ਕਰ ਦਿਤਾ।

ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਬਾਅਦ ਨਾਮਧਾਰੀ ਲਹਿਰ ਉਤੇ ਅੰਗਰੇਜ਼ ਹਕੂਮਤ ਦੇ ਤਸ਼ੱਦਦ ਰੂਪੀ ਗੜੇ ਪੈਣੇ ਸ਼ੁਰੂ ਹੋ ਗਏ। ਜ਼ੁਲਮ ਤੇ ਤਸ਼ਦੱਦ ਦੀ ਮਾਰੂ ਹਨੇਰੀ ਝੁਲ ਪਈ। ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੇ ਮੁਖ ਦੁਆਰ ਅਗੇ ਪੁਲਿਸ ਚੋਕੀ ਤਾਇਨਾਤ ਕਰ ਦਿਤੀ ਗਈ। ਮੁਖਬਰ ਪੈਰ ਪੈਰ ਤੇ ਨਾਮਧਾਰੀਆਂ ਦੀਆਂ ਝੂਠੀਆਂ ਸੱਚੀਆਂ ਖਬਰਾਂ ਸਰਕਾਰ ਤਕ ਪਹੁੰਚਾਉਂਦੇ ਪਰੰਤੂ ਇੰਨੇ ਜ਼ੁਲਮ ਤੇ ਤਸ਼ਦੱਦ ਨੂੰ ਸ਼ਾਂਤਗੀ ਦੀ ਮੂਰਤ ਸਤਿਗੁਰੂ ਹਰੀ ਸਿੰਘ ਜੀ ਨੇ ਬੜੇ ਤਹੱਮਲ ਨਾਲ ਅਤੇ ਅਕਾਲ ਪੁਰਖ ਦਾ ਭਾਣਾ ਮੰਨਦਿਆਂ ਸਹਿਨ ਕੀਤਾ।

ਸਤਿਗੁਰੂ ਹਰੀ ਸਿੰਘ ਜੀ ਤੋਂ ਬਾਅਦ ਸਤਿਗੁਰ ਪ੍ਰਤਾਪ ਸਿੰਘ ਜੀ ਨੇ ਸੁਤੰਤਰਤਾ ਅੰਦੋਲਨ ਨੂੰ ਹੋਰ ਪ੍ਰਚੰਡ ਕੀਤਾ। ਸਤਿਗੁਰ ਪ੍ਰਤਾਪ ਸਿੰਘ ਜੀ ਦਾ ਸਮਾਂ ਨਾਮਧਾਰੀ ਪੰਥ ਦਾ 'ਸਵਰਨ ਯੁਗ' ਅਤੇ ਜਦੋ-ਜਹਿਦ ਦਾ ਸਮਾ ਸੀ। ਸਤਿਗੁਰਾਂ ਦੀ ਕਿਰਪਾ ਸਦਕਾ ਨਾਮਧਾਰੀ, ਅਕਾਲੀ, ਸੇਵਾ ਪੰਥੀ, ਉਦਾਸੀ ਅਤੇ ਨਿਰੰਕਾਰੀ ਇਕ ਸਟੇਜ ਤੇ ਬੈਠੇ ਸਨ। ਉਹਨਾਂ ਦੀ ਕਿਰਪਾ ਸਦਕਾ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਆਪਸੀ ਖਿਚੋਤਾਣ ਤੇ ਜਾਤੀ ਭੇਦ ਭਾਵ ਖਤਮ ਹੋਏ। ਸਤਿਗੁਰਾਂ ਦੇ ਜਤਨ ਨਾਲ ਕਾਂਗਰਸ, ਕਮਿਊਨਿਸਟ, ਅਕਾਲੀ ਅਤੇ ਹੋਰ ਰਾਜਨੀਤਕ ਪਾਰਟੀਆਂ ਇਕ ਦੂਜੇ ਦੇ ਨੇੜੇ ਆ ਕੇ ਸੁਤੰਤਰਤਾ ਅੰਦੋਲਨ ਵਿਚ ਯੋਗਦਾਨ ਪਾਉਣ ਲਗੀਆਂ ਸਨ। ਸਤਿਗੁਰਾਂ ਦੇ ਅਵਤਾਰ (1890 ਈ:) ਨਾਲ ਹੀ ਸ੍ਰੀ ਭੈਣੀ ਸਾਹਿਬ ਦੇ ਦਲਿੱਦਰ ਦੂਰ ਹੋ ਗਏ ਸਨ ਤੇ ਪੁਲਿਸ ਚੌਕੀ ਪ੍ਰਵੇਸ਼ ਦੁਆਰ ਤੋਂ ਕਾਫ਼ੀ ਬਾਹਰ ਹੋ ਗਈ ਸੀ। ਇਤਿਹਾਸ ਵਿਚ ਸ਼ਾਇਦ ਸਤਿਗੁਰ ਪ੍ਰਤਾਪ ਸਿੰਘ ਜੀ ਹੀ ਅਜਿਹੇ ਮਹਾਂ ਪੁਰਸ਼ ਹੋਏ ਹਨ ਜਿਨ੍ਹਾਂ ਨੇ ਸੁਤੰਤਰਤਾ ਅੰਦੋਲਨ ਉਗਮਦਾ ਤੇ ਫਿਰ ਵਿਗਸਦਾਂ ਅਤੇ ਫਿਰ ਭਾਰਤ ਆਜ਼ਾਦ ਹੋਏ ਨੂੰ ਤਕਿਆ ਸੀ।

## ਨਾਮਧਾਰੀਆਂ ਨੇ ਅਕਾਲੀ ਮੋਰਚਿਆਂ ਵਿਚ ਸ਼ਾਮਲ ਹੋਣਾ :

ਕਿਹੜੇ ਕਿਹੜੇ ਮੋਰਚੇ ਵਿਚ ਕਿਸ ਕਿਸ ਨਾਮਧਾਰੀ ਨੇ ਹਿੱਸਾ ਲਿਆ, ਇਹ ਵਿਸ਼ਾ ਅਜੇ ਖੋਜ ਦਾ ਮੁਥਾਜ ਹੈ।

1914 ਈਸਵੀ ਵਿਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਸਰਕਾਰ ਵਲੋਂ ਢਾਹ ਦਿਤੀ ਗਈ। ਉਸ ਸਮੇਂ ਚੀਫ਼ ਖਾਲਸਾ ਦੀਵਾਨ, ਸਿੰਘ ਸਭਾ ਆਦਿਕ ਜੀ ਹਜ਼ੂਰੀਏ ਸਿੱਖ ਘੂਕ ਨੀਂਦ ਸੁੱਤੇ ਹੋਏ ਸਨ। ਉਸ ਸਰਕਾਰੀ ਕੁਕਰਮ ਦੇ ਖਿਲਾਫ ਪਹਿਲੀ ਆਵਾਜ਼ ਉਠਾਉਣ ਵਾਲੇ ਸੰਤ ਮੰਗਲ ਸਿੰਘ ਅਰਸ਼ੀ ਫਰਿਸਤਾ ਜੀ ਸਨ। ਉਹਨਾਂ ਦੀ



Sri Satguru Jagjit Singh Ji eLibrary NamdhariElibrary@gmail.com

ਰੋਹ ਭਰੀ ਆਵਾਜ਼ ਨੇ ਅਕਾਲੀਆਂ ਨੂੰ ਝੰਜੋੜ ਕੇ ਰਖ ਦਿਤਾ ਸੀ। ਉਹਨਾਂ ਤੋਂ ਪਰੇਰਨਾ ਲੈ ਕੇ ਅਖੰਡ ਕੀਰਤਨੀ ਜੱਥੇ ਦੇ ਰੂਹੇ-ਰਵਾਂ ਭਾਈ ਰਣਧੀਰ ਸਿੰਘ ਜੀ ਨੇ ਕੰਧ ਦੀ ਉਸਾਰੀ ਲਈ ਮੋਰਚਾ ਲਗਾਇਆ। ਉਹਨਾਂ ਨਾਲ ਸਰਦੂਲ ਸਿੰਘ ਕਵੀਸ਼ਰ ਨੇ ਸਾਥ ਦਿਤਾ। ਸਰਕਾਰ ਨੇ ਸੰਤ ਮੰਗਲ ਸਿੰਘ ਜੀ[1] ਦੀ ਆਵਾਜ਼ ਬੰਦ ਕਰਨ ਲਈ ਉਹਨਾਂ ਨੂੰ ਉਹਨਾਂ ਦੇ ਪਿੰਡ ਵਿਚ ਹੀ ਨਜ਼ਰਬੰਦ ਕਰ ਦਿਤਾ ਪਰ ਸਰਕਾਰ ਆਪਣੇ ਮੰਤਵ ਵਿਚ ਕਾਮਯਾਬ ਨਾ ਹੋ ਸਕੀ। ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਦੇ ਪਰੇਰਨਾ ਸਰੋਤ ਸਤਿਗੁਰ ਪ੍ਰਤਾਪ ਸਿੰਘ ਜੀ ਸਨ। ਸਤਿਗੁਰਾਂ ਨੇ ਆਪ ਵੀ ਇਸ ਜਦੋਜਹਿਦ ਲਈ ਕਾਫ਼ੀ ਕੁਝ ਕੀਤਾ ਸੀ ਜਿਸਦੀ ਇਕ ਝਲਕ ਮਾਸਟਰ ਤਾਰਾ ਸਿੰਘ ਦੀ ਲਿਖਤ ਵਿਚੋਂ ਮਿਲਦੀ ਹੈ[2] :

''ਮੈਂ ਬਾਬਾ ਪਰਤਾਪ ਸਿੰਘ ਜੀ ਦੇ ਸੰਸਕਾਰ ਸਮੇਂ ਇਤਨੀ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ 1914 ਈਸਵੀ ਵਿਚ ਬਾਬਾ ਜੀ ਨਾਲ ਮੇਰੀ ਪਹਿਲੀ ਵਾਕਫੀ ਹੋਈ। ਜਦੋਂ ਗੁਰਦੁਆਰਾ ਰਕਾਬ ਗੰਜ ਦੀ ਕੰਧ ਢੱਠੀ-ਉਦੋਂ ਹੀ ਅਕਾਲੀ ਲਹਿਰ ਦਾ ਮੁੱਢ ਬੱਝਾ। ਅਸੀਂ, ਮੈਂ ਤੇ ਤੇਜਾ ਸਿੰਘ ਸਮੁੰਦਰੀ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਉਹਨਾਂ ਨਾਲ ਸਾਰੀ ਗੱਲਬਾਤ ਕੀਤੀ। ਉਹਨਾਂ ਨੇ ਉਸ ਸਮੇਂ ਲਾਹੌਰ ਵਿਚ ਸਾਰੀਆਂ ਸੰਗਤਾਂ ਦਾ ਇਕ ਅਜੇਹਾ ਇਕੱਠ ਕੀਤਾ ਜਿਸਦੀ ਬੜੀ ਲੋੜ ਸੀ ਤੇ ਜਿਹੜਾ ਲਾ-ਮਿਸਾਲ ਸੀ। ਬਾਬਾ ਜੀ ਉਸ ਗੱਦੀ ਦੇ ਮਾਲਕ ਸਨ ਜਿਸ ਤੇ ਬਾਬਾ ਰਾਮ ਸਿੰਘ ਜੀ ਬਿਰਾਜਮਾਨ ਸਨ। ਉਹਨਾਂ ਨੇ ਬੜੇ ਨਾਜ਼ਕ ਸਮੇਂ ਸਿੱਖ ਪੰਥ ਨੂੰ ਜਗਾਇਆ।''

ਅਜੇ ਤੱਕ ਅਕਾਲੀ ਮੋਰਚਿਆਂ ਵਿਚ ਨਾਮਧਾਰੀਆਂ ਦੀ ਸ਼ਮੂਲੀਅਤ ਬਾਰੇ ਕੋਈ ਖੋਜ ਨਹੀਂ ਹੋਈ ਹੈ ਪ੍ਰੰਤੂ ਨਾਮਧਾਰੀਆਂ ਨੇ ਅਨੇਕ ਵਾਰ ਅਕਾਲੀਆਂ ਨਾਲ ਕੁਝ ਮਤ ਭੇਦ ਹੋਣ ਦੇ ਬਾਵਜੂਦ ਉਹਨਾਂ ਦਾ ਮੋਰਚਿਆਂ ਵਿਚ ਸਾਥ ਦਿਤਾ। ਮੇਰੀ ਜਾਣਕਾਰੀ ਅਨੁਸਾਰ ਗੁਰੂ ਕੇ ਬਾਗ ਅਕਾਲੀਆਂ ਨਾਲ ਮਿਲ ਕੇ ਸੰਤ ਮਹਿਤਾਬ ਸਿੰਘ ਨਾਮਧਾਰੀ[3] ਪਿੰਡ ਸਾਹੋਵਾਲ, ਜ਼ਿਲਾ ਸਿਆਲਕੋਟ ਨੇ ਗ੍ਰਿਫਤਾਰੀ ਦਿਤੀ ਸੀ। ਨਾਮਧਾਰੀਆਂ ਦੀ ਅਕਾਲੀਆਂ ਅਤੇ ਕਾਂਗਰਸ ਨਾਲ ਇਕਮੁਠਤਾ ਵੇਖ ਕੇ ਸਰਕਾਰ ਕੰਬ ਉਠੀ ਸੀ। ਸਰਕਾਰ ਨੇ ਉਸ ਸਮੇਂ ਨਾਮਧਾਰੀਆਂ ਦੀ ਕੁਰਬਾਨੀਆਂ ਵੇਖ ਕੇ ਅਤੇ ਅਕਾਲੀਆਂ ਨਾਲੋਂ ਤੋੜਨ ਲਈ 1922 ਈਸਵੀ ਵਿਚ ਸ੍ਰੀ ਭੈਣੀ ਸਾਹਿਬ ਤੋਂ ਪੁਲੀਸ ਚੌਂਕੀ ਉਠਾ ਲਈ ਸੀ ਪ੍ਰੰਤੂ ਨਾਮਧਾਰੀ ਸਰਕਾਰ ਦੀ ਮੀਸਣੀ ਚਾਲ ਨੂੰ ਤਾੜ ਗਏ ਸਨ ਅਤੇ ਉਹ ਹੋਰ ਜ਼ਿਆਦਾ ਸਰਗਰਮੀ ਨਾਲ ਅਕਾਲੀ ਮੋਰਚਿਆਂ ਵਿਚ ਹਿੱਸਾ ਲੈਣ ਲਗੇ, ਇਸਦਾ ਜ਼ਿਕਰ ਸਰਕਾਰੀ ਕਾਗਜ਼ਾਂ ਵਿਚ ਆਇਆ ਹੈ।

ਅਕਾਲੀ ਮੋਰਚਿਆਂ ਵਿਚ ਸਭ ਤੋਂ ਕਠਿਨ ਤੇ ਸਖਤ ਮੋਰਚਾ, ਜੈਤੋ ਦਾ ਮੋਰਚਾ ਸੀ, ਜਿਸ ਵਿਚ ਅਕਾਲੀਆਂ, ਨਾਮਧਾਰੀਆਂ, ਨਿਰਮਲੇ ਸੰਤਾਂ ਅਤੇ ਕਾਂਗਰਸੀ ਪਾਰਟੀ ਨੇ ਹਿੱਸਾ ਲਿਆ ਅਤੇ ਗ੍ਰਿਫਤਾਰੀਆਂ ਦਿਤੀਆਂ ਸਨ। ਜੈਤੋ ਦਾ ਮੋਰਚਾ, ਅਕਾਲੀਆਂ ਨੇ ਨਾਭੇ ਦੇ ਮਹਾਰਾਜੇ ਦੇ ਹੱਕ ਵਿਚ ਲਗਾਇਆ ਸੀ। ਸ੍ਰੀ ਭੈਣੀ ਸਾਹਿਬ ਤੋਂ ਪੁਲੀਸ



Sri Satguru Jagjit Singh Ji eLibrary NamdhariElibrary@gmail.com

ਚੋਕੀ ਉਠਾਉਣ ਅਤੇ ਇਸ ਪਿਛੇ ਸਰਕਾਰੀ ਨੀਤੀ ਬਾਰੇ ਸਮਸ਼ੇਰ ਸਿੰਘ ਅਸ਼ੋਕ ਜੀ[4] ਇਸ ਪ੍ਰਕਾਰ ਲਿਖਦੇ ਹਨ :

"......ਸਰਕਾਰ ਅੰਗਰੇਜ਼ੀ ਨੇ ਅਕਾਲੀ ਤੇ ਕਾਂਗਰਸੀ ਆਗੂਆਂ ਦਾ ਜੁਟ ਬਣਿਆ ਦੇਖ ਕੇ ਇਸ ਸਮੇਂ ਬੜੀ ਚਲਾਕੀ ਤੋਂ ਕੰਮ ਲਿਆ, ਮਹਾਰਾਜਾ ਰਿਪੁਦਮਨ ਸਿੰਘ ਨੂੰ ਜੋ ਸੰਨ 1917 ਤੋਂ ਨਾਮਧਾਰੀਆਂ ਨਾਲ ਘੁਲ ਮਿਲ ਕੇ ਚਲਦੇ ਆ ਰਹੇ ਸਨ ਤੇ ਬਾਬਾ ਪ੍ਰਤਾਪ ਸਿੰਘ ਜੀ ਨੂੰ ਆਪਣੇ ਵਲੋਂ ਨਾਭੇ ਦੇ ਨੇੜੇ ਇਕ ਬੀੜ ਵੀ, ਉਸਦੇ ਨਾਲ ਸਬੰਧਤ ਜਾਇਦਾਦ ਸਮੇਤ ਦੇ ਚੁਕੇ ਸਨ, ਨਾਮਧਾਰੀਆਂ ਤੋਂ ਵੱਖਰੇ ਕਰਨ ਤੇ ਅਕਾਲੀਆਂ ਦੇ ਨਾਲ ਮਿਲੇ ਦਸ ਕੇ ਭੰਡਿਆ ਤੇ ਨਾਮਧਾਰੀਆਂ ਬਾਰੇ ਖਾਸ ਤੌਰ ਤੇ ਬੜੀ ਨਰਮੀ ਵਰਤੀ ਤੇ ਉਨ੍ਹਾਂ ਉਤੇ ਸਰਕਾਰ ਵਲੋਂ ਸੰਨ 1872 ਦੀ ਲਗੀ ਹੋਈ ਪਾਬੰਦੀ ਇਕ ਦਮ ਹਟਾ ਲਈ। ਲਾਟ ਸਾਹਿਬ ਦੇ ਚੀਫ ਸਕੱਤਰ ਮਿਸਟਰ ਕਰੇਕ ਨੇ ਨਾਭਾ ਦੇ ਰਾਜ ਪ੍ਰਬੰਧਕ ਮਿਸਟਰ ਉਗਲਵੀ ਨੂੰ ਤਾਕੀਦ ਕੀਤੀ ਕਿ ਉਹ ਬੀੜ ਜੋ ਮਹਾਰਾਜਾ ਨਾਭੇ ਨੇ ਨਾਮਧਾਰੀਆਂ ਨੂੰ ਦਿਤੀ ਸੀ ਉਨ੍ਹਾਂ ਤੋਂ ਨਾ ਖੋਹੇ ਤਾਂ ਕਿ ਨਾਮਧਾਰੀਏ ਅਕਾਲੀਆਂ ਦੇ ਨਾਲ ਇਸ ਐਜੀਟੇਸ਼ਨ ਵਿਚ ਸ਼ਾਮਲ ਨਾ ਹੋਣ ਪਰ ਨਾਮਧਾਰੀ ਸਰਕਾਰ ਦੀ ਇਸ ਮੀਸਣੀ ਚਾਲ ਨੂੰ ਤਾੜ ਗਏ ਤੇ ਉਹਨਾਂ ਨੇ ਆਪਣੇ ਕੁਝ ਮਤਭੇਦਾਂ ਨੂੰ ਮੁਖ ਰਖਦਿਆਂ ਹੋਇਆਂ ਵੀ ਕਈ ਤਰੀਕੇ ਵਰਤੇ । ਨਾਭਾ ਐਜੀਟੇਸ਼ਨ ਸਬੰਧੀ ਅਕਾਲੀਆਂ ਨੂੰ ਕਾਫ਼ੀ ਹਦ ਤੱਕ ਸਹਿਯੋਗ ਦਿਤਾ । ਇਥੋਂ ਤੱਕ ਕਿ ਉਹ ਕਈ ਵੇਰ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਤੋਂ ਜੈਤੋ ਨੂੰ ਜਾਂਦੇ ਸ਼ਹੀਦੀ ਜੱਥਿਆਂ ਵਿਚ ਵੀ ਸ਼ਾਮਲ ਹੁੰਦੇ ਰਹੇ, ਜਿਸ ਦੇ ਸਬੂਤ ਉਸ ਸਮੇਂ ਦੇ ਕਈ ਸਮਾਚਾਰ ਪੱਤਰਾਂ ਵਿਚੋਂ ਮਿਲਦੇ ਹਨ।"

ਲਾਟ ਸਾਹਿਬ ਦੇ ਚੀਫ਼ ਸਕੱਤਰ ਮਿਸਟਰ ਕਰੇਕ ਦੀ ਚਿੱਠੀ ਜਿਸ ਵਿਚ ਮਹਾਰਾਜਾ ਨਾਭਾ ਵਲੋਂ ਦਿਤੀ ਗਈ ਬੀੜ ਦਾ ਜ਼ਿਕਰ ਆਉਂਦਾ ਹੈ, ਵੀ ਵਾਚਣ ਯੋਗ ਹੈ। ਸਰਕਾਰ ਕਿਸੇ ਨਾ ਕਿਸੇ ਤਰ੍ਹਾਂ ਨਾਮਧਾਰੀਆਂ ਨੂੰ ਅਕਾਲੀਆਂ ਨਾਲੋਂ ਤੋੜ ਕੇ ਆਪਣੀ ਤਰਫ਼ ਕਰਨਾ ਚਾਹੁੰਦੀ ਸੀ । ਉਹ ਚਿੱਠੀ ਇਥੇ ਅੰਗਰੇਜ਼ੀ ਵਿਚ ਅੰਕਿਤ ਕੀਤੀ ਜਾ ਰਹੀ ਹੈ[5] :

Governor's Camp
Punjab
2-8-1923

My dear Ogilvie,

Reports have reached us from Amritsar that the Namdhari Sikhs have received information from Nabha that you intend to resume certain land or forest rights granted to them by the ex-Maharaja and that the Namdhari leaders are considerably perturbed at this.

Such action on your part might have the effect of



Sri Satguru Jagjit Singh Ji eLibrary NamdhariElibrary@gmail.com

throwing the Namdhari Sikhs into the arms of the Akalis over the Nabha agitation. At present the two sections are on extremely bad terms on account of the recent fracas at Tarn Taran. In the circumstances, I am desired to suggest that you should, if there be no objection, postpone action regarding the Namdhari's land in Nabha state until the Akali agitation over Nabha has somewhat subsided. The matter is not, I imagine, very urgent.

Yours Sincerely,
H. D. Craik

To,
C.M.G. Ogilvie Esq.
Administration of Nabha State,
Nabha.

ਜਦੋਂ ਸਰਕਾਰ ਨੇ ਦੇਖਿਆ ਕਿ ਨਾਭੇ ਵਾਲੀ ਬੀੜ ਦੇ ਸਵਾਲ ਤੋਂ ਪਿਛਾਂਹ ਹਟਣ ਤੇ ਵੀ ਨਾਮਧਾਰੀ, ਅਕਾਲੀਆਂ ਦਾ ਸਾਥ ਦੇ ਰਹੇ ਹਨ ਤਾਂ ਸਰਕਾਰ ਨੇ ਅਕਾਲੀਆਂ ਦੇ ਸਾਥੀ ਨਾਮਧਾਰੀਆਂ, ਨਿਰਮਲੇ ਸੰਤਾਂ ਅਤੇ ਨਿਹੰਗਾਂ ਨੂੰ ਭੰਡਣ ਲਈ ਅੰਮ੍ਰਿਤਸਰ ਵਿਚ ਸਰਕਾਰੀ ਬੰਦਿਆਂ ਨੂੰ ਨਾਮਧਾਰੀਆਂ, ਨਿਰਮਲੇ ਸੰਤਾਂ ਅਤੇ ਨਿਹੰਗਾਂ ਵਾਲੇ ਬਾਣੇ ਪਵਾ ਕੇ ਅਕਾਲੀਆਂ ਵਿਰੁੱਧ ਜਲੂਸ ਕਢਵਾਇਆ ਪਰ ਇਹ ਭੰਡੀ ਪ੍ਰਚਾਰ ਵੀ ਕੁਝ ਨਾ ਕਰ ਸਕਿਆ । ਇਸ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ ਜੀ ਲਿਖਦੇ ਹਨ[6] :

"ਚੌਥਾ ਜਤਨ ਸਰਕਾਰ ਨੇ ਅਕਾਲੀਆਂ ਨੂੰ ਸਿਕਸ਼ਤ ਦੇਣ ਲਈ ਇਹ ਕੀਤਾ ਕਿ ਕੁਝ ਨਿਰਮਲੇ, ਨਿਹੰਗ ਤੇ ਨਾਮਧਾਰੀ ਇਕੱਠੇ ਕਰਕੇ ਅਕਾਲੀ ਲਹਿਰ ਤੇ ਅਕਾਲੀ ਮੋਰਚਿਆਂ ਦੇ ਵਿਰੁੱਧ ਜਲੂਸ ਕਢਵਾਇਆ, ਜਿਸ ਵਿਚ ਸਰਕਾਰ ਨੂੰ ਇਸ ਕਰਕੇ ਨਾ-ਕਾਮਯਾਬੀ ਹੋਈ ਕਿ ਪੰਥ ਨਾਲ ਪਿਆਰ ਕਰਨ ਵਾਲੇ ਅਨੇਕ ਨਿਰਮਲੇ ਤੇ ਨਾਮਧਾਰੀ ਸੱਜਣ ਅਕਾਲੀਆਂ ਦੇ ਨਾਲ ਸ਼ਾਮਲ ਹੋ ਕੇ ਸ਼ਹੀਦੀ ਜੱਥਿਆਂ ਵਿਚ ਜਾਣ ਲਈ ਆਏ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੂਜੇ ਜੱਥੇ ਦੇ ਮੈਂਬਰਾਂ ਵਿਚੋਂ ਜੋ ਬਿਨਾਂ ਵਾਰੰਟ ਗ੍ਰਿਫਤਾਰ ਹੋਏ ਸਨ, ਪਚਵੰਜਵਾਂ ਮੈਂਬਰ ਸਰਦਾਰ ਧਰਮ ਸਿੰਘ ਨਾਮੀ ਇਕ ਨਾਮਧਾਰੀ ਸੱਜਣ ਸੀ ।"

ਸੋਹਨ ਸਿੰਘ ਜੋਸ਼ ਦੀ ਪੁਸਤਕ "ਅਕਾਲੀ ਮੋਰਚਿਆਂ ਦਾ ਇਤਿਹਾਸ"[7] ਅਨੁਸਾਰ ਜੈਤੋ ਦੇ ਮੋਰਚੇ ਵਿਚ ਲਗ ਪਗ ਬਾਰਾਂ-ਤੇਰ੍ਹਾਂ ਨਿਰਮਲੇ ਤੇ ਨਾਮਧਾਰੀ ਸੰਤਾਂ ਨੇ ਹਿਸਾ ਲਿਆ ਸੀ । ਧਰਮ ਸਿੰਘ ਨਾਮਧਾਰੀ[8] ਦਾ ਨਾਮ ਸਰਕਾਰੀ ਕਾਗ਼ਜ਼ਾਂ ਵਿਚ ਆਉਂਦਾ ਹੈ ਜੋ ਜੈਤੋਂ ਜਾਣ ਵਾਲੇ ਅਕਾਲੀਆਂ ਦੇ ਜੱਥੇ ਵਿਚ ਸ਼ਾਮਲ ਹੋਇਆ ਸੀ । ਇਸ



Sri Satguru Jagjit Singh Ji eLibrary NamdhariElibrary@gmail.com

ਤੋਂ ਬਿਨਾਂ ਸੰਤ ਬੁੱਢਾ ਸਿੰਘ ਨਾਮਧਾਰੀ[9] ਪਿੰਡ ਛੋਟੀ ਮੱਖੀ ਜ਼ਿਲ੍ਹਾ ਲਾਹੌਰ ਵਾਲੇ ਜੈਤੋ ਦੇ ਮੋਰਚੇ ਵਿਚ ਕੈਦ ਹੋਏ ਸਨ। ਸੰਤ ਊਧਮ ਸਿੰਘ ਮਰਗਿੰਦ ਪੁਰ[10] ਵਾਲਿਆਂ ਨੇ ਜੈਤੋ ਜਾ ਰਹੇ ਜਥੇ ਨੂੰ ਆਪਣੇ ਪਿੰਡ ਰਾਤ ਰਖਿਆ ਸੀ ਜਦੋਂ ਕਿ ਅਜਿਹਾ ਕਰਨਾ ਸਰਕਾਰ ਵਲੋਂ ਵਿਵਰਜਤ ਸੀ। ਨਾਮਧਾਰੀ ਦਰਬਾਰ ਨੇ ਉਸ ਸਮੇਂ ਜੈਤੋ ਦੇ ਮੋਰਚੇ ਵਿਚ ਹਿੱਸਾ ਲੈ ਰਹੇ ਅਕਾਲੀਆਂ ਦੇ ਹੱਕ ਵਿਚ ਮਤਾ ਪਾਸ ਕੀਤਾ ਸੀ ਅਤੇ ਅਕਾਲੀਆਂ ਨੂੰ ਵਧਾਈਆਂ ਦਿਤੀਆਂ ਸਨ, ਜੋ ਇਸ ਪ੍ਰਕਾਰ ਹੈ[11] :

''ਨਾਮਧਾਰੀ ਦਰਬਾਰ ਨੂੰ ਜੈਤੋ ਦੀ ਦੁਖਦਾਇਕ ਵਿਥਿਆ ਸੁਣ ਕੇ ਬੜਾ ਦੁਖ ਹੋਇਆ ਹੈ ਅਤੇ ਦਰਬਾਰ ਰਿਆਸਤੀ ਕਾਰਵਾਈ ਨੂੰ ਅਤਿ ਘ੍ਰਿਣਾ ਸਹਿਤ ਦੇਖਦਾ ਹੈ। ਇਹ ਤਾਂ ਸਾਫ ਪ੍ਰਗਟ ਸੀ ਕਿ ਅਕਾਲੀਆਂ ਦਾ ਉਦੇਸ਼ ਕੇਵਲ ਅਖੰਡ ਪਾਠ ਕਰਨ ਵਾਸਤੇ ਜਾਣਾ ਸੀ ਅਤੇ ਰਿਆਸਤ ਦੀ ਕਿਸੇ ਅਜੇਹੇ ਹੁਕਮ ਨੂੰ ਜੋ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਵਿਚ ਰੁਕਾਵਟ ਪਾਉਂਦਾ ਉਨ੍ਹਾਂ ਨੇ ਸ਼ਾਂਤਮਈ ਮੰਨਣਾ ਸੀ। ਸਰਕਾਰ ਦਾ ਕਮਿਊਨੀਕੇ ਕਹਿੰਦਾ ਹੈ ਕਿ ਪਹਿਲਾਂ ਅਕਾਲੀਆਂ ਗੋਲੀ ਚਲਾਈ ਅਤੇ ਜ਼ੋਰ ਨਾਲ ਇਸ ਨੂੰ ਜਾਰੀ ਰਖਿਆ। ਜੇ ਇਹ ਸੱਚ ਹੁੰਦਾ ਤਾਂ ਅਕਾਲੀਆਂ ਦੇ ਹਥਿਆਰ ਜ਼ਰੂਰ ਰਿਆਸਤ ਦੇ ਹੱਥ ਆਉਂਦੇ ਪਰ ਗਵਰਮੈਂਟ ਦੇ ਚਲਾਣ ਵਿਚ ਅਜੇਹਾ ਕੋਈ ਜ਼ਿਕਰ ਨਹੀਂ ਹੈ। ਨਾ ਹੀ ਰਿਆਸਤ ਦੀ ਫ਼ੌਜ ਵਿਚੋਂ ਕਿਸੇ ਦਾ ਨੁਕਸਾਨ ਹੋਇਆ। ਅਸਲ ਗੱਲ ਇਹ ਹੈ ਕਿ ਰਿਆਸਤੀ ਹਾਕਮਾਂ ਨੇ ਆਪਣੀ ਕਾਰਵਾਈ ਨੂੰ ਹਰ ਤਰ੍ਹਾਂ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ। ਅਸੈਂਬਲੀ ਦੇ ਮੈਂਬਰਾਂ ਨੂੰ ਸਟੇਸ਼ਨ ਪਰ ਉਤਰਨ ਨਹੀਂ ਦਿਤਾ ਗਿਆ। ਪ੍ਰਿੰਸੀਪਲ ਗਿਡਵਾਨੀ ਤੇ ਡਾ: ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ। ਦਵਾਈਆਂ ਤੇ ਡਾਕਟਰਾਂ ਨੂੰ ਜੋ ਜੱਥੇ ਨਾਲ ਸਨ ਗ੍ਰਿਫਤਾਰ ਕਰਕੇ ਰਿਆਸਤੀ ਹਾਕਮਾਂ ਨੇ ਹੋਰ ਵੀ ਬੇ-ਰਹਿਮੀ ਦਾ ਸਬੂਤ ਦਿਤਾ ਹੈ। ਨਾਮਧਾਰੀ ਦਰਬਾਰ ਦੀ ਸਮਿਤੀ ਵਿਚ ਇਸ ਮਾਮਲੇ ਵਿਚ ਖੁਲ੍ਹੀ ਤਹਿਕੀਕਾਤ ਤੋਂ ਬਿਨਾਂ ਤਸੱਲੀ ਨਹੀਂ ਹੋ ਸਕਦੀ ਅਤੇ ਦਰਬਾਰ ਅਕਾਲੀਆਂ ਦੇ ਸ਼ਹੀਦੀ ਜੱਥੇ ਨੂੰ ਉਸਦੀ ਬਹਾਦਰੀ ਲਈ ਵਧਾਈ ਦਿੰਦਾ ਹੈ ਅਤੇ ਅਕਾਲਪੁਰਖ ਪਾਸ ਉਨ੍ਹਾਂ ਦੀਆਂ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਵਾਸਤੇ ਅਰਦਾਸ ਕਰਦਾ ਹੈ।''

ਇਹ ਕੁਝ ਕੁ ਨਾਮਧਾਰੀਆਂ ਦੀ ਅਕਾਲੀ ਮੋਰਚਿਆਂ ਵਿਚ ਸ਼ਮੂਲੀਅਤ ਬਾਰੇ ਵਿਵਰਣ ਹੈ। ਲੋੜ ਹੈ ਕਿ ਕੋਈ ਖੋਜੀ ਵਿਦਵਾਨ ਇਸ ਪਾਸੇ ਧਿਆਨ ਦੇਵੇ ਅਤੇ ਹੋਰ ਵਧੇਰੇ ਖੋਜ ਕਰੇ। ਅਗੇ ਮੈਂ ਕਾਂਗਰਸ ਪਾਰਟੀ ਨਾਲ ਨਾਮਧਾਰੀਆਂ ਦਾ ਮਿਲ ਕੇ ਸੁਤੰਤਰਤਾ ਅੰਦੋਲਨ ਲਈ ਜਦੋਜਹਿਦ ਕਰਨ ਬਾਰੇ ਜ਼ਿਕਰ ਕਰਾਂਗਾ।

## ਨਾਮਧਾਰੀਆਂ ਦੀ ਕਾਂਗਰਸ ਪਾਰਟੀ ਨਾਲ ਮਿਲ ਕੇ ਜਦੋਜਹਿਦ :

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਜੋ ਨਾ-ਮਿਲਵਰਤਨ ਦਾ ਹਥਿਆਰ ਅੰਗਰੇਜ਼ ਸਰਕਾਰ ਵਿਰੁੱਧ ਵਰਤਿਆ, ਉਸਨੂੰ ਨਾਮਧਾਰੀਆਂ ਨੇ ਲਗਭਗ ਪੰਜਾਹ ਸਾਲ ਪਹਿਲਾਂ ਵਰਤੋਂ ਵਿਚ ਲਿਆ ਕੇ ਅੰਗਰੇਜ਼ੀ ਹਕੂਮਤ ਦਾ ਬਾਈਕਾਟ ਕਰਕੇ ਅਤੇ ਸੁਦੇਸੀ ਵਸਤਾਂ ਦਾ ਉਪਯੋਗ ਕਰਕੇ ਆਜ਼ਾਦੀ ਪ੍ਰਾਪਤੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ



Sri Satguru Jagjit Singh Ji eLibrary NamdhariElibrary@gmail.com

ਉਸ ਔਖੇ ਸਮੇਂ ਨਾਮਧਾਰੀ ਕਾਂਗਰਸ ਦੀ ਸਹਾਇਤਾ ਲਈ ਨਿਤਰੇ । ਸਭ ਨੇ ਪੰਡਤ ਜਵਾਹਰ ਲਾਲ ਨਹਿਰੂ ਜੀ ਦੀ ਪ੍ਰਧਾਨਗੀ ਸਵੀਕਾਰ ਕੀਤੀ । ਨਾਮਧਾਰੀਆਂ ਨੇ ਸਮੁਚੇ ਦਰਸ਼ਕਾਂ ਤੇ ਨੇਤਾਵਾਂ ਲਈ ਲੰਗਰ ਦਾ ਪ੍ਰਬੰਧ ਮਾਤਾ ਜੀਵਨ ਕੌਰ ਜੀ ਦੀ ਨਿਗਰਾਨੀ ਹੇਠ ਕੀਤਾ । ਸੰਤ ਧਿਆਨ ਸਿੰਘ ਜੀ ਲਾਹੌਰ ਵਾਲਿਆਂ ਨੇ ਲੰਗਰ ਲਈ ਆਟਾ ਦਿਤਾ ਅਤੇ ਤੰਬੂ ਸਰਦਾਰ ਆਤਮਾ ਸਿੰਘ ਜੀ ਨੇ ਦਿਤੇ ਸਨ । ਨਾਮਧਾਰੀਆਂ ਵਲੋਂ ਸ. ਆਤਮਾ ਸਿੰਘ, ਦਇਆ ਸਿੰਘ, ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਫਤੂਹੀ ਚਕੀਆ, ਪੰਡਤ ਬਸੰਤ ਸਿੰਘ ਜੀ, ਮਾਸਟਰ ਗੁਰਬਖਸ਼ ਸਿੰਘ, ਮਨਸ਼ਾ ਸਿੰਘ ਕੌਮੀ, ਮਨਸ਼ਾ ਸਿੰਘ ਜੀ ਨਟੇ ਵਾਲੇ, ਨਰੈਣ ਸਿੰਘ ਜੀ, ਭਾਨ ਸਿੰਘ ਜੀ, ਜੋਗ ਸਿੰਘ ਬਿਲਗਾ, ਅਣਖਾ ਸਿੰਘ ਦਾਤੇਵਾਲੀਆ, ਇੰਦਰ ਸਿੰਘ ਚਕਰਵਰਤੀ ਅਤੇ ਮਹਾਰਾਜ ਨਿਹਾਲ ਸਿੰਘ ਜੀ ਨੇ ਭਾਸ਼ਣ ਕੀਤੇ, ਕਾਂਗਰਸ ਪਾਰਟੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਚਲਣ ਦਾ ਭਰੋਸਾ ਦਿਵਾਇਆ ਤੇ ਸਮਾਗਮ ਨੂੰ ਕਾਮਯਾਬ ਕੀਤਾ । ਉਹਨਾਂ ਦਿਨਾਂ ਵਿਚ ਮਹਾਰਾਜ ਨਿਹਾਲ ਸਿੰਘ ਜੀ, ਆਲਿਮ ਜੀ ਤੇ ਚਕਰਵਰਤੀ ਜੀ ਦੀਆਂ ਕੋਸ਼ਿਸ਼ਾਂ ਦੁਆਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਨਜ਼ੂਰੀ ਨਾਲ ''ਕੂਕਾ ਕਾਂਗਰਸ ਦਲ'' ਹੋਂਦ ਵਿਚ ਆਇਆ ।[16]

17 ਫਰਵਰੀ 1939 ਈਸਵੀ ਨੂੰ ਲੁਧਿਆਣਾ ਵਿਖੇ ਸਟੇਟ ਪੀਪਲਜ਼ ਕਾਨਫਰੰਸ ਹੋਈ । ਕਾਨਫਰੰਸ ਦੇ ਜਲੂਸ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਘੋੜੇ ਦਿਤੇ ਸਨ । ਬਾਅਦ ਵਿਚ ਸਤਿਗੁਰਾਂ ਨੇ ਆਪਣੀ ਕਾਰ ਵਿਚ ਪੰਡਤ ਨਹਿਰੂ ਅਤੇ ਡਾਕਟਰ ਪਟਾ ਭੀ ਸੀਤਾ ਰਾਮਯਾ ਨੂੰ ਬਿਠਾਇਆ ਅਤੇ ਅਗਲੇ ਦਿਨ ਸਾਰੇ ਰਾਜਸੀ ਨੇਤਾਵਾਂ ਨੂੰ ਸ੍ਰੀ ਭੈਣੀ ਸਾਹਿਬ ਆਉਣ ਲਈ ਬੁਲਾਵਾ ਦਿਤਾ । ਸਤਿਗੁਰਾਂ ਨੇ ਪੰਡਤ ਜੀ ਤੇ ਹੋਰ ਨੇਤਾਵਾਂ ਨੂੰ ਮਲੇਰ ਕੋਟਲਾ ਤੇ ਹੋਰ ਸ਼ਹੀਦੀ ਸਾਕਿਆਂ ਦੀਆਂ ਤਸਵੀਰਾਂ ਵਿਖਾਈਆਂ ਜਿਨ੍ਹਾਂ ਨੂੰ ਵੇਖ ਕੇ ਰਾਜਸੀ ਨੇਤਾਵਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ ।

ਸੁਤੰਤਰਤਾ ਅੰਦੋਲਨ ਦੀ ਜਦੋਜਹਿਦ ਵਿਚ ਨਾਮਧਾਰੀ ਸਮਾਚਾਰ ਪੱਤਰਾਂ ਨੇ ਵੀ ਭਰਪੂਰ ਯੋਗਦਾਨ ਪਾਇਆ । ਪੰਥ ਨੇ 26 ਮਈ 1920 ਈਸਵੀ ਨੂੰ ਸਪਤਾਹਿਕ 'ਸਤਿਜੁਗ' ਦਾ ਪਹਿਲਾ ਪਰਚਾ ਨਿਰੰਕਾਰ ਸਿੰਘ ਚੇਤਨ ਦੀ ਸੰਪਾਦਨਾ ਹੇਠ ਲਾਹੌਰ ਤੋਂ ਪ੍ਰਕਾਸ਼ਤ ਕੀਤਾ ਸੀ । ਇਸ ਰਾਹੀਂ ਆਜ਼ਾਦੀ ਦੀ ਪ੍ਰਾਪਤੀ ਲਈ ਪ੍ਰਚਾਰ ਕੀਤਾ ਜਾਂਦਾ ਜਿਸ ਕਾਰਨ ਇਸਦੀ ਕਈ ਵਾਰ ਜ਼ਮਾਨਤ ਜ਼ਬਤ ਹੋ ਜਾਂਦੀ ਸੀ । ਇਸ ਵਿਚ, ਉਹਨੀਂ ਦਿਨੀਂ ਬੜੇ ਧੜੱਲੇਦਾਰ ਲੇਖ ਪ੍ਰਕਾਸ਼ਤ ਹੁੰਦੇ । ਉਦਾਹਰਣ ਵਜੋਂ ਕੁਝ ਹੈਡਿੰਗ ਦਿਤੇ ਜਾ ਰਹੇ ਹਨ, ਜੋ ਲੇਖਾਂ ਦੇ ਰੂਪ ਵਿਚ ਪ੍ਰਕਾਸ਼ਤ ਹੋਏ ਸਨ[17] : ਖਾਲਸਾ ਪੰਥ ਦੇ ਬੁੱਕਲਾਂ ਦੇ ਸੱਪ (30 ਵੈਸਾਖ 1995), ਸਮਾਚਾਰੀ ਵੈਣ (16 ਸਾਵਣ 1998), ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨਾਲ ਜੱਫੇ (7 ਫਗਣ 1987), ਨਾਲੇ ਚੋਰ ਨਾਲੇ ਚਤਰ (23 ਅਸੂ 1993 ਬਿਕਰਮੀ) ਆਦਿਕ । ਅਜੇਹੇ ਲੇਖਾਂ ਕਾਰਨ ਸਤਿਜੁਗ ਅਖਬਾਰ, ਫੌਜੀਆਂ ਨੂੰ ਪੜ੍ਹਨ ਦੀ ਮਨਾਹੀ ਸੀ ਅਤੇ ਨਾ ਹੀ ਇਹ ਸਪਤਾਹਿਕ ਫੌਜਾਂ ਵਿਚ ਜਾਣ ਦਿਤਾ ਜਾਂਦਾ । ਸੋਹਨ ਸਿੰਘ ਜੋਸ਼ ਜੀ ਦੀ ਪੁਸਤਕ ''ਅਕਾਲੀ ਮੋਰਚਿਆਂ ਦਾ



Sri Satguru Jagjit Singh Ji eLibrary NamdhariElibrary@gmail.com

ਇਤਿਹਾਸ'' ਅਨੁਸਾਰ ਹੇਠ ਲਿਖੇ ਅਖਬਾਰ ਫੌਜੀਆਂ ਲਈ ਨਾ-ਪੜ੍ਹਨ ਯੋਗ ਕਰਾਰ ਦਿਤੇ ਸਨ :

1. ਪੰਜਾਬ ਦਰਪਨ 2. ਪ੍ਰੀਤਮ ਸਾਹਿਤਕ (ਗੈਰ ਰਾਜਸੀ ਅਕਾਲੀ ਪੱਖੀ ਮਾਸਿਕ)

3. ਰਾਮਗੜ੍ਹੀਆ ਗਜ਼ਟ 4. ਸਤਿਜੁਗ 5. ਸ਼ੇਰੇ ਪੰਜਾਬ 6. ਉਪਦੇਸ਼ਕ।

ਧੜਲੇਦਾਰ ਲੇਖ ਲਿਖਣ ਕਾਰਨ ਸਤਿਜੁਗ ਅਖਬਾਰ ਤੇ ਸਖਤੀਆਂ ਦਾ ਦੌਰ ਸ਼ੁਰੂ ਹੋਇਆ ਜਿਸ ਕਾਰਨ ਫਿਰ "ਕੂਕਾ" ਰੋਜ਼ਾਨਾ ਅਖਬਾਰ ਸ਼ੁਰੂ ਕੀਤੀ ਗਈ ਪਰ ਇਹ ਡੇਢ ਕੁ ਸਾਲ ਚਲੀ, ਇਸ ਤੋਂ ਬਾਅਦ ਇਸਦਾ ਨਾਮ "ਮਸਤਾਨਾ" ਰਖ ਕੇ ਰਾਮ ਹਰੀ ਪ੍ਰੈੱਸ ਤੋਂ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ[18]।

ਸ੍ਰੀ ਭੈਣੀ ਸਾਹਿਬ, ਰੂਪੋਸ਼ ਹੋਏ ਅਨੇਕ ਦੇਸ਼ ਭਗਤਾਂ ਲਈ ਪਨਾਹਗਾਰ ਸੀ। ਕਮਿਊਨਿਸਟ ਪਾਰਟੀ ਦੇ ਨੇਤਾ ਸ. ਤੇਜਾ ਸਿੰਘ ਸਵਤੰਤਰ ਅਤੇ ਸੋਹਨ ਸਿੰਘ ਜੋਸ਼ ਕਾਫੀ ਸਮਾਂ ਅੰਗਰੇਜ਼ ਰਾਜ ਸਮੇਂ ਰੂਪੋਸ਼ ਰਹੇ, ਉਸ ਸਮੇਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਪਨਾਹ ਅਤੇ ਸਹਾਇਤਾ ਲੈਂਦੇ ਰਹੇ ਸਨ। ਲੋਕ ਸੰਪਰਕ ਵਿਭਾਗ ਪੰਜਾਬ ਦੇ ਸਾਬਕਾ ਡਾਇਰੈਕਟਰ ਸ੍ਰੀ ਰਾਜਿੰਦਰ ਲਾਲ[19] ਅੰਗਰੇਜ਼ੀ ਰਾਜ ਸਮੇਂ ਸਰਕਾਰ ਦੇ ਖਿਲਾਫ਼ ਪ੍ਰਚਾਰ ਕਰਨ ਕਾਰਨ ਲੁਕ ਛਿਪ ਕੇ ਰਹਿੰਦੇ ਸਨ। ਉਸ ਸਮੇਂ ਉਹਨਾਂ ਨੇ ਕੁਝ ਸਮਾਂ ਸਤਿਗੁਰਾਂ ਕੋਲ ਬਤੀਤ ਕੀਤਾ ਸੀ। ਬਾਬਾ ਗੁਰਦਿਤ ਸਿੰਘ ਕਾਮਾਗਾਟਾ-ਮਾਰੂ ਜਹਾਜ਼ ਵਾਲਿਆਂ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਘਨਿਸ਼ਟ ਸਬੰਧ ਸਨ। ਪ੍ਰਸਿਧ ਦੇਸ਼ ਭਗਤ ਤੇ ਨਾਮਵਰ ਸ਼ਹੀਦ ਭਗਤ ਸਿੰਘ ਜਿਨ੍ਹਾਂ ਨੇ ਅੰਗਰੇਜ਼ੀ ਰਾਜ ਸਮੇਂ ਅਸੈਂਬਲੀ ਵਿਚ ਬੰਬ ਸੁਟਿਆ ਸੀ, ਵੀ ਨਾਮਧਾਰੀ ਇਤਿਹਾਸ ਤੋਂ ਪ੍ਰਭਾਵਤ ਹੋਇਆ ਅਤੇ ਦੇਸ਼ ਭਗਤੀ ਦੀ ਪਰੇਰਨਾ ਉਸਨੇ ਨਾਮਧਾਰੀ ਇਤਿਹਾਸ ਤੋਂ ਲਈ ਸੀ। ਨਾਮਧਾਰੀ ਇਤਿਹਾਸ ਸੰਬੰਧੀ ਉਸਨੇ ਦੋ ਬੜੇ ਅੱਛੇ ਲੇਖ ਲਿਖੇ ਸਨ।[20] ਨੇਤਾ ਸੁਭਾਸ਼ ਚੰਦਰ ਬੋਸ ਨੇ ਵੀ ਨਾਮਧਾਰੀ ਕੁਰਬਾਨੀਆਂ ਤੋਂ ਪਰੇਰਨਾ ਲਈ ਸੀ। ਆਜ਼ਾਦ ਹਿੰਦ ਫੌਜ ਦਾ ਜੋ ਕੇਂਦਰ ਥਾਈਲੈਂਡ ਦੀ ਰਾਜਧਾਨੀ ਬੈਂਕੋਕ ਵਿਚ ਸੀ, ਉਥੇ ਸੰਤ ਫੂਲਾ ਸਿੰਘ ਜੀ ਨਾਮਧਾਰੀਏ ਦੇ ਸੁਯੋਗ ਸਪੁਤਰ ਸੇਠ ਗੁਰਬਖ਼ਸ਼ ਸਿੰਘ 'ਪ੍ਰੀਤਮ' ਨੇ ਸਫਲਾਈ ਸੈਕਟਰੀ ਦੀ ਸੇਵਾ ਸੰਭਾਲੀ ਹੋਈ ਸੀ। ਉਸ ਪ੍ਰਵਾਰ ਦੇ ਨੇਤਾ ਜੀ ਨਾਲ ਗੂੜੇ ਸੰਬੰਧ ਸਨ। ਉਸ ਪ੍ਰਵਾਰ ਦੇ ਚੋਥੇ ਥਾਂ ਛੋਟੇ ਭਾਈ ਸੇਠ ਤ੍ਰਲੋਕ ਸਿੰਘ ਜੀ, ਨੇਤਾ ਜੀ ਸੁਭਾਸ਼ ਚੰਦਰ ਦੀ ਕਾਰ ਦੀ ਡਰਾਇਵਰੀ ਦੀ ਸੇਵਾ ਕਰਦੇ ਰਹੇ ਸਨ।

ਰਤਨ ਸਿੰਘ ਬੱਬਰ ਵੀ ਪ੍ਰਸਿਧ ਦੇਸ਼ ਭਗਤ ਹੋਇਆ ਹੈ ਜੋ ਅੰਡੇਮਾਨ ਦੀ ਜੇਲ੍ਹ ਤੋਂ ਅੰਗਰੇਜ਼ ਕਰਮਚਾਰੀਆਂ ਦੀ ਅੱਖੀਂ ਘੱਟਾ ਪਾ ਕੇ ਹਿੰਦੋਸਤਾਨ ਆ ਗਿਆ ਸੀ। ਉਹ ਕਲਕੱਤੇ ਪਕੜਿਆ ਗਿਆ ਤੇ ਜਦੋਂ ਉਸਨੂੰ ਪੰਜਾਬ ਲਿਆਂਦਾ ਜਾ ਰਿਹਾ ਸੀ ਤਾਂ ਜੀਂਦ ਆ ਕੇ ਉਹ ਫਿਰ ਫਰਾਰ ਹੋ ਗਿਆ। ਪੰਜਾਬ ਦੀ ਪੁਲੀਸ ਉਸਦਾ ਪਿੱਛਾ ਕਰ ਰਹੀ ਸੀ। ਉਸ ਔਖੇ ਸਮੇਂ ਉਹ ਸ੍ਰੀ ਭੈਣੀ ਸਾਹਿਬ ਆਇਆ ਤੇ ਗੁਰੂ ਕੇ ਲੰਗਰ 'ਚੋਂ ਛੇਤੀ ਛੇਤੀ ਪ੍ਰਸ਼ਾਦਾ ਛੱਕ ਕੇ ਅਗੇ ਨਿਕਲ ਗਿਆ। ਬਾਬਾ ਸੋਹਨ ਸਿੰਘ ਭਕਨਾ ਜੀ ਨੂੰ ਦੇਸ਼ ਭਗਤੀ ਦੀ ਚੇਟਕ ਸੰਤ ਕੇਸਰ ਸਿੰਘ ਮੁਹਾਵੇ

ਵਾਲਿਆਂ ਤੋਂ ਲਗੀ ਸੀ ਜਿਸ ਬਾਰੇ ਉਹ ਆਪਣੀ ਲਿਖਤ "ਮੇਰੀ ਜੀਵਨ ਕਹਾਣੀ" ਵਿਚ ਜ਼ਿਕਰ ਇਸ ਪ੍ਰਕਾਰ ਕਰਦੇ ਹਨ[31] :

"ਸੱਟ ਲਗੇ ਮਨ ਨੇ ਕੋਈ ਆਸਰਾ ਭਾਲਣਾ ਸ਼ੁਰੂ ਕੀਤਾ । ਸਾਡੇ ਗੁਆਂਢ ਪਿੰਡ ਮੁਹਾਂਵੇ ਇਕ ਮਹਾਂ ਪੁਰਸ਼ 'ਬਾਬਾ ਕੇਸਰ' ਨਾਂ ਦੇ ਰਹਿੰਦੇ ਸਨ—ਹੈ ਸਨ ਤਾਂ ਇਹ ਨਾਮਧਾਰੀ ਗੁਰੂ ਮਹਾਰਾਜ ਰਾਮ ਸਿੰਘ ਜੀ ਦੇ ਸ਼ਰਧਾਲੂ ਪਰ ਬੜੇ ਖੁਲ੍ਹੇ ਖਿਆਲ, ਫਿਰਕੇਬੰਦੀ ਤੇ ਅੰਨ੍ਹੀ ਧਰਮ ਭਗਤੀ ਤੋਂ ਉੱਚੇ, ਛੂਤ ਛਾਤ ਤੋਂ ਰਹਿਤ ਤੇ ਮਨੁੱਖ ਮਾਤਰ ਨੂੰ ਪਿਆਰ ਕਰਨ ਵਾਲੇ ਗੁਰਮੁਖ ਸਨ ।...ਇਹਨਾਂ ਤੋਂ ਮੈਨੂੰ ਲੋਕ-ਸੇਵਕ ਬਣਨ ਦੀ ਚੇਟਕ ਲਗੀ ਜੋ ਅਗਲਿਆਂ ਸਾਲਾਂ ਵਿਚ ਇਸ਼ਕ ਦੀ ਹੱਦ ਤੱਕ ਪੁਜ ਗਈ ।"

ਇਸੇ ਤਰ੍ਹਾਂ ਆਜ਼ਾਦ ਹਿੰਦ ਫ਼ੌਜ ਦੇ ਫ਼ੌਜੀ ਜੋ ਕੋਰਟ ਮਾਰਸ਼ਲ ਦੇ ਅਧੀਨ ਦੋਸ਼ੀ ਪਾਏ ਗਏ ਸਨ, ਉਹਨਾਂ ਦੇ ਮੁਕੱਦਮੇ ਦੀ ਸੁਣਵਾਈ, ਲਾਲ ਕਿਲ੍ਹਾ ਦਿੱਲੀ ਵਿਚ ਹੋਈ ਸੀ । ਬਰੀ ਹੋਣ ਵਾਲਿਆਂ ਵਿਚੋਂ ਸਭ ਤੋਂ ਪਹਿਲਾਂ ਕਰਨਲ ਸਹਿਗਲ, ਕੈਪਟਨ ਢਿਲੋਂ, ਲੈ. ਜਨਰਲ ਸ਼ਾਹ ਨਿਵਾਜ਼ ਬਰੀ ਹੋਣ ਵਾਲੇ ਤਿੰਨ ਪੰਜਾਬੀ ਸਨ । ਪੰਜਾਬ ਆਉਣ ਤੇ ਇਹਨਾਂ ਦਾ ਭਾਰੀ ਸਵਾਗਤ ਹੋਇਆ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਲਾਹੌਰ ਵਿਖੇ ਆਪਣੀ ਕੋਠੀ ਬੁਲਾ ਕੇ ਸਨਮਾਨਿਤ ਕੀਤਾ ਸੀ ।

ਦੂਜੀ ਸੰਸਾਰ ਜੰਗ ਦੇ ਦੌਰਾਨ ਇਕ ਵਾਰ ਫਿਰ ਅੰਗਰੇਜ਼ ਸਰਕਾਰ ਨੇ ਨਾਮ-ਧਾਰੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਅਤੇ ਜਾਗੀਰਾਂ ਆਦਿਕ ਦੇ ਲਾਲਚ ਦੇ ਕੇ ਜੰਗ ਵਿਚ ਨਾਮਧਾਰੀਆਂ ਦੀ ਮਦਦ ਲੈਣੀ ਚਾਹੀ ਪਰ ਸਤਿਗੁਰਾਂ ਨੇ ਸਰਕਾਰ ਦੀ ਪੇਸ਼ਕਸ਼ ਠੁਕਰਾ ਦਿਤੀ । 1957 ਈਸਵੀ ਦੇ ਪ੍ਰਯੋਗ ਦੇ ਮੇਲੇ ਹਰੀ ਮੰਦਰ ਵਿਖੇ ਇਸ ਤੱਥ ਬਾਰੇ ਆਪ ਜੀ ਨੇ ਬਚਨ ਕਰਦਿਆਂ ਆਖਿਆ ਸੀ : "ਦੂਜੀ ਲੜਾਈ ਵਿਚ ਲੁਧਿਆਣੇ ਦਾ ਡੀ. ਸੀ. ਮੇਰੇ ਕੋਲ ਆਇਆ ਤੇ ਉਸ ਮੈਨੂੰ ਕਿਹਾ, ਮਹਾਰਾਜ ਤੁਸੀਂ ਭਰਤੀ ਦੇ ਹੱਕ ਵਿਚ ਦੋ ਲਫ਼ਜ਼ ਲਿਖ ਦਿਓ ਤਾਂ ਜੋ ਵੀ ਤੁਸੀਂ ਮੰਗੋ ਮੈਂ ਜ਼ਮੀਨਾਂ, ਜਾਗੀਰਾਂ ਤੇ ਮੰਗੀਆਂ ਮੁਰਾਦਾਂ ਲੈ ਦਿਆਂਗਾ ।" ਮੈਂ ਉਸ ਨੂੰ ਉੱਤਰ ਦਿਤਾ—"ਸਾਡੀ ਤੁਹਾਡੀ ਪੁਰਾਣੀ ਟੱਕਰ ਹੈ, ਤੁਸਾਂ ਭੈਣੀ ਸਾਹਿਬ ਦਾ ਉਹ ਅਪਮਾਨ ਕੀਤਾ ਹੈ ਜਿਸਨੂੰ ਆਉਣ ਵਾਲੀ ਨਸਲ ਕਦੇ ਮੁਆਫ਼ ਨਹੀਂ ਕਰੇਗੀ । ਦੂਸਰਾ ਇਸ ਦੇਸ਼ ਦੀ ਦੌਲਤ ਨੂੰ ਨਾਜਾਇਜ਼ ਲੜਾਈਆਂ ਵਿਚ ਜ਼ਾਇਆ ਕਰ ਰਹੇ ਹੋ ਤਾਂ ਤੁਸੀਂ ਸਾਥੋਂ ਕੀ ਉਮੀਦ ਕਰਦੇ ਹੋ ਕਿ ਅਸੀਂ ਆਪ ਦੀ ਇਮਦਾਦ ਕਰੀਏ । ਤੁਹਾਡੀਆਂ ਜਾਗੀਰਾਂ ਨੂੰ ਮੈਂ ਹੇਚ ਸਮਝਦਾ ਹਾਂ ।"

ਸਤਿਗੁਰੂ ਜੀ ਦੀ ਦੇਸ਼ ਭਗਤੀ ਬਾਰੇ ਸ: ਗੁਰਬਖਸ਼ ਸਿੰਘ ਜੀ ਨੇ ਰਸਾਲਾ 'ਪ੍ਰੀਤ ਲੜੀ' ਦੇ ਸਤੰਬਰ *1959* ਦੇ ਅੰਕ ਵਿਚ ਲਿਖਿਆ ਸੀ : "ਮਹਾਰਾਜ ਪ੍ਰਤਾਪ ਸਿੰਘ ਦੇਸ ਵੱਡੀ ਸਿਫ਼ਤ ਵਿਚ ਲਗਭਗ ਲਾਸਾਨੀ ਗਿਣੇ ਜਾਣਗੇ ਕਿ ਉਹਨਾਂ ਨੇ ਆਪਣੀ ਧਾਰਮਿਕ ਸੰਸਥਾ ਨੂੰ ਹਮੇਸ਼ਾ ਸਾਮਰਾਜ ਦਾ ਵਿਰੋਧੀ ਰਖਿਆ । ਕੀ ਸਾਡੇ ਤੇ ਕੀ ਹੋਰ ਦੇਸ਼ਾਂ ਵਿਚ ਧਾਰਮਕ ਸੰਸਥਾਵਾਂ ਆਮ ਕਰਕੇ ਸਰਕਾਰ ਪੱਖੀ ਹੀ ਹੁੰਦੀਆਂ ਹਨ । ਸਾਡੇ ਦੇਸ਼ ਵਿਚ ਮਿਰਜ਼ਈ ਜਮਾਤ, ਰਾਧਾ ਸਵਾਮੀ, ਦੇਵ ਸਮਾਜ, ਚੀਫ਼ ਖ਼ਾਲਸਾ



Sri Satguru Jagjit Singh Ji eLibrary NamdhariElibrary@gmail.com

ਦੀਵਾਨ ਆਦਿ ਆਜ਼ਾਦੀ ਦੇ ਸੰਗ੍ਰਾਮ ਤੋਂ ਨਾ ਸਿਰਫ਼ ਅੱਡ ਹੀ ਰਹੇ ਹਨ ਸਗੋਂ ਪਰਦੇਸੀ ਸਰਕਾਰ ਦੀਆਂ ਪਿੱਠੂ ਬਣੇ ਰਹੇ ਹਨ । ਪਰ ਨਾਮਧਾਰੀ ਕੱਟੜ ਧਰਮੀ ਹੁੰਦਿਆਂ ਹੋਇਆਂ ਵੀ ਸਰਕਾਰ ਤੋਂ ਬਾਗੀ ਰਹੇ ਹਨ । ਇਹਨਾਂ ਨੇ ਬੜੀਆਂ ਕੁਰਬਾਨੀਆਂ ਦਿਤੀਆਂ, ਹਰ ਕੌਮੀ ਅੰਦੋਲਨ ਵਿਚ ਹਿੱਸਾ ਪਾਇਆ ।"

ਸਤਿਗੁਰਾਂ ਦੀ ਅਪਾਰ ਕਿਰਪਾ ਸਦਕਾ ਅਤੇ ਸੁਤੰਤਰਤਾ ਅੰਦੋਲਨ ਵਿਚ ਜਦੋ-ਜਹਿਦ ਕਾਰਨ 1947 ਈਸਵੀ ਵਿਚ ਦੇਸ਼ ਆਜ਼ਾਦ ਹੋਇਆ ਪਰੰਤੂ ਇਹਨਾਂ ਨੇ ਹੋਰ ਕੌਮਾਂ ਵਾਂਗ ਆਪਣੇ ਲਈ ਕੋਈ ਰਿਆਇਤਾਂ ਜਾਂ ਬਖਸ਼ਿਸ਼ਾਂ ਨਾ ਮੰਗੀਆਂ, ਸਗੋਂ ਕਾਂਗਰਸ ਦੇ ਨੇਤਾਵਾਂ ਨੂੰ ਕੋਰੇ ਕਾਗ਼ਜ਼ ਤੇ ਦਸਤਖਤ ਕਰਕੇ ਦੇ ਦਿਤੇ ਸਨ ਅਤੇ ਕਿਹਾ ਸੀ ਕਿ ਤੁਸੀਂ ਜੋ ਚਾਹੋ ਕਾਗਜ਼ ਤੇ ਲਿਖ ਲੈਣਾ ਪਰੰਤੂ ਨਾਮਧਾਰੀਆਂ ਦੀਆਂ ਕੁਰਬਾਨੀਆਂ ਨੂੰ ਅੱਜ ਦੇ ਲਿਖਾਰੀਆਂ ਤੇ ਇਤਿਹਾਸਕਾਰਾਂ ਨੇ ਭੁਲਾ ਦਿਤਾ ਹੈ । ਸੁਤੰਤਰਤਾ ਅੰਦੋਲਨ ਦੇ ਇਤਿਹਾਸ ਦੀਆਂ ਪੁਸਤਕਾਂ ਵਿਚ ਨਾਮਧਾਰੀਆਂ ਦੀਆਂ ਘਾਲਨਾਵਾਂ ਬਾਰੇ ਨਾਂ-ਮਾਤਰ ਹੀ ਜ਼ਿਕਰ ਆਉਂਦਾ ਹੈ ।

## ਫੁਟ ਨੋਟ ਅਤੇ ਟਿਪਣੀਆਂ

1. Dr. Ganda Singh (Editor) : Some Confidential Papers of the Akali Movement, Page 2. S.G.P.C. Amritsar 1963.
2. ਸਤਿਜੁਗ ਦਾ 'ਸਤਿਗੁਰੂ ਪ੍ਰਤਾਪ ਸਿੰਘ ਸ਼ਰਧਾਂਜਲੀ ਅੰਕ' 15 ਅੱਸੂ 2016 ਬਿ., ਪੰਨਾ 47.
3. (ੳ) ਜਥੇਦਾਰ ਅਮਰ ਸਿੰਘ (ਪਿੰਡ ਚੰਦੋਵਾਲ, ਜ਼ਿਲ੍ਹਾ ਸਿਆਲਕੋਟ) ਵਰਤਮਾਨ ਐਡਰੈਸ ਮਰਾਸ ਗੜ੍ਹ (ਦਸੂਆ) ਜ਼ਿਲ੍ਹਾ ਹੁਸ਼ਿਆਰਪੁਰ ਨੇ ਲੇਖਕ ਨੂੰ ਦਸਿਆ ।
   (ਅ) ਦੇਵਿੰਦਰ ਸਿੰਘ ਗਿਲ : ਨਾਮਧਾਰੀ ਜਗਤ ਅਤੇ ਜੈਤੋ ਦਾ ਮੋਰਚਾ, ਰਸਾਲਾ ਕੌਮੀ ਏਕਤਾ ਇੰਟਰਨੈਸ਼ਨਲ, ਫ਼ਰਵਰੀ 1990, ਨਵੀਂ ਦਿੱਲੀ ।
4. ਸ਼ਮਸ਼ੇਰ ਸਿੰਘ ਅਸ਼ੋਕ : ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ, ਪੰਨਾ 32.
5. ਡਾਕਟਰ ਗੰਡਾ ਸਿੰਘ : ਉਹੀ, ਪੰਨਾ 18.
6. ਸ਼ਮਸ਼ੇਰ ਸਿੰਘ ਅਸ਼ੋਕ : ਉਹੀ, ਪੰਨਾ 42.
7. ਸੋਹਣ ਸਿੰਘ ਜੋਸ਼ : ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ 261.
8. ਸ਼ਮਸ਼ੇਰ ਸਿੰਘ ਅਸ਼ੋਕ : ਉਹੀ, ਪੰਨਾ 42.
9. ਤਰਨ ਸਿੰਘ ਵਹਿਮੀ : ਜਸ ਜੀਵਨ (ਦੂਜਾ ਹਿੱਸਾ), ਪੰਨਾ 189.
10. ਤਰਨ ਸਿੰਘ ਵਹਿਮੀ : ਉਹੀ, ਪੰਨਾ 191.
11. ਮਹਾਰਾਜ ਬੀਰ ਸਿੰਘ : ਨਾਮਧਾਰੀ ਅਤੇ ਕਾਂਗਰਸ, ਪੰਨਾ 95.
12. J. S. Chhabra : An advance Study in the history of Modern India, Page 340-41.



Sri Satguru Jagjit Singh Ji eLibrary NamdhariElibrary@gmail.com

13. ਮਹਾਰਾਜ ਬੀਰ ਸਿੰਘ ਜੀ : ਉਹੀ, ਪੰਨਾ 17.
14. ਦੇਵਿੰਦਰ ਸਿੰਘ ਗਿਲ : ਪੰਡਤ ਨਹਿਰੂ ਜੀ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਬੰਧ, ਰਸਾਲਾ ਨਿਰੀਖਿਅਕ, ਪੰਨਾ 12, ਸਤੰਬਰ 1989.
15. ਪਿਆਰਾ ਸਿੰਘ ਪਦੱਮ : ਸੰਖੇਪ ਸਿੱਖ ਇਤਿਹਾਸ, ਪੰਨਾ 379
16. ਮਾਸਟਰ ਅਜੀਤ ਸਿੰਘ ਚੀਮਾ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਆਜ਼ਾਦੀ, ਸਤਿਜੁਗ ਦਾ "ਸਤਿਗੁਰੂ ਪ੍ਰਤਾਪ ਸਿੰਘ ਜੀ ਅੰਕ", 23 ਭਾਦਰੋਂ 2018, ਪੰਨਾ 64.
17. ਸਵਰਨ ਸਿੰਘ ਸਨੇਹੀ : ਸਤਿਜੁਗ ਦੀ ਪ੍ਰਕਾਸ਼ਨ ਨੀਤੀ, 2042 ਦਾ ਬਸੰਤ ਅੰਕ (ਦੂਜਾ ਹਿੱਸਾ), ਸਫਾ 12.
18. ਤਰਨ ਸਿੰਘ ਵਹਿਮੀ : ਉਹੀ, ਪੰਨਾ 42.
19. ਮਹਾਰਾਜ ਬੀਰ ਸਿੰਘ ਜੀ : ਉਹੀ, ਪੰਨਾ 24.
20. ਜਗਮੋਹਨ ਸਿੰਘ (ਸੰਪਾਦਕ) : ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ : ਪੰਨਾ 65-76, ਰੈਡੀਕਲ ਪਬਲੀਕੇਸ਼ਨਜ, ਮੋਗਾ.
21. ਬਾਬਾ ਸੋਹਨ ਸਿੰਘ ਭਕਨਾ : ਮੇਰੀ ਜੀਵਨ ਕਹਾਣੀ, ਦੇਸ਼ ਭਗਤ ਯਾਦਾਂ— ਮਾਸਿਕ, ਸਤੰਬਰ 1963.



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ : ਪ੍ਰਭੂ-ਭਗਤੀ ਤੇ ਦੇਸਭਗਤੀ ਦੇ ਸੁਮੇਲ

—ਡਾ. ਹਰਿਭਜਨ ਸਿੰਘ

ਹਰ ਮਨੁੱਖ ਕਿਸੇ ਨਾ ਕਿਸੇ ਪਰੰਪਰਾ ਵਿਚ ਜਨਮ ਲੈਂਦਾ ਹੈ । ਉਹ ਭਾਵੇਂ ਸੁਚੇਤ ਤੌਰ ਤੇ ਆਪਣੀ ਪਰੰਪਰਾ ਦਾ ਪਾਲਨ ਕਰੇ ਤੇ ਭਾਵੇਂ ਅਚੇਤ ਤੌਰ ਤੇ ਉਸ ਤੋਂ ਬੇਮੁੱਖ ਰਹੇ, ਪਰੰਪਰਾ ਵਿਚ ਜਨਮ ਲੈਣਾ ਹਰ ਮਨੁੱਖ ਦੀ ਹੋਣੀ ਹੈ । ਜਿਸ ਪਰੰਪਰਾ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਨਮ ਲਿਆ, ਉਸ ਵਿਚ ਉਹਨਾਂ ਨੂੰ ਸਤਿਗੁਰੂ ਵਿਸ਼ੇਸ਼ਣ ਨਾਲ ਜਾਣਿਆ ਅਤੇ ਸਨਮਾਨਿਆ ਜਾਂਦਾ ਹੈ । ਇਹ ਵਿਸ਼ੇਸ਼ਣ ਉਹਨਾਂ ਦੀ ਸ਼ਖਸੀਅਤ ਦਾ ਨਵੇਕਲਾ ਲੱਛਣ ਹੈ, ਇਸੇ ਤੋਂ ਸੰਕੇਤ ਮਿਲਦਾ ਹੈ ਕਿ ਉਹ ਇਸ ਪਰੰਪਰਾ ਦੇ ਜੀਅ ਹੀ ਨਹੀਂ ਸਨ, ਸਗੋਂ ਉਸ ਦੇ ਪ੍ਰਮੁਖ ਆਗੂ ਸਨ । ਉਹਨਾਂ ਦੇ ਬੋਲ ਨੂੰ ਪਰਮ ਸਤਿ ਦਾ ਦਰਜਾ ਪ੍ਰਾਪਤ ਸੀ ਅਤੇ ਉਸਦੀ ਪਾਲਨਾ ਪਰੰਪਰਾ ਦੇ ਹਰ ਜੀ ਦਾ ਧਾਰਮਕ ਕਰਤਵ ਸੀ । ਅਜਿਹੀ ਪੁਰਵਕਾਰ ਸ਼ਖਸੀਅਤ ਉਪਰ ਇਹ ਫ਼ਰਜ਼ ਲਾਗੂ ਹੁੰਦਾ ਹੈ ਕਿ ਉਹ ਨਾ ਕੇਵਲ ਆਪਣੀ ਪਰੰਪਰਾ ਦੇ ਅਨੁਯਾਈਆਂ ਨੂੰ ਪਾਰੰਪਰਕ ਦਾਇਰੇ ਦੇ ਅੰਦਰ ਰੱਖੇ, ਸਗੋਂ ਖ਼ੁਦ ਉਸ ਪਰੰਪਰਾ ਦੇ ਗੁਣਲੱਛਣਾਂ ਦਾ ਆਦਰਸ਼ ਰੂਪ ਬਣ ਜਾਵੇ ਜਿਸ ਦੇ ਨਕਸ਼ੇ ਕਦਮ ਤੇ ਚੱਲਣ ਲਈ ਹਰ ਅਨੁਯਾਈ ਆਪਮੁਹਾਰੇ ਪ੍ਰੇਰਿਆ ਜਾਏ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੂੰ ਮੈਂ ਨਾਮਧਾਰੀ ਪਰੰਪਰਾ ਨਾਲ ਜੋੜ ਕੇ ਹੀ ਵਿਚਾਰ ਰਿਹਾ ਹਾਂ । ਸੱਚ ਤਾਂ ਇਹ ਹੈ ਕਿ ਇਸ ਪਰੰਪਰਾ ਨਾਲੋਂ ਵਿਜੋਗ ਕੇ ਉਹਨਾਂ ਦੀ ਸ਼ਖਸੀਅਤ ਨੂੰ ਵਿਚਾਰਿਆ ਹੀ ਨਹੀਂ ਜਾ ਸਕਦਾ । ਆਪਣੀ ਸੰਸਥਾ ਨਾਲ ਅਨਿੱਖੜ ਤੌਰ ਤੇ ਜੁੜੇ ਹੋਣ ਕਰਕੇ ਇਨ੍ਹਾਂ ਦਾ ਜ਼ਿਕਰ ਕਰਨ ਲਈ ਮੈਂ ਉਹਨਾਂ ਦੇ ਵਿਅਕਤੀ ਨਾਮ ਨਾਲ ਉਹਨਾਂ ਦਾ ਸੰਸਥਾ ਮੂਲਕ ਵਿਸ਼ੇਸ਼ਣ ਜੋੜਣਾ ਉਚਿਤ ਸਮਝ ਰਿਹਾ ਹਾਂ । ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਦੇ ਬਾਅਦ ਲੰਮੇ ਅਰਸੇ ਤੱਕ 'ਸ੍ਰੀ ਸਤਿਗੁਰੂ' ਅਖਵਾਏ ।

ਦ੍ਰਿਸ਼ ਰੂਪ ਵਿਚ ਇਹ ਪਰੰਪਰਾ ਸ੍ਰੀ ਸਤਿਗੁਰੂ ਰਾਮ ਸਿੰਘ ਤੋਂ ਚਲਦੀ ਹੈ । ਪਰ



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਦੀ ਚੇਤਨਾ ਵਿਚ ਭਾਰਤੀ ਪਰੰਪਰਾ ਦੇ ਪਰਮ ਪੁਰਾਤਨ ਵੇਰਵੇ ਸਮਾਏ ਹੋਏ ਸਨ। ਵੈਦਿਕ ਪਰੰਪਰਾ ਦਾ ਅਤਿ ਪ੍ਰਮਾਣਿਕ ਵੇਰਵਾ 'ਹਵਨ ਯੱਗ' ਉਹਨਾਂ ਦੀ ਅਧਿਆਤਮ ਸਾਧਨਾ ਦਾ ਅਨਿੱਖੜ ਅੰਗ ਬਣਿਆ ਰਿਹਾ ਜਿਸ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਆਪਣੇ ਲੰਮੇ ਅਹਿਦ ਵਿਚ ਬਣਾਈ ਰਖਿਆ। ਇਸੇ ਲਈ ਨਾਮਧਾਰੀ ਪਰੰਪਰਾ ਤੋਂ ਬਾਹਰ ਦੇ ਕਈ ਲੋਕਾਂ ਨੂੰ ਉਹ ਪੁਰਾਤਨ ਵੈਦਿਕ ਪਰੰਪਰਾ ਦਾ ਹੀ ਆਧੁਨਿਕ ਰੂਪ ਪ੍ਰਤੀਤ ਹੁੰਦੇ ਰਹੇ। ਸਾਡੇ ਸਮਿਆਂ ਵਿਚ ਵੈਦਿਕ ਪਰੰਪਰਾ ਦੇ ਵਰੋਸਾਏ ਸ੍ਰੀ ਕੇ. ਐਮ. ਮੁਨਸ਼ੀ ਨੇ ਭੈਣੀ ਸਾਹਿਬ ਨੂੰ 'ਵੈਦਿਕ ਆਸ਼ਰਮ' ਅਤੇ 'ਸਦਗੁਰੂ' ਪ੍ਰਤਾਪ ਸਿੰਘ ਜੀ ਨੂੰ ਰਿਗ ਵੈਦਿਕ ਸੰਘਿਤਾ ਵਿਚੋਂ ਪ੍ਰਕਾਸ਼ਮਾਨ ਹੋਈ 'ਅਦਭੁਤ ਸ਼ਖਸੀਅਤ' ਕਿਹਾ। ਘਾਹ ਫੂਸ ਦੀ ਛੱਤ ਵਾਲੇ ਕੱਚੇ ਕੋਠੇ ਵਿਚ ਗੁਰਬਾਣੀ ਦਾ ਸੰਗੀਤ ਉਹਨੂੰ 'ਵੈਦਿਕ ਮੰਤਰਾਂ' ਦੇ ਉਚਾਰ ਵਾਂਗ ਪ੍ਰਤੀਤ ਹੁੰਦਾ ਹੈ ਅਤੇ ਹਵਨ ਅਗਨੀ ਦਾ ਧੂੰਆਂ ਉਹਨੂੰ ਉਸ ਮਨੁੱਖੀ ਆਤਮਾ ਵਰਗਾ ਜਾਪਦਾ ਹੈ ਜੋ 'ਬ੍ਰਹਮ ਨੂੰ ਮਿਲਣ ਲਈ ਆਕਾਸ਼ ਵਲ ਉਠ ਰਹੀ ਹੋਵੇ।' ਸਫੈਦ ਬਸਤਰ ਅਤੇ ਸਫੈਦ ਊਨੀ ਮਾਲਾ ਵੀ ਉਹਨਾਂ ਨੂੰ ਵੈਦਿਕ ਸਵੱਛਤਾ ਦਾ ਹੀ ਇਕ ਵੇਰਵਾ ਜਾਪਦਾ ਹੈ।[1] 'ਉਨ੍ਹੀਵੀ ਸਦੀ' ਵਿਚਕਾਰ ਹੋਂਦ ਵਿਚ ਆਏ ਇਸ ਸੰਪਰਦਾਏ ਦੀ ਚੇਤਨਾ ਅਤੇ ਰਹਿਣੀ-ਬਹਿਣੀ ਵਿਚ ਪੁਰਾਤਨ ਭਾਰਤੀ ਸਭਿਆਚਾਰ ਦੇ ਕੁਝ ਵੇਰਵੇ ਪੁਨਰ ਜੀਵਿਤ ਦਿਖਾਈ ਦੇਂਦੇ ਹਨ, ਇਹ ਸੱਚ ਕੇ. ਐਮ. ਮੁਨਸ਼ੀ ਤੋਂ ਛੁਟ ਉਹਨਾਂ ਦੇ ਕਈ ਸਮਕਾਲੀਆਂ ਨੂੰ ਵੀ ਪ੍ਰਤੀਤ ਹੋਇਆ। ਪੁਰਾਤਨ ਭਾਰਤੀਅਤਾ ਦੇ ਇਸ ਵਸਫ਼ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੰਮੇ ਸਮੇਂ ਲਈ ਨਾ ਕੇਵਲ ਜੀਵਤ ਰਖਿਆ ਸਗੋਂ ਗੈਰ-ਨਾਮਧਾਰੀਆਂ ਪ੍ਰਤੀ ਸੰਚਾਰਿਆ ਸੀ।

ਨਾਮਧਾਰੀ ਸੰਪਰਦਾਇ ਦਾ ਇਕ ਹੋਰ ਵਸਫ਼ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਨਿਰੰਤਰ ਉਜਾਗਰ ਹੋਇਆ ਉਹ ਹੈ ਉਹਨਾਂ ਦਾ ਗਊ-ਰੱਖਿਆ ਲਈ ਵਿਸ਼ੇਸ਼ ਉੱਦਮ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨਕਾਲ ਵਿਚ ਕੁਝ ਧਾਰਮਿਕ-ਸਾਮਾਜਿਕ ਮੁਲ ਸਥਾਪਿਤ ਹੋ ਗਏ ਸਨ ਜਿਨ੍ਹਾਂ ਦਾ ਨਿਭਾਉ ਨਾਮਧਾਰੀ ਸੰਪਰਦਾਇ ਵਿਚ ਅਜ ਦਿਨ ਤੱਕ ਹੁੰਦਾ ਆ ਰਿਹਾ ਹੈ। ਗਊ-ਰੱਖਿਆ ਵੀ ਅਜਿਹਾ ਹੀ ਧਾਰਮਿਕ-ਸਾਮਾਜਿਕ-ਰਾਜਨੀਤਿਕ ਮੁੱਲ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜ਼ਮਾਨੇ ਵਿਚ ਬੁੱਚੜਾਂ ਦੇ ਕਤਲ ਦੇ ਫਲਸਰੂਪ ਨਾਮਧਾਰੀ ਰਹਿਣੀ-ਬਹਿਣੀ ਦਾ ਇਕ ਨਵੇਕਲਾ ਵੇਰਵਾ, ਦ੍ਰਿੜ੍ਹ ਰੂਪ ਵਿਚ, ਸਥਾਪਿਤ ਹੋ ਗਿਆ। ਸਿੱਖ ਪਹਿਲਾਂ ਵੀ ਗਊ-ਰੱਖਿਅਕ ਸਨ। ਅੰਮ੍ਰਿਤਸਰ ਵਿਚ ਗਊ ਹਲਾਲ ਕਰਨ ਲਈ ਬੁੱਚੜਖ਼ਾਨਿਆਂ ਦੇ ਖੁੱਲ੍ਹਣ ਨਾਲ ਉਹ ਵੀ ਆਪਣੇ ਧਰਮ ਦੀ ਹੇਠੀ ਹੋਈ ਮਹਿਸੂਸ ਕਰਦੇ ਸਨ। ਪਰ ਗਊ-ਰੱਖਿਆ ਪ੍ਰਤੀ ਜੋ ਵਿਸ਼ੇਸ਼ ਉੱਦਮ ਨਾਮਧਾਰੀਆਂ ਨੇ ਵਿਖਾਇਆ, ਉਹ ਨਵੇਕਲੇ ਬੁਧ-ਬਿਬੇਕ ਵਾਲਾ ਸੀ। ਮਲੇਰ ਕੋਟਲੇ ਵਿਚ 66 ਨਾਮਧਾਰੀਆਂ ਦੀ ਸ਼ਹਾਦੱਤ ਗਊ-ਰੱਖਿਆ ਦੇ ਹੀ ਵਿਸ਼ੇਸ਼ ਉੱਦਮ ਦਾ ਫਲ ਸੀ। ਇਸੇ ਦੇ ਹੀ ਸਿੱਟੇ ਵੱਜੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਹੋਣਾ ਪਿਆ। ਉਸ ਸਮੇਂ ਗਊ-ਰੱਖਿਆ ਦਾ ਉੱਦਮ ਧਰਮ ਅਤੇ ਰਾਜਨੀਤੀ ਦੋਹਾਂ ਨਾਲ ਜੁੜਿਆ ਹੋਇਆ ਸੀ। ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਇਹ ਉੱਦਮ ਰਾਜਨੀਤਿਕ ਰੰਗਣ ਤੋਂ ਮੁਕੱਤ ਹੋ ਚੁੱਕਾ ਸੀ। ਪਰ ਧਿਆਨ ਯੋਗ ਨੁਕਤਾ ਇਹ ਹੈ ਕਿ ਗਊ-ਰੱਖਿਆ ਨਾਮਧਾਰੀ ਇਤਕਾਦ ਦਾ ਮਹੱਤਵਸ਼ਾਲੀ ਲਕਸ਼ ਬਣ ਚੁੱਕਾ ਸੀ। ਇਤਨਾ ਮਹੱਤਵਸ਼ਾਲੀ ਕਿ ਕੋਈ ਨਾਮਧਾਰੀ ਇਸਨੂੰ ਤਿਆਗਣ ਬਾਰੇ ਸੋਚ ਵੀ ਨਹੀਂ ਸਕਦਾ। ਨਾਮਧਾਰੀ ਗਊ-ਰੱਖਿਆ ਨੂੰ ਆਪਣੇ ਇਤਕਾਦ ਵਿਚੋਂ ਇਵੇਂ ਹੀ ਖ਼ਾਰਿਜ ਨਹੀਂ ਕਰ ਸਕਦਾ ਜਿਵੇਂ ਉਹ ਮਲੇਰ ਕੋਟਲੇ ਦੀ ਸ਼ਹਾਦਤ ਨੂੰ ਆਪਣੇ ਇਤਿਹਾਸ ਵਿਚੋਂ ਖਾਰਿਜ ਨਹੀਂ ਕਰ ਸਕਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ ਗਊਆਂ ਦੀ ਨਸਲ ਸੁਧਾਰਨ ਦੇ ਕੰਮ ਵਲ ਵਿਸ਼ੇਸ਼ ਧਿਆਨ ਦਿੱਤਾ। ਇਹ ਗਊ-ਰੱਖਿਆ ਦਾ ਵਿਹਾਰਕ ਪੱਖ ਹੈ। ਇਹ ਵੀ ਉਹਨਾਂ ਦਾ ਮਹੱਤਵਸ਼ਾਲੀ ਯੋਗਦਾਨ ਹੈ। ਪਰ ਉਹਨਾਂ ਦੇ ਗਊ-ਪਿਆਰ ਦਾ ਇਸ ਤੋਂ ਵੀ ਵਧੇਰੇ ਮਹੱਤਵਸ਼ਾਲੀ ਨੁਕਤਾ ਤਾਂ ਇਹ ਹੈ ਕਿ ਉਹ ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਪਾਰ ਸੀ। ਮਿਸਾਲ ਦੇ ਤੌਰ ਤੇ ਉਹ ਗਊ-ਰੱਖਿਆ ਨਾਲ ਸੰਬੰਧਿਤ ਉਸ ਸਮਾਗਮ ਵਿਚ ਵੀ ਸ਼ਾਮਿਲ ਹੋਏ ਜਿਨ੍ਹਾਂ ਨੂੰ ਕਰਾਉਣ ਵਾਲਿਆਂ ਨਾਲ ਉਹਨਾਂ ਦੇ ਰਾਜਨੀਤਿਕ ਮਤ ਭੇਦ ਸਨ। ਇਸੇ ਤਰ੍ਹਾਂ ਦਾ ਸਮਾਗਮ ਇਲਾਹਾਬਾਦ ਵਿਚ ਜਨਸੰਘ ਨੇ ਕਰਵਾਇਆ ਸੀ। ਰਾਜਨੀਤਿਕ ਪੱਧਰ ਉਪਰ ਨਾਮਧਾਰੀ ਕਾਂਗਰਸ ਦੇ ਸਾਥੀ ਸਨ। ਮਹਾਰਾਜ ਬੀਰ ਸਿੰਘ ਦੇ ਕਥਨ ਅਨੁਸਾਰ 'ਕਿਸੇ ਨੇ ਕਿਹਾ ਕਿ ਆਪ ਜਨਸੰਘ ਦੇ ਸਮਾਗਮ ਵਿਚ ਬੈਠੇ ਹੋ ਪੰਡਿਤ ਜਵਾਹਰ-ਲਾਲ ਜੀ ਨਾਰਾਜ਼ ਨਾ ਹੋ ਜਾਣ। ਅੱਗੋਂ ਆਪ ਜੀ ਨੇ ਤੁਰੰਤ ਉੱਤਰ ਦਿੱਤਾ ਕਿ ਕੋਈ ਸੰਸਥਾ ਵੀ ਹੋਵੇ ਜੋ ਗਊ-ਰੱਖਿਆ ਸੰਬੰਧੀ ਪ੍ਰਯਾਸ ਕਰੇ, ਮੈਂ ਉਥੇ ਜ਼ਰੂਰ ਜਾਵਾਂਗਾ, ਚਾਹੇ ਕੁਛ ਵੀ ਹੋਵੇ।[3]

ਜ਼ਾਹਰ ਹੈ ਕਿ ਗਊ-ਰੱਖਿਆ ਉਹਨਾਂ ਲਈ ਨਾ ਨਿਰੋਲ ਰਾਜਨੀਤੀ ਦਾ ਵਿਸ਼ਾ ਸੀ ਤੇ ਨਾ ਹੀ ਨਿਰੋਲ ਸੰਪਰਦਾਇ-ਭਾਵਨਾ ਦਾ। ਇਹ ਧਰਮ ਦਾ ਉਹ ਅੰਗ ਹੈ ਕਿ ਜੋ ਅਧਿਆਮਿਕਤਾ ਨਾਲ ਇਕਮਿਕ ਹੋ ਕੇ ਹਰ ਤਰ੍ਹਾਂ ਦੇ ਤਫ਼ਰਕਿਆਂ ਤੋਂ ਪਾਰ ਹੋ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਨਾਮਧਾਰੀ ਸਿੰਘਾਂ ਦੀ ਗਊ-ਰੱਖਿਆ ਭਾਵਨਾ ਬਾਕੀ ਸੰਪਰਦਾਵਾਂ ਤੋਂ ਅਸਲੋਂ ਨਵੇਕਲੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੇਸ਼ਭਗਤੀ ਵੀ ਹੋਰਨਾਂ ਦੇਸ਼ਭਗਤਾਂ ਤੋਂ ਵੱਖਰੇ ਮੁਹਾਂਦਰੇ ਵਾਲੀ ਹੈ। ਸਤਿਗੁਰੂ ਰਾਮ ਸਿੰਘ ਜੀ ਜਿਸ ਨਾਮਧਾਰੀ ਲਹਿਰ ਦੇ ਮੋਢੀ ਸਨ ਉਸ ਵਿਚ ਧਰਮ ਅਤੇ ਰਾਜਨੀਤੀ ਨੂੰ ਇਕੋ ਜਿੰਨਾ ਦਖ਼ਲ ਸੀ। ਧਰਮ ਅਤੇ ਰਾਜਨੀਤੀ ਦੇ ਵਖਰੇਵੇਂ ਬਾਰੇ ਚਰਚਾ ਬਾਅਦ ਵਿਚ ਆਰੰਭ ਹੋਈ। ਮੈਂ ਪਹਿਲਾਂ ਹਿੰਦੁਸਤਾਨੀ ਹਾਂ ਤੇ ਬਾਅਦ ਵਿਚ ਹਿੰਦੂ, ਸਿੱਖ ਜਾਂ ਮੁਸਲਮਾਨ, ਇਸ ਤਰ੍ਹਾਂ ਦੀ ਵਖਰੇਵਾਂਮੁਖ ਸੋਚ ਦਾ ਪ੍ਰਵੇਸ਼ ਸਤਿਗੁਰੂ ਰਾਮ ਸਿੰਘ ਜੀ ਦੀ ਸੰਜੁਗਤ ਚੇਤਨਾ ਵਿਚ ਨਹੀਂ ਸੀ। ਨਾਮਧਾਰੀ ਹੋਣਾ ਇਕੋ ਵੇਲੇ ਪ੍ਰਭੂ-ਭਗਤ ਅਤੇ ਦੇਸ਼-ਭਗਤ ਹੋਣਾ ਸੀ। ਨਾਮਧਾਰੀ ਲਹਿਰ ਧਾਰਮਿਕ ਲਹਿਰ ਹੈ ਜਿਸ ਨੇ ਭਾਰਤ ਦੇਸ ਦੀਆਂ ਦੇਸੀ ਸਭਿਆਚਾਰਕ ਕਦਰਾਂ-ਕੀਮਤਾਂ ਤੇ ਜ਼ੋਰ ਦਿੱਤਾ ਅਤੇ ਇਸ ਵਿਚ ਦੇਸ਼ਭਗਤੀ ਦੀ ਭਾਵਨਾ ਦਾ ਆਪਮੁਹਾਰੇ ਸ਼ਾਮਿਲ ਹੋ ਜਾਣਾ ਕੁਦਰਤੀ ਹੈ। ਆਪਣੇ ਦੇਸ ਦੀਆਂ



Sri Satguru Jagjit Singh Ji eLibrary NamdhariElibrary@gmail.com

ਕਦਰਾਂ-ਕੀਮਤਾਂ ਵਲ ਆਸਥਾਵਾਨ ਧਰਮ ਵਿਚ ਦੇਸ਼ਭਗਤੀ ਦਾ ਪ੍ਰਵੇਸ਼ ਸਹਿਜੇ ਹੀ ਹੋ ਜਾਂਦਾ ਹੈ। ਗੁਰੂ ਨਾਨਕ ਨੇ ਜਿਸ ਗੁਰਮਤਿ-ਭਾਵਨਾ ਦਾ ਮੁਢ ਬੰਨ੍ਹਿਆ ਉਸ ਵਿਚ ਦੇਸੀ ਸਭਿਆਚਾਰ ਉਪਰ ਬਲ ਦੇਣ ਦਾ ਸੰਕੇਤ ਸਪੱਸ਼ਟ ਸਮਾਇਆ ਸੀ। ਇਹ ਅੰਦਰ ਅਤੇ ਬਾਹਰ ਦਾ ਸੰਜੋਗ ਹੈ, ਅਜਿਹੇ ਸੰਜੋਗ ਨਾਲ ਹੀ ਮੁਕੰਮਲ ਸ਼ਖਸੀਅਤ ਦੀ ਸਿਰਜਣਾ ਸੰਭਵ ਹੈ। ਬਾਣੀ, ਕੀਰਤਨ, ਸਿਮਰਨ, ਹਵਨ ਆਦਿ ਅਧਿਆਤਮੱਕ ਤੱਤਾਂ ਉਪਰ ਬਲ ਦੇਣ ਵਾਲੇ ਨਾਮਧਾਰੀ ਸੰਪਰਦਾਇ ਵਿਚ ਸਰਕਾਰੀ ਨੌਕਰੀ, ਸਰਕਾਰੀ ਵਿਦਿਅਕ ਸੰਸਥਾਵਾਂ, ਕਚਹਿਰੀਆਂ ਤੇ ਬਿਦੇਸੀ ਚੀਜ਼ਾਂ-ਵਸਤਾਂ ਦੇ ਤਿਆਗ ਉਪਰ ਵੀ ਬਲ ਸੀ। ਭਾਰਤ ਦੇ ਪ੍ਰਥਮ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਦੇ ਕਥਨ ਮੁਤਾਬਿਕ, 'ਗੁਰੂ ਰਾਮ ਸਿੰਘ ਰਾਜਨੀਤਿਕ ਸੁਤੰਤਰਤਾ ਨੂੰ ਧਰਮ ਦਾ ਹੀ ਹਿੱਸਾ ਮੰਨਦੇ ਸਨ।'[3] ਬਾਈਕਾਟ, ਨਾਮਿਲਵਰਤਨ ਜਾਂ ਸਤਿਆਗ੍ਰਹਿ ਜਿਸਨੂੰ ਗਾਂਧੀ ਜੀ ਨੇ ਬੜੇ ਜ਼ੋਸ਼ ਨਾਲ ਰਾਜਨੀਤਿਕ ਹਥਿਆਰਾਂ ਵਾਂਗ ਅਪਨਾਇਆ ਅਤੇ ਵਰਤਿਆ, ਉਹਨਾਂ ਤੋਂ ਪੰਜਾਹ ਸਾਲ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਧਾਰਮਿਕ ਅਕੀਦਾ ਬਣਾ ਲਿਆ ਸੀ। ਇਸੇ ਧਾਰਮਿਕ-ਰਾਜਨੀਤਿਕ ਸੰਜੁਗਤੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੱਧੀ ਸਦੀ ਤੋਂ ਉਪਰ ਅਰਸੇ ਤੱਕ ਆਪਣੇ ਵਿਅਕਤੀਗਤ ਜੀਵਨ ਵਿਚ ਵਸਾਇਆ ਅਤੇ ਸਰਬੱਤ ਦੇ ਪਾਲਣਜੋਗ ਮੰਨ ਕੇ ਪ੍ਰਚਾਰਿਆ ਅਤੇ ਪ੍ਰਸਾਰਿਆ।

ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਦੇਸ਼-ਭਗਤੀ ਮੁਕੰਮਲ ਤੌਰ ਤੇ ਧਰਮ ਦਾ ਅੰਗ ਸੀ। ਨਾਮਧਾਰੀਆਂ ਹੱਥੀਂ ਬੁਚੜਾਂ ਦਾ ਕਤਲ, ਮਾਲੇਰਕੋਟਲੇ ਵਿਚ ਨਾਮਧਾਰੀਆਂ ਦੀ ਸ਼ਹਾਦੱਤ, ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ, ਭੈਣੀ ਸਾਹਿਬ ਉਪਰ ਪੁਲਿਸ ਦਾ ਲਗਾਤਾਰ ਪਹਿਰਾ, ਇਸ ਸਭ ਕੁਝ ਕਰਨਹਾਰੇ ਅਤੇ ਜਰਨਹਾਰੇ ਨਿਰੋਲ ਨਾਮਧਾਰੀ ਸਨ। ਇਹਨਾਂ ਨੂੰ ਕਿਸੇ ਪਾਸਿਓਂ ਕੋਈ ਸਮਰੱਥਨ ਮਿਲਿਆ ਨਜ਼ਰ ਨਹੀਂ ਆਉਂਦਾ। ਇਸ ਲਹਿਰ ਦੇ ਆਗੂ ਅਤੇ ਅਨੁਯਾਈ ਨਾਮਧਾਰੀ ਆਪ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਨਾਮਧਾਰੀ ਦੇਸਭਗਤੀ ਦਾ ਸਰੂਪ ਰਤਾ ਕੁ ਬਦਲ ਜਾਂਦਾ ਹੈ। ਓਹ ਦੇਸਭਗਤੀ ਦੀ ਮੁਹਰੈਲ ਕਾਂਗਰਸ ਦੇ ਸਹਾਇਕ ਹੋ ਜਾਂਦੇ ਹਨ। ਕਾਂਗਰਸ ਵਿਚ ਧਾਰਮਿਕਤਾ ਲਈ ਕੋਈ ਥਾਂ ਨਹੀਂ। ਇਸ ਦੇ ਕੁਝ ਆਗੂ ਅਸਲੋਂ ਧਰਮ-ਨਿਰਪੇਖ ਸਨ। ਨਾਮਧਾਰੀ ਇਸ ਲਹਿਰ ਦੇ ਸਮਰਥੱਕ ਸਨ। ਇਸ ਲਹਿਰ ਵਿਚ ਆਗੂ ਦੀ ਭੂਮਿਕਾ ਉਹਨਾਂ ਕਦੇ ਨਹੀਂ ਨਿਭਾਈ, ਨਾ ਹੀ ਕਦੇ ਨਿਭਾਉਣੀ ਚਾਹੀ। ਧਰਮ-ਨਿਰਪੇਖ ਦੇਸਭਗਤ ਵੀ ਉਹਨਾਂ ਕਦੇ ਨਹੀਂ ਹੋਣਾ ਚਾਹਿਆ। ਕਾਂਗਰਸ ਲਹਿਰ ਵਿਚ ਉਹਨਾਂ ਦੀ ਸ਼ਮੂਲੀਅਤ ਦਾ ਨਵੇਕਲਾ ਰੰਗ ਹੈ। ਜੇ ਕਾਂਗਰਸ ਦੇ ਦੂਸਰੇ ਮੈਂਬਰ ਇਸ ਵਿਚ ਵਿਅਕਤੀਗਤ ਰੂਪ ਵਿਚ ਸ਼ਾਮਿਲ ਹੋਏ ਤਾਂ ਨਾਮਧਾਰੀ ਇਸ ਵਿਚ ਸਮੂਹਗਤ ਰੂਪ ਵਿਚ ਸਮਰਥੱਕ ਹੋਏ। ਲਾਹੌਰ ਕਾਂਗਰਸ (1929) ਨੂੰ ਕਾਮਯਾਬ ਬਨਾਉਣ ਵਿਚ ਉਹਨਾਂ ਦਾ ਬੜਾ ਉੱਘਾ ਰੋਲ ਸੀ। ਕੋਈ ਹੋਰ ਧਾਰਮਿਕ ਸੰਪਰਦਾਇ ਕਾਂਗਰਸ ਲਹਿਰ ਵਿਚ ਸਮੂਹਗਤ ਤੌਰ ਤੇ ਸ਼ਾਮਿਲ ਹੋਇਆ ਹੋਵੇ, ਇਸ ਦਾ ਕੋਈ ਸੰਕੇਤ ਕਾਂਗਰਸ ਲਹਿਰ ਦੇ ਇਤਿਹਾਸ ਵਿਚ ਨਹੀਂ ਮਿਲਦਾ।



Sri Satguru Jagjit Singh Ji eLibrary NamdhariElibrary@gmail.com

ਸਤਹੀ ਤੌਰ ਤੇ ਤਾਂ ਇਹੋ ਦਿਸਦਾ ਹੈ ਕਿ ਨਾਮਧਾਰੀਆਂ ਨੇ ਕਾਂਗਰਸ ਨੂੰ ਸਮਰਥਨ ਦਿਤਾ, ਪਰ ਆਤਮਿਕ ਤੌਰ ਤੇ ਗੱਲ ਇਸ ਤੋਂ ਉਲਟ ਹੈ। ਬਾਈਕਾਟ, ਨਾਮਿਲਵਰਤਨ, ਸੁਦੇਸ਼ੀ ਆਦਿ ਕਾਂਗਰਸੀ ਮੁੱਦੇ ਤਾਂ ਬਹੁਤ ਪਹਿਲਾਂ ਨਾਮਧਾਰੀਆਂ ਦੁਆਰਾ ਅਪਨਾਏ ਜਾ ਚੁੱਕੇ ਸਨ। ਇਤਿਹਾਸਕ ਕਾਲਕ੍ਰਮ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਖ਼ੁਦ ਕਾਂਗਰਸ ਨਾਮਧਾਰੀ ਲਹਿਰ ਵਿਚ ਸ਼ਾਮਿਲ ਹੋਈ ਜਾਪਦੀ ਹੈ। ਜੋ ਕੁਝ ਕਾਂਗਰਸ ਨੇ ਪ੍ਰੋਗਰਾਮ ਵਾਂਗ ਅਪਨਾਇਆ, ਉਹ ਨਾਮਧਾਰੀਆਂ ਦੇ ਧਰਮ ਦਾ ਅੰਗ ਬਣ ਚੁੱਕਾ ਸੀ। ਵਤਨਪ੍ਰਸਤੀ ਅਤੇ ਆਜ਼ਾਦੀ ਉਹਨਾਂ ਦੀ ਮਾਨਸਿਕਤਾ ਵਿਚ ਧੁਰ ਡੂੰਘ ਤੱਕ ਸਮਾਏ ਹੋਏ ਸਨ।

ਮੈਂ ਉਪਰ ਕਹਿ ਚੁੱਕਾ ਹਾਂ ਕਿ ਜੰਗੇ ਆਜ਼ਾਦੀ ਦੀ ਲਹਿਰ ਵਿਚ ਉਹਨਾਂ ਦੀ ਸ਼ਮੂਲੀਅਤ ਨਵੇਕਲੇ ਮੁਹਾਂਦਰੇ ਵਾਲੀ ਸੀ। ਭਾਵੇਂ 1919 ਤੋਂ ਹੀ 'ਕਾਂਗਰਸ' ਅਤੇ 'ਨਾਮਧਾਰੀ' ਸਮਾਨਾਰਥੀ ਬਣ ਚੁੱਕੇ ਸਨ, ਤਾਂ ਵੀ ਉਹਨਾਂ ਦਾ ਨਵੇਕਲਾ ਅੰਦਾਜ਼ ਹਮੇਸ਼ਾਂ ਉਜਾਗਰ ਰਿਹਾ। ਗਊ-ਰੱਖਿਆ ਸੰਬੰਧੀ ਉਹਨਾਂ ਦੀ ਲਗਨ ਕਾਂਗਰਸ ਤੋਂ ਅਡਰੀ ਹੈ। ਉਹਨਾਂ ਦਾ ਦੇਸ਼ਪਿਆਰ ਵੀ ਨਿਰੋਲ ਕਾਂਗਰਸ ਪ੍ਰਤੀ ਨਿਸ਼ਠਾ ਤੱਕ ਸੀਮਿਤ ਨਹੀਂ ਸੀ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਕਥਨ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ "ਬੜੀ ਸਾਫ਼ਗੋਈ ਤੋਂ ਕੰਮ ਲਿਆ ਅਤੇ ਆਖਿਆ ਕਿ ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਲੜ ਰਹੀ ਕਿਸੇ ਇਕ ਪਾਰਟੀ ਨਾਲ ਲਗਾਉ ਨਹੀਂ, ਉਹ ਤਾਂ ਸਾਰੇ ਦੇਸਭਗਤਾਂ ਦੇ ਹਿਤੈਸ਼ੀ ਹਨ।"[4] ਮਹਾਤਮਾ ਗਾਂਧੀ ਦੇ ਸ਼ਾਂਤਮਈ ਪ੍ਰੋਗਰਾਮ ਦੇ ਉਹ ਹਾਮੀ ਸਨ, ਪਰ "ਉਹ ਦੂਸਰੇ ਇਨਕਲਾਬੀਆਂ ਦੀ ਕਦਰ ਕਰਨੋ ਵੀ ਪਿਛੇ ਨਹੀਂ ਰਹਿੰਦੇ ਸਨ।"[5] ਕਾਮਰੇਡ ਸੁਰਜੀਤ ਨੇ ਸਤਿਗੁਰੂ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਨਾਮਧਾਰੀਆਂ ਦੀ ਦੇਸਭਗਤੀ ਨੂੰ ਦੇਸ-ਏਕਤਾ ਦੀ ਭਾਵਨਾ ਨਾਲ ਸੰਬੰਧਿਤ ਕੀਤਾ ਹੈ।

ਏਕਤਾ ਦੀ ਭਾਵਨਾ ਨੇ ਹੀ ਉਹਨਾਂ ਨੂੰ ਕਦੇ ਫਿਰਕੂ ਨਾ ਹੋਣ ਦਿੱਤਾ ਜਿਸਦਾ ਬੜਾ ਹੀ ਸਵੱਛ ਪ੍ਰਮਾਣ ਦੇਸ ਵੰਡ ਦੇ ਘਲੂਘਾਰੇ ਸਮੇਂ ਮਿਲਿਆ। ਉਸ ਵੇਲੇ ਦੀ ਫਿਰਕੂ ਕਤਲੋ ਗ਼ਾਰਤ ਤੋਂ ਉਹ ਪੂਰੀ ਤਰ੍ਹਾਂ ਅਲਗ-ਥਲਗ ਰਹੇ। ਨਾਮਧਾਰੀ ਵੀਰਾਂ ਵਿਚ ਕਿਸੇ ਕੱਲੇਕਾਰੇ ਵਿਅਕਤੀ ਦਾ ਵੀ ਅਜਿਹਾ ਉਦਾਹਰਣ ਨਹੀਂ ਮਿਲਦਾ ਜਿਸ ਨੇ ਮੁਸਲਮਾਨਾਂ ਦੇ ਕਤਲ ਜਾਂ ਲੁੱਟਮਾਰ ਵਿਚ, ਉਹਨਾਂ ਦੀ ਜਾਇਦਾਦ ਦੀ ਸਾੜਫੂਕ ਵਿਚ ਜਾਂ ਇਸਤਰੀਆਂ ਦੀ ਬੇਹੁਰਮਤੀ ਵਿਚ ਹਿੱਸਾ ਲਿਆ ਹੋਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਅਨੁਯਾਈਆਂ ਨੂੰ ਸਪੱਸ਼ਟ ਅਤੇ ਦ੍ਰਿੜ੍ਹ ਨਿਰਦੇਸ਼ ਦੇ ਕੇ ਇਸ ਪਾਸਿਓਂ ਹੋੜੀ ਰਖਿਆ ਸੀ। ਭਾਰਤ ਜਾਂ ਪਾਕਿਸਤਾਨ ਦਾ ਕੋਈ ਫਿਰਕਾ ਅਜੇਹਾ ਨਹੀਂ ਜੋ ਇਸ ਤਰ੍ਹਾਂ ਦੇ ਸੰਜਮ ਜਾਂ ਜ਼ਬਤ ਉਪਰ ਮਾਣ ਕਰ ਸਕੇ। ਇਸ ਸੰਬੰਧ ਵਿਚ ਕਾਮਰੇਡ ਸੋਹਨ ਸਿੰਘ ਜੋਸ਼ ਦੇ ਲਫ਼ਜ਼ਾਂ ਦਾ ਉਤਾਰਾ ਪੇਸ਼ ਕਰਨਾ ਯੋਗ ਪ੍ਰਤੀਤ ਹੁੰਦਾ ਹੈ :

> "1946-47 ਦੇ ਹਿੰਦੂ-ਮੁਸਲਿਮ ਫਸਾਦਾਂ ਦੇ ਦਿਨ ਮੈਨੂੰ ਕਦੇ ਨਹੀਂ ਭੁੱਲ ਸਕਦੇ। ਉਹਨਾਂ ਦਿਨਾਂ ਵਿਚ ਜਾਂ ਮਹਾਰਾਜ ਪ੍ਰਤਾਪ ਸਿੰਘ ਦੀ



Sri Satguru Jagjit Singh Ji eLibrary NamdhariElibrary@gmail.com

ਅਗਵਾਈ ਵਿਚ ਕੂਕੇ ਸਨ ਜੋ ਕਮਿਊਨਿਸਟ ਜਿਨ੍ਹਾਂ ਨੇ ਆਪਣੇ ਸਿਰਾਂ ਤੇ ਫਿਰਕੂ ਭੂਤ ਨੂੰ ਕਦੇ ਸਵਾਰ ਨਹੀਂ ਹੋਣ ਦਿੱਤਾ। ਵੱਡੇ ਵੱਡੇ ਲੀਡਰਾਂ ਦੇ ਸਿਰਾਂ ਤੇ ਵੀ ਫਿਰਕੂ ਜਿੰਨ ਸਵਾਰ ਹੋ ਗਏ ਅਤੇ ਉਹਨਾਂ ਨੇ ਅੰਨ੍ਹੇ ਵਾਹ ਫਿਰਕੂ ਫਸਾਦਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਏਹੋ ਹੀ ਨਹੀਂ "ਸਭੇ ਸਾਂਝੀਵਾਲ ਸਦਾਇਨ" ਦਾ ਨਾਹਰਾ ਲਾਉਣ ਵਾਲੇ ਕਈ ਭੁੱਲੜ ਵੀਰ ਵੀ ਇਸ ਵਹਿਣ ਤੋਂ ਨਾ ਬਚ ਸਕੇ। ਪਰ ਮਹਾਰਾਜ ਜੀ, ਉਹਨਾਂ ਦੇ ਸਿੱਖਾਂ ਅਤੇ ਕਮਿਊਨਿਸਟਾਂ ਨੇ ਆਪਣੇ ਅਸੂਲਾਂ ਨੂੰ ਨਹੀਂ ਛਡਿਆ ਅਤੇ ਉਹ ਸਭ ਇਹਨਾਂ ਫਸਾਦਾਂ ਵਿਚ ਹੋ ਕੇ ਰੋਕਣ ਲਈ ਛਾਤੀਆਂ ਤਾਣ ਕੇ ਖਲੋ ਗਏ। ਮਹਾਰਾਜ ਦੀ ਇਸ ਅਸੂਲਪ੍ਰਸਤੀ ਉਤੇ ਜਿੰਨਾ ਵੀ ਪੰਜਾਬੀ ਮਾਨ ਕਰਨ ਥੋੜ੍ਹਾ ਹੈ।"

ਗ਼ੈਰ ਫਿਰਕੂ ਹੋ ਕੇ ਵੀ ਨਾਮਧਾਰੀ ਕਮਿਊਨਿਸਟ ਨਹੀਂ, ਗਊ-ਰੱਖਿਅਕ ਹੋ ਕੇ ਵੀ ਉਹ ਜਨਸੰਘੀ ਨਹੀਂ, ਜੰਗੇ ਆਜ਼ਾਦੀ ਵਿਚ ਕਾਂਗਰਸ ਦਾ ਸਾਥੀ ਹੋ ਕੇ ਉਹ ਕਾਂਗਰਸ ਤੱਕ ਸੀਮਿਤ ਨਹੀਂ, ਅਹਿੰਸਕ ਹੋ ਕੇ ਵੀ ਉਹਨਾਂ ਨੂੰ ਜੰਗੇ ਆਜ਼ਾਦੀ ਦੇ ਦਹਿਸ਼ਤ ਪਸੰਦਾਂ ਤੋਂ ਗੁਰੇਜ਼ ਨਹੀਂ। ਸਭ ਵਿਚ ਸ਼ਾਮਿਲ ਹੋ ਕੇ ਵੀ ਸਭ ਤੋਂ ਅਲਗ—ਇਸ ਸਭ ਕੁਝ ਉਪਰ ਧਿਆਨ ਦੇਂਦਿਆਂ ਧਰਮ ਅਤੇ ਰਾਜਨੀਤੀ ਦੇ ਸੰਬੰਧਾਂ ਨੂੰ ਮੁੜ ਵਿਚਾਰਨ ਦੀ ਲੋੜ ਪ੍ਰਤੀਤ ਹੁੰਦੀ ਹੈ। ਗਊ-ਰੱਖਿਆ ਜਾਂ ਜੰਗੇ ਆਜ਼ਾਦੀ, ਕੌਮੀ ਏਕਤਾ ਜਾਂ ਫਿਰਕੂਪੁਣੇ ਤੋਂ ਅਲਹਿਦਗੀ ਨਾਮਧਾਰੀ ਹਰ ਥਾਂ ਆਪਣੇ ਧਰਮ ਦੀ ਪਾਲਣਾ ਕਰ ਰਹੇ ਸਨ। ਰਾਜਨੀਤੀ ਅਤੇ ਧਰਮ ਦਾ ਜੋ ਸੁਮੇਲ ਵੀਹਵੀਂ ਸਦੀ ਦੇ ਨਾਮਧਾਰੀਆਂ ਵਿਚ ਵਿਖਾਈ ਦੇਂਦਾ ਹੈ ਉਹ ਹੋਰ ਥੇ ਦੁਰਲਭ ਹੈ। ਇਸ ਸੁਮੇਲ ਦੇ ਆਗੂ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ।

## ਫੁਟ ਨੋਟ ਅਤੇ ਟਿਪਣੀਆਂ

1. **Rebels Against The British Rule**, p. 861–62.
2. ਬਡ ਪਰਤਾਪੁ ਸੁਨਿਓ ਪ੍ਰਭੁ ਤਮੁਰੋ, ਪੰਨਾ 14.
3. **Rebels Against The British Rule.**
4. ਅਤੇ 5. ਬਡ ਪਰਤਾਪੁ ਸੁਨਿਓ ਪ੍ਰਭੁ ਤਮੁਰੋ, ਪੰਨਾ 97.
6. ਉਪਰੋਕਤ, ਪੰਨਾ 100.



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਪਸ਼ੂ ਧਨ

**—ਪ੍ਰੀਤਮ ਸਿੰਘ ਕਵੀ**

ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਦੇ ਮੁਖੀ ਵਲੋਂ ਮੈਨੂੰ ਆਗਿਆ ਹੋਈ ਹੈ ਕਿ ਮੈਂ ਸੰਬੰਧਤ ਸਤਿਗੁਰੂ ਜੀ ਦੇ ਵਿਅਕਤਿੱਤਵ ਤੇ ਵਿਚਾਰ ਕਰਦਿਆਂ ਆਪ ਜੀ ਦੇ ਪਸ਼ੂ ਧਨ ਬਾਰੇ ਕਾਰਜਾਂ ਅਤੇ ਵਿਚਾਰਾਂ ਦਾ ਵਿਸਤ੍ਰਿਤ ਉਲੇਖ ਕਰਾਂ।

ਆਪਣੀ ਗੱਲ ਨੂੰ ਸ਼ੁਰੂ ਕਰਤੇ ਤੋਂ ਪਹਿਲਾਂ ਆਪਣੇ ਬਾਰੇ ਏਨਾ ਕੁ ਦੱਸਣ ਦੀ ਖੁਸ਼ੀ ਲੈਂਦਾ ਹਾਂ ਕਿ ਇਹਨਾਂ ਪੰਗਤੀਆਂ ਦਾ ਲੇਖਕ ਉਹਨਾਂ ਸੁਭਾਗੇ ਲੋਕਾਂ ਦੀਆਂ ਸਫ਼ਾਂ ਵਿਚ ਖਲੋਤਿਆਂ ਗੌਰਵ ਅਨੁਭਵ ਕਰਦਾ ਹੈ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਦੁੰਹ ਸਤਿਗੁਰੂਆਂ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੀ ਨਿਕਟਤਾ ਦਾ ਆਨੰਦ ਮਾਣਿਆ ਹੈ।

ਇਕ ਸਾਧਾਰਣ ਜਿਹਾ ਨਾਮਧਾਰੀ, ਅਤੇ ਜ਼ਿਲਾ ਲਾਹੌਰ ਦੇ ਨਾਮਧਾਰੀ ਸੂਬੇ ਦਾ ਸਪੁਤਰ ਹੋਣ ਕਰਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਮੇਰੇ ਸਤਿਗੁਰੂ ਤਾਂ ਸਨ ਹੀ, ਪਰੰਤੂ ਉਨ੍ਹਾਂ ਮੈਨੂੰ ਪਿਤਾ-ਪਿਆਰ ਬਖਸ਼ ਕੇ ਵੀ ਕਿਰਤਾਰਥ ਕੀਤਾ ਹੈ। ਮੈਂ ਆਪ ਜੀ ਦੇ ਚਰਨ ਕੰਵਲਾਂ ਨਾਲ ਸਨੇਹ ਵੀ ਹਿਰਦਿਓਂ ਕੀਤਾ, ਲੜਾਈ ਵੀ ਲੜੀ, ਚੁੱਪ-ਵੱਟੀ ਵੀ ਚੋਦਾਂ ਸਾਲ ਲੰਘਾ ਦਿਤੇ ਅਤੇ ਫਿਰ, ਉਸ ਸੂਤਰ ਨੂੰ ਪਕੜਨ ਵਿਚ ਵੀ ਸਫਲ ਹੋ ਗਿਆ ਜੁ ਮੇਰਾ ਪ੍ਰਾਣ-ਆਧਾਰ ਸੀ।

ਸੂਤਰ ਇਹ ਸੀ ਕਿ ਮਰਨ ਤੋਂ ਪਹਿਲੋਂ-ਪਹਿਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਅਤੇ ਸਨੇਹ ਜ਼ਰੂਰ ਪ੍ਰਾਪਤ ਹੋ ਜਾਇ, ਭਾਵੇਂ ਜੀਵਨ 'ਚੋਂ ਪ੍ਰਸਥਾਨ ਦੀ ਪ੍ਰਕਿਰਿਆ ਕਿਸੇ ਨੇ ਵੀ ਅਗਾਊਂ ਕਰਨੀ ਹੋਵੇ। ਓਤ-ਪੋਤ ਰਹੇ ਸਤਿਗੁਰੂ ਜੀ ਪ੍ਰਤੀ ਇਹ ਭਾਵਨਾ ਸੰਸਕਾਰਾਂ ਵਿਚ ਹੀ ਨਿਵਾਸ ਰੱਖੀ ਬੈਠੀ ਸੀ।

ਅਤੇ, ਸਮਰੱਥ ਸਤਿਗੁਰੂ ਨੇ ਐਸੀ ਰਹਿਮਤ ਕੀਤੀ ਕਿ ਆਪਣੇ ਜੀਵਨ-ਅਸਤ ਤੋਂ ਢਾਈ ਸਾਲ ਪਹਿਲਾਂ ਚਰਨ-ਆਸਰਾ ਬਖ਼ਸ਼ ਕੇ ਜੁਗਾਂ-ਜੁਗਾਂ ਦੀਆਂ ਕਲੂਖਤਾਂ



Sri Satguru Jagjit Singh Ji eLibrary NamdhariElibrary@gmail.com

ਨਾਸ ਕਰ ਦਿਤੀਆਂ । ਨਾਲ ਹੀ, ਆਉਣ ਵਾਲੇ ਸਤਿਗੁਰੂ ਜੀ ਨਾਲ ਐਸੀ ਗੰਢ ਪਾਈ ਕਿ ਦੁਬਿਧਾ ਨੂੰ ਠਉਰ ਨਹੀਂ । 'ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧਉ ਖਿੰਚ ਤਣੀ ।'

* * *

ਨਾਮਧਾਰੀ ਜਗਤ ਉਸ ਵੇਲੇ ਦੋ ਮਹਾ ਸੰਕਟਾਂ ਵਿਚੋਂ ਗੁਜ਼ਰ ਰਿਹਾ ਸੀ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜ਼ਿੰਦਗੀ ਵਿਚ ਪਦਾਰਪਣ ਕੀਤਾ । ਪਹਿਲਾ ਸੀ ਆਪਣੇ ਵਿਸ਼ੇਸ਼ ਪਰਵਰਤਕ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ (1872) ਦਾ ਦੁੱਖੜਾ, ਜਿਨ੍ਹਾਂ ਨੇ ਰਾਸ਼ਟਰ-ਸੁਤੰਤਰਤਾ ਦਾ ਬਿਗਲ, ਆਪਣੇ ਤਰੀਕੇ ਨਾਲ 1857 ਈ: ਦੇ ਸੁਤੰਤਰਤਾ ਸੰਗਰਾਮ ਦੇ ਨਾਲ ਹੀ ਵਜਾ ਦਿਤਾ ਸੀ । ਅਤੇ ਸਿੱਖੀ ਭਾਵਨਾ ਨੂੰ ਮੁੜ ਸੁਰਜੀਤ ਕੀਤਾ ਸੀ । ਇਸ ਦੇ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ : 'ਮੁਦਤਾ, ਮੈਤ੍ਰੀ, ਕਰੁਣਾ ਦ੍ਰਿੜ੍ਹ ਕਰ ਸਿੱਖਾਂ ਮਨ ਵਸਾਈ ।' ਅਤੇ 'ਜਿਨ ਮਿਲ ਮਾਰੇ ਪੰਚ ਸੂਰ ਬੀਰ ਐਸੋ ਕਉਨੁ ਬਲੀ ਰੇ', ਦੂਜਾ ਸੰਕਟ ਸੀ ਆਪ ਜੀ ਦੇ ਉੱਤਰਾਧਿਕਾਰੀ ਗੁਰੂ ਹਰੀ ਸਿੰਘ ਜੀ ਦੇ ਘਰ ਵਾਰਸ ਦੀ ਅਣਹੋਂਦ । ਇਹਨਾਂ ਦੋਹਾਂ ਕਾਰਨਾਂ ਦਾ ਪ੍ਰਭਾਵ ਨਾਮਧਾਰੀਆਂ ਦੀਆਂ ਉਪਰਲੀਆਂ ਤੋਂ ਲੈ ਹੇਠਲੀਆਂ ਪਰਤਾਂ ਤਕ ਸੀ ਅਤੇ ਹਰ ਜਾਗਰੂਕ ਇਸ ਫ਼ਿਕਰ ਵਿਚ ਸੀ ਕਿ ਅਗੋਂ ਕੀ ਹੋਵੇਗਾ ! ਵੈਸੇ ਭੀ ਇਹ ਦਿਨ ਵਿਦੇਸ਼ੀ ਸਰਕਾਰ ਦੇ ਜਬਰ ਅਤੇ ਨਾਮਧਾਰੀਆਂ ਦੇ ਸਬਰ ਦੀ ਆਜ਼ਮਾਇਸ਼ ਦੇ ਸਨ ।

ਇਸ ਭੈਜਲ 'ਚੋਂ ਪਾਰ ਲੰਘਣ ਹਿਤ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਮਹਾਪੁਰਸ਼ਾਂ ਦੀਆਂ ਭਵਿੱਖ ਬਾਣੀਆਂ ਨੂੰ ਫਲ ਲਗਾ । ਸਤਿਗੁਰੂ ਹਰੀ ਸਿੰਘ ਜੀ ਦੇ ਘਰ 68 ਸਾਲ ਦੀ ਆਯੂ ਵਿਚ ਦੋ ਭਾਗ ਭਰੀਆਂ ਜੱਟੀਆਂ, ਸ੍ਰੀ ਮਹਿਲ ਬਣ ਕੇ, ਆਈਆਂ । ਪ੍ਰਥਮ ਮਾਤਾ ਜੀਉਣ ਕੌਰ ਜੀ, ਦੂਜੇ ਮਾਤਾ ਫਤਹਿ ਕੌਰ ਜੀ—ਬਰਾਜ ਦੇ ਸੰਤ ਸੁਭਾਵੀ ਅਤੇ ਪ੍ਰਭਾਵਸ਼ਾਲੀ ਵਿਅਕਤੀ ਸੰਤ ਖੁਸ਼ਹਾਲ ਸਿੰਘ ਦੀਆਂ ਪੁੱਤਰੀਆਂ । ਇਸ ਘਟਨਾ ਦਾ ਸਮੁੱਚੇ ਨਾਮਧਾਰੀ ਜਗਤ ਤੇ ਆਸ਼ਾਵਾਦੀ ਪ੍ਰਭਾਵ ਪਿਆ ਅਤੇ ਖ਼ੂਬ ਸੁਆਗਤ ਹੋਇਆ (1887 ਈ:) ।

ਸਮੁੱਚੇ ਸਮਾਜ ਸ਼ੁਭਚਿੰਤਕਾਂ ਨੂੰ ਇਕ ਚੈਨ ਭਰੀ ਰਾਹਤ ਮਿਲੀ ਜਦੋਂ 1890 ਈ: ਵਿਚ ਮਹਾ ਪ੍ਰਤਾਪੀ ਸਤਿਗੁਰੂ ਜੀ, ਪਿਤਾ ਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਉਣ ਕੌਰ ਜੀ ਦੇ ਗ੍ਰਹਿ ਦੀ ਸ਼ੋਭਾ ਬਣ ਪਰਗਟ ਹੋਏ । ਅੰਗਰੇਜ਼ੀ ਰਾਜ ਸਦਕਾ ਬੰਦੀਖਾਨਾ ਬਣੇ ਸ੍ਰੀ ਭੈਣੀ ਸਾਹਿਬ ਦੀਆਂ ਕੰਸਾਂ, ਵਾਸੁਦੇਵ ਘਰ ਕ੍ਰਿਸ਼ਨ ਜਨਮ ਵਾਂਗ, ਏਸੇ ਸਮੇਂ ਤੋਂ ਢਿੱਲੀਆਂ ਪੈਣੀਆਂ ਸ਼ੁਰੂ ਹੋ ਗਈਆਂ ।

ਬਾਲ ਲੀਲ੍ਹਾ ਪਿੰਡ ਦੇ ਹਾਣ-ਪਰਮਾਣ ਅਤੇ ਪਸੰਦ ਆਏ ਸਿੱਖ ਸੇਵਕਾਂ ਦੇ ਲੜਕਿਆਂ ਨਾਲ ਨਿਰਭੈ ਵਿਚਰ ਕੇ ਕੀਤੀ । ਅਲਪ ਆਯੂ ਵਿਚ ਹੀ ਆਪ ਪੰਜ ਗ੍ਰੰਥੀ, ਦਸ ਗ੍ਰੰਥੀ, ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਜੀ ਦਾ ਸ਼ੁਧ ਅਤੇ ਸਪੱਸ਼ਟ ਪੜ੍ਹਨ ਵਾਲੇ ਤੇਜ਼ ਪਾਠੀ ਹੋ ਗਏ । ਚਿੰਤਨ ਇੰਨਾ ਕਿ ਜੋ ਇਕ ਵਾਰ ਸੁਣ ਪੜ੍ਹ



Sri Satguru Jagjit Singh Ji eLibrary NamdhariElibrary@gmail.com

ਲਿਆ ਉਹ ਜ਼ਿੰਦਗੀ ਭਰ ਨਹੀਂ ਭੁੱਲਾ। ਖੇਡਣ-ਮੱਲ੍ਹਣ ਵਿਚ ਵਿਅਸਤ ਰਹਿੰਦਿਆਂ ਵੀ ਅਧਿਆਪਕਾਂ ਨੂੰ ਸੰਥਾ ਅਭੁੱਲ ਸੁਣਾਈ।

ਕਿਸ਼ੋਰ ਅਵਸਥਾ ਵਿਚ ਹੀ ਪਿਆਰੇ ਪਿਤਾ ਜੀ ਦਾ ਸਾਇਆ ਸਿਰੋਂ ਉਠ ਗਿਆ। ਓਦੋਂ ਆਪ ਕੇਵਲ 16 ਵਰ੍ਹੇ ਦੇ ਸਨ ਜਦੋਂ ਗੁਰੂ ਗੱਦੀ ਦੀਆਂ ਜ਼ਿਮੇਵਾਰੀਆਂ ਆਪ ਜੀ ਦੇ ਸਿਰ ਆ ਪਈਆਂ। ਪਰ ਬਿਨਾਂ ਡਿੱਗਣ-ਡੋਲਣ ਦੇ ਸਮਾਜ ਵਿਚ ਆਪਣੇ ਰੁਤਬੇ ਨੂੰ ਪਛਾਣਿਆ ਅਤੇ ਉਹਦੀ ਅਗਵਾਈ ਦੇ ਹੋਰ ਯੋਗ ਹੋਣ ਵਾਸਤੇ ਜੀਵਨ ਸੰਜਮ ਦੇ ਅਨੇਕਾਂ ਨੇਮ ਅਪਣਾ ਕੇ ਕਠਿਨ ਤਪੱਸਿਆ ਵੱਲ ਰੁਚਿਤ ਹੋ ਗਏ। ਆਪ ਜੀ ਦੇ ਖੇਡ ਸਾਥੀ ਆਪਣੇ ਜਵਾਨ ਸਤਿਗੁਰੂ ਜੀ ਦੇ ਅਸਾਧਾਰਣ ਵਤੀਰੇ ਨੂੰ ਵੇਖ ਫ਼ਿਕਰਮੰਦ ਵੀ ਹੋਣ ਲਗੇ—ਪਰ ਉਨ੍ਹਾਂ ਲਈ ਉਹੋ ਪਿਆਰਾ ਸੀ ਜੋ ਉਚੇਰੀਆਂ ਦਿਸ਼ਾਵਾਂ ਵਲ ਉਨ੍ਹਾਂ ਦੇ ਨਾਲ ਹੋ ਵਧੇ।

ਸਮੇਂ, ਸਮਾਜ ਅਤੇ ਸਿਰੋਂ ਧਾਰਨ ਕੀਤੀਆਂ ਜ਼ਿਮੇਵਾਰੀਆਂ ਨੇ ਆਪ ਜੀ ਦੇ ਗੁਣਾਂ ਦਾ ਨਿਖਾਰ ਸਿਖਰਾਂ ਤੱਕ ਲੈ ਆਂਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੈਵੀ ਸ਼ਕਤੀਆਂ ਦੇ ਸਮੁੱਚ ਦੇ ਸੁਆਮੀ ਤਾਂ ਸਨ ਹੀ ਉਹਨਾਂ ਦੁਨਿਆਵੀ ਤਾਕਤਾਂ ਨੂੰ ਵੀ ਜਿੱਤ ਰੱਖਿਆ ਸੀ। ਸਰਵਾਂਗੀਣ ਪ੍ਰਤਿਭਾ ਦੇ ਧਨੀ ਹੁੰਦਿਆਂ ਆਪ ਜੀ ਸਦਾ ਸਾਦਗੀ, ਸਪੱਸ਼ਟਤਾ ਅਤੇ ਸਹਿਜਤਾ ਦੇ ਰਥ ਤੇ ਸਵਾਰ ਰਹੇ। ਆਪ ਜੀ ਨੇ ਜ਼ਿੰਦਗੀ ਦੇ ਪਿੜ ਵਿਚ ਜਿਨ੍ਹਾਂ ਖੇਤਰਾਂ ਵਿਚ ਮੱਲਾਂ ਮਾਰੀਆਂ ਉਨ੍ਹਾਂ ਸਭਨਾਂ ਨੂੰ ਨਾ ਛੁਹਦਿਆਂ ਮੈਂ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਸ਼ੂ ਧਨ ਬਾਰੇ ਵਿਚਾਰਾਂ ਅਤੇ ਪ੍ਰਾਪਤੀਆਂ ਨੂੰ ਹੀ ਵਰਣਨ ਕਰਾਂਗਾ।

ਓਦੋਂ ਸੱਚੇ ਪਾਤਸ਼ਾਹ ਜੀ 38 ਵਰ੍ਹਿਆਂ ਦੇ ਸਨ ਜਦੋਂ ਮੈਂ ਆਪ ਜੀ ਦੇ ਪ੍ਰਥਮ ਸਿਰਜੇ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦਾ ਵਿਦਿਆਰਥੀ ਜਾ ਬਣਿਆ। ਇਸ ਵਿਦਿਆਲੇ ਵਿਚ 10 ਸਾਲ ਤਕ ਦੇ ਬੱਚੇ ਹੀ ਵਿਦਿਆਥੀ ਰੂਪ ਵਿਚ ਸਵੀਕਾਰੇ ਜਾਂਦੇ ਸਨ। ਮੇਰੀ ਆਯੂ ਇਸ ਮਿਆਰ ਤੋਂ ਚੋਖੀ ਉਚੇਰੀ ਸੀ, ਪਰੰਤੂ ਪਿਤਾ ਜੀ ਦੇ ਜ਼ਿਲਾ ਲਾਹੌਰ ਦੇ ਸੂਬਾ ਹੋਣ ਦਾ ਲਾਭ ਮੈਨੂੰ ਮਿਲ ਗਿਆ।

1935–36 ਦੇ ਸਾਲ ਸਨ ਜਦੋਂ ਤੋਂ ਸਤਿਗੁਰੂ ਜੀ ਦੀ ਸਥਾਪਤ ਸੁਵਿਵਸੰਥਤ ਪਸ਼ੂ ਸ਼ਾਲਾ ਦੀਆਂ ਦਫਤਰੀ ਕਾਰਵਾਈਆਂ ਮੇਰੇ ਸਪੁਰਦ ਹੋ ਗਈਆਂ। ਮੈਂ, ਜਦੋਂ ਆਪ ਜੀ ਸ੍ਰੀ ਭੈਣੀ ਸਾਹਿਬ ਦਰਸ਼ਨ ਦੇ ਰਹੇ ਹੁੰਦੇ ਸਮੁੱਚੇ ਗਊ ਦੁੱਧ ਅਤੇ ਕੱਲੀ ਕੱਲੀ ਗਊ ਦੀ ਪ੍ਰਾਪਤੀ ਦੇ ਵੇਰਵੇ ਦੇਣ ਹਿਤ ਸ਼੍ਰੀ ਚਰਨਾਂ ਵਿਚ ਹਾਜ਼ਰ ਹੁੰਦਾ।

* * *

ਪਸ਼ੂ ਸ਼ਾਲਾ ਅਤੇ ਘੋੜ ਸ਼ਾਲਾਵਾਂ ਤਾਂ ਗੁਰੂ ਘਰ ਵਿਚ ਉਸ ਸਮੇਂ ਤੋਂ ਹੀ ਚਲੀਆਂ ਆ ਰਹੀਆਂ ਹਨ ਜਦੋਂ ਤੋਂ ਗੁਰੂ-ਸਿਖ-ਪਰੰਪਰਾ ਪ੍ਰਪਕ ਰੂਪ ਵਿਚ ਸਥਿਰ ਹੋ ਗਈ। ਇਸ ਪਰੰਪਰਾ ਵਿਚ ਕੇਂਦਰ ਸਤਿਗੁਰੂ ਅਤੇ ਉਸ ਦੇ ਦੁਆਲੇ ਵਰੋਸਾਏ ਸਿਖਾਂ ਦੀ ਆਪਣੀ ਅਤੇ ਪਿਆਰੀ-ਦੁਨੀਆਂ। "ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ" "ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।" ਅਤੇ "ਤਿਨਕੇ ਤੁਰੇ ਜ਼ੀਨ ਖੁਰਗੀਰ ਸਭਿ ਪਵਿਤ੍ਰੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ



Sri Satguru Jagjit Singh Ji eLibrary NamdhariElibrary@gmail.com

ਚੜਿ ਜਾਤੇ'' ਗੁਰਬਾਣੀ ਦੀਆਂ ਇਹ ਤੁਕਾਂ ਸਾਡੇ ਕਥਨ ਦੀ ਪੁਸ਼ਟੀ ਕਰਦੀਆਂ ਹਨ। ਇਤਿਹਾਸ ਦੱਸਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਅਗਿਆਤ ਵਾਸ ਨੂੰ ਪ੍ਰਗਟ ਹੀ ਉਨ੍ਹਾਂ ਦੀ ਘੋੜੀ ਨੇ, ਉਸੇ ਥਾਂ ਪਹੁੰਚ ਕੇ, ਕੀਤਾ ਸੀ ਜਿਥੇ ਆਪ ਜੀ ਤਪੱਸਿਆ ਕਰਦੇ ਸਨ। ਛੇਵੇਂ ਪਾਤਸ਼ਾਹ ਤੋਂ ਹੀ ਗੁਰੂ ਘਰ ਘੋੜੇ ਪਾਲਦਾ-ਸੰਭਾਲਦਾ ਰਿਹਾ ਹੈ। ਅੱਗੇ ਚਲ ਕੇ, ਦਸਮ ਸਤਿਗੁਰੂ ਜੀ ਦੇ ਸਮੇਂ, ਤਾਂ ਘੋੜਿਆਂ ਦੀ ਮਹੱਤਤਾ ਹੋਰ ਵੀ ਵਧ ਗਈ। ਸਤਿਗੁਰੂ ਰਾਮ ਸਿੰਘ ਜੀ ਵੀ 'ਚੀਨੀ ਵਾਲਾ' ਕਰਕੇ ਜਾਣੇ ਜਾਂਦੇ ਸਨ ਕਿਉਂਕਿ ਆਪ ਜੀ ਨੇ, ਸ. ਮੰਗਲ ਸਿੰਘ ਬਿਸ਼ਨ ਪੁਰੀਏ ਵਲੋਂ ਭੇਟਾ ਕੀਤੀ ਚੀਨੀ ਘੋੜੀ ਆਪਣੀ ਸਵਾਰੀ ਲਈ ਵਿਸ਼ੇਸ਼ ਪਰਵਾਨਿਤ ਕਰ ਰਖੀ ਸੀ। ਸਿਖ ਇਤਿਹਾਸ ਵਿਚ ਘੋੜਸ਼ਾਲਾ-ਅਸਤਬਲਾਂ ਦਾ ਜ਼ਿਕਰ ਤਾਂ ਮਿਲ ਜਾਂਦਾ ਹੈ ਪਰ ਦੁਧੈਲ ਪਸ਼ੂਆਂ ਬਾਰੇ ਉਲੇਖ ਪ੍ਰਸਿੱਧੀ ਨਹੀਂ ਪਾ ਸਕਿਆ।

ਇਸ ਗੱਲੋਂ ਸ੍ਰੀ ਭੈਣੀ ਸਾਹਿਬ ਦਾ ਵਰਤਾਰਾ ਵਿਸ਼ੇਸ਼ਤਾ ਰਖਦਾ ਹੈ। ਏਥੇ ਦੀ ਪਸ਼ੂ ਸ਼ਾਲਾ ਦਾ ਇਤਿਹਾਸ ਉਨ੍ਹੀਵੀਂ ਸਦੀ ਦੇ ਅੰਤਮ ਦਹਾਕੇ ਤੋਂ ਤੁਰਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਾਂਦੇ-ਜਾਂਦੇ ਸਾਡੇ ਤੇ ਇਕ ਹੋਰ ਉਪਕਾਰ ਕਰ ਗਏ। ਉਹ ਹੈ ਆਪ ਜੀ ਦੁਆਰਾ ਤਿਆਰ ਕਰਵਾਈ ਗਈ ਇਕ ਪੁਸਤਿਕਾ ''ਸਤਿਗੁਰੂ ਹਰੀ ਸਿੰਘ ਪਸ਼ੂ-ਪਾਲਨ ਫਾਰਮ, ਸ੍ਰੀ ਜੀਵਨ ਨਗਰ'' ਇਸ ਵਿਚੋਂ ਸਾਨੂੰ ਬੀਤੇ ਦੇ ਧੁੰਧਲਕੇ ਵਿਚ ਦੂਰ ਤਕ ਝਾਤ ਪਾਣ ਦਾ ਅਵਸਰ ਮਿਲਦਾ ਹੈ ਅਤੇ, ਸਾਨੂੰ ਕਲਪਣਾ ਦੀਆਂ ਵਾਦੀਆਂ ਵਿਚ ਭਟਕਣ ਦੀ ਥਾਂ ਯਥਾਰਥ ਦੀ ਧਰਤੀ ਨਸੀਬ ਹੁੰਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਇਸ ਪੁਸਤਿਕਾ, ਜਿਸਨੂੰ ਹਿੰਦੀ ਅੰਗਰੇਜ਼ੀ ਵਿਚ ਮਿਲਵਿਆਂ ਛਪਵਾਇਆ ਗਿਆ, ਲਿਖਤ ਦੇ ਤੌਰ ਤੇ ਪਹਿਲਾ ਸਥਾਨ ਗਊਸ਼ਾਲਾ ਨੂੰ ਦਿਤਾ ਹੈ, ਦੂਜਾ ਸਥਾਨ ਘੋੜਸ਼ਾਲਾ ਨੂੰ। ਇਸੇ ਪੁਸਤਕ ਵਿਚ ਦਿਤੀਆਂ ਗਈਆਂ ਫੋਟੋ ਵਿਚ ਪ੍ਰਾਥਮਿਕਤਾ ਘੋੜੇ-ਘੋੜੀਆਂ ਨੂੰ ਮਿਲੀ, ਪਸ਼ੂ ਧਨ ਫੇਰ ਲਿਆ ਗਿਆ ਹੈ। ਅਸਲ ਵਿਚ ਘੋੜਿਆਂ ਦੀ ਸੇਵਾ-ਸੰਭਾਲ ਅਤੇ ਫੇਰ ਰੇਸਾਂ ਅਰਥਾਤ ਘੋੜਦੌੜ ਵਿਚ ਦਿਲ-ਚਸਪੀ ਨੇ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਸਲ ਸੁਧਾਰ ਵਲ ਪ੍ਰੇਰਿਤ ਕੀਤਾ। ਇਸੇ ਧਾਰਣਾ ਨੂੰ ਮੁਖ ਰਖ ਮੈਂ ਘੁੜ-ਸ਼ਾਲਾ ਤੋਂ ਆਪਣਾ ਵਿਵਰਣ ਸ਼ੁਰੂ ਕਰਦਾ ਹਾਂ।

* * *

ਸ੍ਰੀ ਸਤਿਗੁਰੂ ਜੀ ਨੂੰ ਸਕੂਲੀ ਤਾਲੀਮ ਦੀ ਜ਼ਰੂਰਤ ਨਹੀਂ ਪਈ। ਉਹਨੀਂ ਦਿਨੀਂ, ਉਨ੍ਹੀਵੀਂ ਸਦੀ ਦੇ ਅੰਤਮ ਅਤੇ ਵੀਹਵੀਂ ਦੇ ਪ੍ਰਥਮ ਦਹਾਕਿਆਂ ਵਿਚ, ਸਕੂਲ ਕਾਲਿਜ ਬਹੁਤ ਹੀ ਘੱਟ ਸਨ, ਅਤੇ ਜੋ ਸਨ, ਉਹ ਅੰਗਰੇਜ਼ਾਂ ਦੀ ਗੁਲਾਮੀ ਨੂੰ ਸਥਿਰ ਰੱਖਣ ਵਾਲੀ ਸਿੱਖਿਆ ਹੀ ਦਿੰਦੇ ਸਨ। ਪਹਿਲਾ ਕਾਰਣ ਇਹ ਵੀ ਸੀ ਕਿ ਪੂਰਵ ਦੋਹ ਸਤਿਗੁਰੂਆਂ ਵਲੋਂ ਵਿਦੇਸ਼ੀ ਤਾਲੀਮ ਅਤੇ ਸਕੂਲਾਂ ਦਾ ਬਾਈਕਾਟ ਚੱਲ ਰਿਹਾ ਸੀ, ਜਿਵੇਂ ਵਿਦੇਸ਼ੀ ਵਸਤਰਾਂ, ਕੋਰਟ-ਕਚਹਿਰੀਆਂ ਅਤੇ ਡਾਕ ਤਾਰ ਆਦਿ ਦਾ ਭੀ। ਤਾਂ ਵੀ ਸ੍ਰੀ ਸਤਿਗੁਰੂ ਜੀ ਨਿਜੀ ਵਸੀਲਿਆਂ ਦੁਆਰਾ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਅੰਗਰੇਜ਼ੀ ਜ਼ਬਾਨਾਂ ਦੇ ਚੰਗੇ ਜਾਣਕਾਰ ਹੋ ਗਏ। ਪ੍ਰੰਤੂ ਪ੍ਰਾਥਮਿਕਤਾ ਸਦਾ ਹੀ ਪੰਜਾਬੀ ਨੂੰ ਮਿਲੀ।



Sri Satguru Jagjit Singh Ji eLibrary NamdhariElibrary@gmail.com

ਜਦੋਂ ਨੂੰ ਸਾਡੀ ਹੋਸ਼ ਦੀ ਅੱਖ ਖੁਲ੍ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜਦੌੜਾਂ ਵਿਚ ਗਹਿਰੀ ਰੁਚੀ ਲੈ ਰਹੇ ਸਨ। ਸਤਿਗੁਰੂ ਜੀ ਦੀ ਭੈਣੀ ਸਾਹਿਬ ਵਿਚਲੀ ਘੋੜ-ਸ਼ਾਲਾ ਦੇ ਘੋੜੇ ਤਿੰਨ ਵਿਭਿੰਨ ਪਰਕਾਰ ਨਾਲ ਵਰਤੋਂ ਵਿਚ ਆਉਂਦੇ। ਇਕ, ਜੁ ਗੁਰੂ ਕੇ ਦੇਸ਼ ਦੋਰਿਆਂ ਸਮੇਂ ਸ੍ਰੀ ਸਤਿਗੁਰੂ ਜੀ, ਸੂਬਿਆਂ, ਸੰਤਾਂ, ਮਹੰਤਾਂ, ਜਥੇਦਾਰਾਂ, ਅਪਾਹਿਜਾਂ ਅਤੇ ਰੋਗੀਆਂ ਦੀ ਸਵਾਰੀ ਹਿਤ ਵਰਤੇ ਜਾਂਦੇ। ਦੂਜੇ, ਸਾਧਾਰਨ ਘੋੜੇ ਵੱਖ ਵੱਖ ਜ਼ਿਲਿਆਂ ਵਿਚੋਂ ਗੁਰੂ ਕੇ ਲੰਗਰ ਵਾਸਤੇ ਅੰਨ, ਦਾਲਾਂ, ਆਦਿ ਦੀ ਉਗਰਾਹੀ ਵਾਸਤੇ ਸਿੰਘਾਂ ਦੀ ਸਹੂਲਤ ਲਈ ਦਿਤੇ ਜਾਂਦੇ। ਤੀਜੀ ਭਾਂਤ ਉਨ੍ਹਾਂ ਘੋੜਿਆਂ ਦੀ ਹੁੰਦੀ ਜੋ ਬਹੁਤਾ ਉਚੇਚ ਨਾਲ ਖ਼ਰੀਦੇ, ਪਾਲੇ ਅਤੇ ਸਿਧਾਏ ਜਾਂਦੇ। ਇਨ੍ਹਾਂ ਨਾਲ ਸਤਿਗੁਰੂ ਜੀ ਰੇਸਾਂ ਦੇ ਮੈਦਾਨ ਵਿਚ ਚਮਤਕਾਰ ਕਰਦੇ।

ਰੇਸ ਲਈ ਤਿਆਰ ਕੀਤੇ ਜਾਂਦੇ ਅਛਿੰਦੇ ਅਤੇ ਕੀਮਤੀ ਘੋੜਿਆਂ ਲਈ ਬਾਕਾਇਦਾ ਪਰ ਸਾਦਾ ਅਸਤਬਲ ਸਨ। "ਸਾਦਾ" ਸ਼ਬਦ ਦੀ ਵਰਤੋਂ ਕਰਦਿਆਂ ਮਹਾਂ ਪ੍ਰਤਾਪੀ ਅਤੇ ਅਦੁਤੀ ਪ੍ਰਤਿਭਾ ਦੇ ਮਾਲਿਕ ਸਤਿਗੁਰੂ ਜੀ ਦਾ ਇਕ ਵਿਸ਼ੇਸ਼ ਨੁਕਤਾ ਯਾਦ ਆਇਆ ਹੈ। ਆਪ ਕਿਹਾ ਕਰਦੇ ਸਨ: ਥੋੜੇ ਤੋਂ ਤੁਰੋ, ਸੰਭਲ ਕੇ ਚਲਦਿਆਂ ਬਹੁਤੇ ਵਲ ਜਾਓ, ਐਸਾ ਨ ਕਰੋ ਕਿ ਬਿਲਡਿੰਗਾਂ ਤੇ ਲੱਖਾਂ ਲਗਾ ਦਿਓ ਅਤੇ ਜਿਸਦੇ ਵਾਸਤੇ ਬਿਲਡਿੰਗਾਂ ਬਣੀਆਂ ਹਨ ਉਸਦੀ ਪ੍ਰਾਪਤੀ ਲਈ ਕੋਲ ਕੱਖ ਨ ਬਚੇ। ਗ਼ਰੀਬੀ ਤੋਂ ਅਮੀਰੀ ਵਲ ਵਧਣਾ ਸੁਖਦਾਈ ਹੈ, ਅਮੀਰੀਓਂ ਗ਼ਰੀਬੀ ਵਲ ਖਿਸਕਾਉ ਬੜਾ ਹੇਠੀ ਭਰਿਆ ਅਤੇ ਦੁਖਦਾਈ ਹੁੰਦਾ ਹੈ।

ਸ੍ਰੀ ਭੈਣੀ ਸਾਹਿਬ ਵਿਖੇ ਜਿਥੇ ਅਜ ਕਲ ਪਸ਼ੂ ਸ਼ਾਲਾ ਅਤੇ ਬਿਰਧ ਸ਼ਾਲਾ ਹੈ, ਏਥੇ ਕਦੇ ਘੋੜਿਆਂ ਲਈ ਛੱਤੇ ਵੱਖ ਵੱਖ ਕਮਰਿਆਂ ਵਾਲੇ ਅਸਤਬਲ ਹੁੰਦੇ ਸਨ। ਮੌਜੂਦਾ 'ਨਿਰੰਤਰ ਵਰਨੀ ਮੰਦਰ' ਦੇ ਨੇੜਿਓਂ ਸ਼ੁਰੂ ਹੋਕੇ ਗੋਲ ਛੱਪਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅੰਤ ਸਮੇਂ ਦਾ ਨਿਵਾਸ, ਦੇ ਬਰਾਬਰ ਤੱਕ ਵਿਸ਼ੇਸ਼ ਕੀਮਤੀ ਘੋੜਿਆਂ ਲਈ ਕਮਰੇ ਸਨ। ਓਦੋਂ ਪਸ਼ੂ ਸ਼ਾਲਾ, ਅੱਜ ਵਾਲੀਆਂ ਗੋਕੀਆ ਖੁਰਲੀਆਂ ਤੋਂ ਚੜ੍ਹਦੇ ਵਲ ਦੇ ਖੇਤਰ ਵਿਚ ਸੀ।

1947 ਈ: ਵਿਚ ਜਦੋਂ ਜੀਵਨ ਨਗਰ ਇਲਾਕੇ ਦੀ ਜ਼ਮੀਨ ਖ਼ਰੀਦੀ ਗਈ ਤਦ ਤੋਂ ਜੀਵਨ ਨਗਰ ਸਤਿਗੁਰੂ ਜੀ ਦੀ ਮੁਖ ਕਾਰਜਸ਼ਾਲਾ ਬਣ ਗਈ। ਸ੍ਰੀ ਭੈਣੀ ਸਾਹਿਬ ਵਿਚ ਤਾਂ ਮਸਾਂ 5-7 ਏਕੜ ਜ਼ਮੀਨ ਹੀ ਸੀ, ਪਸ਼ੂਆਂ ਦੇ ਨੀਰੇ ਚਾਰੇ ਲਈ; ਦੂਜੀ ਜਗਹ ਸੀ ਨਹਿਰ ਸਰਹਿੰਦ, ਅਰਥਾਤ, ਨੀਲੋਂ ਵਾਲੀ ਨਹਿਰ ਕੋਲ ਪਿੰਡ ਪੂਨੀਆਂ ਦੀ 7 ਏਕੜ ਧਰਤੀ। ਭੈਣੀ ਸਾਹਿਬ ਨਾਲ ਸੰਬੰਧਤ ਤੀਜੀ ਥਾਂ ਵੀ ਸੀ, ਮਹਾਰਾਜਾ ਰਿਪੁਦਮਨ ਸਿੰਘ ਵਲੋਂ, ਟਿੱਕਾ ਪ੍ਰਤਾਪ ਸਿੰਘ ਦੇ ਜਨਮ ਤੇ 1220 ਏਕੜ ਦੀ ਬੀੜ ਭਮਾਰਸੀ। ਏਥੇ ਜ਼ਰੂਰਤ ਸਮੇਂ ਘੋੜੇ ਵੀ ਰਖੇ ਜਾਂਦੇ ਪਰ ਬਰਸਾਤ ਤੋਂ ਪਿਛੋਂ ਅਨ-ਉਪਜਾਊ ਪਸ਼ੂਆਂ ਲਈ ਇਹ ਖੁਲ੍ਹੀ ਚਾਰਾਗਾਹ ਸੀ। ਧਿਆਨ ਦੇਣ ਯੋਗ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰੂ ਕੇ ਲੰਗਰ ਲਈ 60 ਏਕੜ ਜ਼ਮੀਨ ਰਖ ਕੇ ਬਾਕੀ ਦੀ ਗ਼ਰੀਬ ਨਾਮਧਾਰੀਆਂ ਵਿਚ ਬਿਨਾ ਮੁੱਲੋਂ ਵੰਡ ਦਿਤੀ ਸੀ।

ਇਸ ਲਈ ਜ਼ਮੀਨ ਦੇ ਪੱਖੋਂ ਜੀਵਨ ਨਗਰ ਦੇ ਮੁਰੱਬਿਆਂ ਵਿਚ ਹੀ ਵਧੇਰੇ



Sri Satguru Jagjit Singh Ji eLibrary NamdhariElibrary@gmail.com

ਸਥਾਨ ਸੀ । ਸੋ ਜਦੋਂ ਸ੍ਰੀ ਸਤਿਗੁਰੂ ਜੀ ਨੇ ਇਸ ਇਲਾਕੇ ਦੀ ਉਨਤੀ ਬਾਰੇ ਸੋਚ ਲਿਆ ਤਾਂ ਦੂਜੀ ਪਸ਼ੂ ਸ਼ਾਲਾ ਦੇ ਨਾਲ ਘੋੜਸ਼ਾਲਾ ਵੀ ਏਥੇ ਸਥਾਪਤ ਹੋ ਗਈ । ਤਕੜੇ ਸਿਰੜ, ਕੁਰਬਾਨੀਆਂ ਅਤੇ ਖ਼ਾਸੀ ਜਦੋ ਜਹਿਦ ਨਾਲ ਜੀਵਨ ਨਗਰ ਆਬਾਦ ਕੀਤਾ ਗਿਆਂ । ਇਸਨੇ ਸ੍ਰੀ ਸਤਿਗੁਰੂ ਜੀ ਦੇ ਸੁਪਨਿਆਂ ਨੂੰ ਸਾਕਾਰ ਕਰ ਦਿਤਾ । ਘੋੜ-ਸ਼ਾਲਾ ਪਸ਼ੂ ਸ਼ਾਲਾ ਦੀ ਪ੍ਰਗਤੀ ਦੇ ਨਾਲ ਨਾਲ, ਪਾਕਿਸਤਾਨ ਦੇ ਵਜੂਦ ਵਿਚ ਆਉਣ ਉਪ੍ਰੰਤ ਉੱਜੜ ਕੇ ਆਏ ਸਿੱਖਾਂ ਦਾ ਵਸੇਬਾ ਏਥੇ ਐਸੇ ਸਮੂਹਕ ਢੰਗ ਨਾਲ ਹੋ ਸਕਿਆ ਜਿਸਦੀ ਮਿਸਾਲ ਨਹੀਂ ਮਿਲਦੀ । ਮੁਢਲੇ 3-4 ਸਾਲ ਦੀਆਂ ਅਕਾਊ-ਭਜਾਊ ਤਕਲੀਫ਼ਾਂ ਉਪ੍ਰੰਤ ਸਿਖ ਅੰਤ ਨੂੰ ਸਮਰਿਧੀ ਦੇ ਰਾਹ ਤੇ ਵਧ ਤੁਰੇ ।

ਜੀਵਨ ਨਗਰ ਤੋਂ ਪਹਿਲੋਂ ਗੁਰੂ ਜੀ ਦੀ ਘੋੜਸ਼ਾਲਾ ਦਾ ਇਕ ਹੋਰ ਵੀ ਉਪਯੁਕਤ ਸਥਾਨ ਸੀ । ਉਹ ਸੀ ਲਾਹੌਰ ਵਿਖੇ ਸੰਤ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਸੰਤਾਨ ਸ. ਕਰਤਾਰ ਸਿੰਘ ਨਰਾਇਣ ਸਿੰਘ ਕੀ, ਛਾਉਣੀ ਮੀਆਂ ਮੀਰ ਵਲ ਜਾਂਦੀ ਸੜਕ ਤੇ ਵਿਸ਼ਾਲ ਕੋਠੀ । ਰੇਸ ਵਾਲੇ ਘੋੜੇ ਏਥੇ ਬਹੁਤਾ ਸਮਾ ਪਾਲੇ-ਸੰਭਾਲੇ ਤੇ ਸਿਖਾਲੇ ਜਾਂਦੇ । ਇਹਨਾਂ ਕੀਮਤੀ ਘੋੜਿਆਂ ਕਾਰਨ ਇਹ ਜਗਹ ਵੀ ਸਤਿਗੁਰੂ ਜੀ ਦੇ ਧਿਆਨ ਦਾ ਕੇਂਦਰ ਬਣੀ ਰਹਿੰਦੀ । ਸਤਿਗੁਰਾਂ ਦਾ ਇਹ ਘੁੜ ਦੌੜ ਦਾ ਸ਼ੌਕ ਹੀ ਸੀ ਕਿ ਡੇਢ ਦੋ ਦਰਜਨ ਦੇ ਕਰੀਬ ਕੀਮਤੀ ਘੋੜੇ ਉਪ੍ਰੋਕਤ ਅਸਤਬਲਾਂ ਵਿਚ ਠਾਠਦਾਰ ਜੀਵਨ ਗੁਜ਼ਾਰਦੇ । ਏਨਾ ਹੀ ਨਹੀਂ, ਇਹਨਾਂ ਰੇਸ ਜੇਤੂ ਘੋੜਿਆਂ ਲਈ ਮੌਸਮ ਅਨੁਸਾਰ ਸਥਾਨ-ਅੰਤ੍ਰਣ ਵੀ ਹੋ ਜਾਂਦਾ—ਮੰਡੀ (ਹਿਮਾਚਲ), ਸ਼ਿਮਲਾ, ਬੰਬਈ, ਬੰਗਲੌਰ ਵੀ ਇਹਨਾਂ ਦੀਆਂ ਪੱਕੀਆਂ ਠਾਹਰਾਂ ਸਨ ।

ਸਤਿਗੁਰੂ ਜੀ ਦੀ ਦੂਰ-ਦ੍ਰਿਸ਼ਟੀ ਤੱਕ ਪਹੁੰਚ ਦੀ ਰਸਾਈ ਨਾ ਰਖਣ ਵਾਲੇ ਕੁਝ ਨੁਕਤਾਚੀਨ ਸਤਿਗੁਰਾਂ ਦੀ ਘੋੜਿਆਂ ਪ੍ਰਤੀ ਰੁਚੀ ਅਤੇ ਰੇਸਾਂ ਵਿਚ ਦਿਲਚਸਪੀ ਨੂੰ ਕਈ ਬਹਾਨਿਆਂ ਨਾਲ ਕਿੰਤੂ ਕਰਦੇ ਸਨ । ਉਹ ਆਪ ਜੀ ਨੂੰ ਅਤੇ ਸਮੁੱਚੇ ਨਾਮਧਾਰੀ ਸਮਾਜ ਨੂੰ ਕਿਸੇ ਸਿਆਸੀ ਪਾਰਟੀ ਦੇ ਪਿੱਛੇ-ਪਿੱਛੇ ਚਲਾਉਣ ਬਾਰੇ ਹੀ ਸੋਚਦੇ ਰਹਿੰਦੇ । ਪ੍ਰੰਤੂ ਸਤਿਗੁਰੂ ਜੀ ਦਾ ਉੱਤਰ ਸਪੱਸ਼ਟ ਸੀ : "ਅਸਾਂ ਕਿਸੇ ਪਾਰਟੀ ਦੇ ਪ੍ਰੋਗਰਾਮ ਨੂੰ ਅਪਨਾਣਾ ਨਹੀਂ, ਦੇਸ਼ ਭਗਤ ਸ਼ਕਤੀਆਂ ਨੂੰ ਅਪਣਾ ਪ੍ਰਬਲ ਸਮਰਥਨ ਦੇਣਾ ਹੈ । ਰੇਸਾਂ ਵਿਚ ਦਿਲਚਸਪੀ ਕੇਵਲ ਉੱਚੇ ਸੰਪਰਕਾਂ ਲਈ ਹੈ ਤਾਂਕਿ ਨੌਕਰਸ਼ਾਹੀ ਸਾਡੇ ਤੇ ਵਧੀਕੀਆਂ ਨ ਕਰ ਸਕੇ । ਬਰਤਾਨਵੀ ਸਰਕਾਰ ਨੂੰ ਗਿਆਨ ਹੈ ਕਿ ਅਸੀਂ ਕਿਸ ਦੇ ਵਿਰਸੇ ਨੂੰ ਸੰਭਾਲੀ ਬੈਠੇ ਹਾਂ ਅਤੇ ਉਹ ਕਿੰਨਾ ਕੁ ਅੰਗਰੇਜ਼ ਹਮੈਤੀ ਹੈ । ਰੇਸਾਂ ਵਿਚ ਵੀ ਅਸੀਂ ਆਪਣਾ ਜੇਤੂ ਸੰਘਰਸ਼ ਜਾਰੀ ਰਖਦੇ ਹਾਂ ।"

* * *

ਸਿੱਖ ਆਪਣੀ ਸ਼ਰਧਾ ਅਨੁਸਾਰ, ਹਿਰਦੇ ਦੇ ਸੁਆਮੀ ਪਹਿਲੇ ਸਤਿਗੁਰੂਆਂ ਨੂੰ ਧਨ ਪਦਾਰਥ ਦੇ ਨਾਲ ਨਾਲ ਅੱਛੀ ਨਸਲ ਦੇ ਦੁਧੈਲ ਪਸ਼ੂ, ਸਫ਼ਰ ਸਹੂਲਤਾਂ ਲਈ ਵਧੀਆ ਘੋੜੇ ਆਦਿ ਭੇਟਾ ਕਰਦੇ ਰਹੇ । ਜਦੋਂ ਅਸੀਂ ਇਸੇ ਪਰਿਪਾਟੀ ਨੂੰ ਸਤਿਗੁਰੂ ਰਾਮ ਸਿੰਘ ਜੀ ਵਲੋਂ ਸਥਾਪਤ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਸਜੀਵ ਤਕਦੇ ਹਾਂ ਤਾਂ ਸਾਨੂੰ ਨਾ ਬੀਤਿਆ ਅਲੰਕਾਰ ਲਗਦਾ ਹੈ ਨਾ ਆਉਣ ਵਾਲੇ ਪ੍ਰਤੀ ਦੁਬਿਧਾ ਉਠਦੀ



Sri Satguru Jagjit Singh Ji eLibrary NamdhariElibrary@gmail.com

ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਿਆਰ ਕਰਨ ਵਾਲੇ ਵਿਅਕਤੀ ਆਪ ਜੀ ਨੂੰ ਆਪਣੀ ਪਸੰਦ ਦੇ ਵਧੀਆ ਘੋੜੇ ਸਾਰੇ ਸਾਜ਼ੋ ਸਾਮਾਨ ਨਾਲ ਭੇਟਾ ਕਰਦੇ । ਰੇਸਾਂ ਵਿਚ ਆਪ ਦੇ ਸਮਕਾਲੀ ਸ. ਸ਼ਾਮ ਸਿੰਘ ਕੱਲੋ ਵਾਲੇ (ਅੰਮ੍ਰਿਤਸਰ) ਹੁਣ ਮੇਰਠ (ਯੂ. ਪੀ.), ਸੰਤ ਹਰਦੇਵ ਸਿੰਘ ਬਖ਼ਸ਼ੀ ਆਦਿ ਅਤੇ ਬਾਰ ਦੇ ਸਿਖ ਜੁ ਆਪ ਦੇ ਘੁੜਦੌੜ ਦੇ ਸ਼ੌਕ ਦੇ ਜਾਣੂ ਸਨ ਉੱਤਮ ਨਸਲਾਂ ਦੇ ਘੋੜੇ ਭੇਟ ਕਰਦੇ । ਕਈ ਵਾਰ ਮਾਲਕਾਂ ਵਲੋਂ ਐਸੇ ਮੁਤਾਣੇ, ਵੱਢਖਾਣੇ ਅਤੇ ਅਣ-ਸਿਧਾਏ ਘੋੜੇ ਆਪ ਜੀ ਨੂੰ ਪਰਖਣ ਹਿਤ, ਲਿਆਂਦੇ ਜਾਂਦੇ । ਸਤਿਗੁਰੂ ਜੀ ਆਮ ਕਰਕੇ ਪਿਆਰ ਪੁਚਕਾਰ ਕੇ ਅਜਿਹੇ ਘੋੜਿਆਂ ਦੀ ਸਵਾਰੀ ਕਰ ਲੈਂਦੇ ਪਰ ਅੜਬੈਗਾਂ ਨੂੰ ਉਸ ਉਪਰ ਚੜ੍ਹ ਲੱਤਾਂ ਨਾਲ ਘੁੱਟ ਕੇ ਹੀ ਲਿੱਦ ਕਰਨ ਤੇ ਮਜਬੂਰ ਕਰ ਦਿੰਦੇ । ਇੰਜ ਸਵਾਰ ਦੀ ਤਾਕਤ ਦਾ ਅੰਦਾਜ਼ਾ ਲਾ ਮੁਤਾਣੇ ਰਵਾਂ ਹੋ ਕੇ ਤੁਰ ਪੈਂਦੇ । ਸਤਿਗੁਰੂ ਜੀ ਅਤੁਲ ਬਲਸ਼ੀਲ ਸਨ, ਉਹਨਾਂ ਦੀ ਖ਼ੁਰਾਕ ਅਤੇ ਸ਼ਕਤੀ ਦਾ ਅੰਦਾਜ਼ ਕਰਨ ਲਈ ਏਨਾ ਹੀ ਕਾਫ਼ੀ ਹੈ ਕਿ ਆਪ ਜੀ 200 ਬਾਦਾਮ ਗਿਰੀ 10-11 ਕਿਲੋ ਦੁੱਧ ਵਿਚ ਕਾਹੜ ਕੇ ਜੁਆਨੀ ਸਮੇਂ ਰੋਜ਼ਾਨਾ ਛਕਦੇ ਰਹੇ ਅਤੇ 500-500 ਡੰਡ ਬੈਠਕ ਤਾਂ ਕਢਦੇ ਹੀ ਭਰੀਆਂ ਟਿੰਡਾਂ ਵਾਲੇ ਖੂਹ ਨੂੰ ਇਕ ਸਾਥੀ ਨਾਲ ਗੇੜ ਕੇ 76 ਚੱਕਰ ਲੈ ਆਉਂਦੇ । ਇਸੇ ਕਾਰਨ ਪਰੀਖਿਆ ਲਈ ਸਵਾਰੀ ਹਿਤ ਅੜਬ ਘੋੜੇ ਆਏ ਅਤੇ ਸਿੱਧੇ ਹੋ ਕੇ ਰਾਹ ਪਏ, ਮਿਸਾਲਾਂ ਦਿਆਂ ਤਾਂ ਲੇਖ ਲਮਕ ਜਾਏਗਾ ।

* * *

ਘੋੜ ਸ਼ਾਲਾ ਦਾ ਆਰੰਭ ਤਾਂ 1912 ਈ: ਵਿਚ ਹੀ ਹੋ ਗਿਆ ਸੀ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਸਰੀਰ ਕਰਕੇ 21-22 ਸਾਲਾਂ ਦੇ ਨਵ ਯੁਵਕ ਸਨ । ਸਭ ਤੋਂ ਪਹਿਲਾਂ ਡੇਰਾ ਗ਼ਾਜ਼ੀ ਖ਼ਾਨ ਤੋਂ ਇਕ ਬਲੋਚੀ ਨਸਲ ਦੀ ਘੋੜੀ ਖ਼ਰੀਦੀ । ਦੋ ਸਾਲਾਂ ਪਿਛੋਂ ਇਸੇ ਨਸਲ ਦਾ ਇਕ ਸਾਹਣ ਘੋੜਾ ਮੁੱਲ ਲਿਆ, ਜਿਸ ਤੋਂ ਬਲੋਚੀ ਨਸਲ ਦੀ ਸ਼ੁਧਤਾ 1920 ਈ: ਤਕ ਬਰਕਰਾਰ ਰਖੀ ।

ਆਪਣੀ ਪੁਸਤਿਕਾ ਵਿਚ ਸਤਿਗੁਰੂ ਆਪ ਹੀ ਲਿਖਵਾਇਆ ਹੈ ਕਿ ਘੋੜ ਦੌੜ ਵਲ ਰੁੱਚਿਤ ਆਪ 1925 ਵਿਚ ਹੋਏ । ਇਸ ਸਮੇਂ ਤੋਂ ਬਾਰੋ ਬ੍ਰੈਡ ਨਸਲ ਦੇ ਉਮਦਾ ਵਲਾਇਤੀ ਘੋੜੇ ਆਪ ਜੀ ਦੇ ਅਸਤਬਲਾਂ ਦੇ ਸ਼ਿੰਗਾਰ ਬਣੇ । ਇਹਨਾਂ ਵਿਚੋਂ ਇਕ ਘੋੜਾ 'ਬਾਜ਼' ਨਾਂ ਦਾ ਸੀ ਜਿਸਨੇ ਨਿਰੰਤਰ 1926, 1927 ਅਤੇ 1928 ਈ. ਵਿਚ ਜਿਮਖ਼ਾਨਾ ਦੌੜਾਂ ਜਿੱਤੀਆਂ । 1929 ਈ. ਵਿਚ ਇਸ ਯਾਦਗਾਰੀ ਘੋੜੇ ਨੂੰ ਲੁਧਿਆਣਾ ਦੇ ਜ਼ਿਲਾ ਬੋਰਡ ਨੂੰ ਦਾਨ ਕਰ ਦਿਤਾ ਗਿਆ ਤਾਕਿ ਜ਼ਿਲਾ ਬੋਰਡ ਅੱਛੀ ਨਸਲ ਦੇ ਘੋੜੇ-ਘੋੜੀਆਂ ਪੈਦਾ ਕਰ-ਕਰਵਾ ਸਕੇ ।

ਉੱਚੇ ਲੰਮੇ, ਸੁਡੌਲ ਅਤੇ ਆਕਰਸ਼ਕ ਸਰੀਰ ਦੇ ਸੁਆਮੀ ਸਤਿਗੁਰੂ ਜੀ ਜਦੋਂ ਕਦੇ ਰੇਸ ਦੇ ਮੈਦਾਨਾਂ ਵਿਚ ਰੇਸ਼ਮੀ ਜਾਂ ਪਸ਼ਮੀਨੇ ਦਾ ਕਢਾਈਦਾਰ ਸ਼ਾਹੀ ਚੋਗ਼ਾ ਪਹਿਨ ਕੇ ਜਾਂਦੇ ਤਾਂ ਆਪ ਜੀ ਦੀ ਚੜ੍ਹਤ ਹਰ ਕਿਸੇ ਨੂੰ ਵੇਖਣ ਲਈ ਮਜਬੂਰ ਕਰਦੀ । 1936 ਦੀ ਗੱਲ ਹੈ "ਜੈ ਭਾਰਤ" ਨਾਮ ਦਾ ਘੋੜਾ ਸਰਗੋਧਾ ਸਟੱਡ ਨੇ ਰੱਦੀ ਸਮਝ



Sri Satguru Jagjit Singh Ji eLibrary NamdhariElibrary@gmail.com

ਕੇ ਸਤਿਗੁਰੂ ਜੀ ਨੂੰ 100/- ਵਿਚ ਵੇਚ ਦਿਤਾ। ਆਪ ਜੀ ਦੀ ਇਸ ਖ਼ਰੀਦ ਤੇ ਰੇਸ ਕਲੱਬ ਲਾਹੌਰ ਦੇ ਮੁਖੀ ਅੰਗਰੇਜ਼, ਮਿ: ਟੇਲਰ (ਵੈਟਰਨਰੀ ਕਾਲਿਜ ਦਾ ਪ੍ਰਿੰਸੀਪਲ) ਨੇ ਬੜਾ ਨੱਕ ਮੂੰਹ ਵੱਟਿਆ ਅਤੇ ਆਖਿਆ "ਯੇਹ ਕਿਆ ਲਾਏ ਹੈਂ" ਸਤਿਗੁਰੂ ਜੀ ਦੀ ਖ਼ੂਨ ਸ਼ੁਧਤਾ ਸਮਝਣ ਵਾਲੀ ਸੂਝ, 'ਜੈ ਭਾਰਤ' ਵਲ ਪਿਆਰ ਭਰੀ ਪਹੁੰਚ ਅਤੇ ਸਿਖਲਾਈ ਨੇ ਉਸ ਗ਼ਰੀਬ ਘੋੜੇ ਤੋਂ ਹੋਰ ਤਾਂ ਕਈ ਦੌੜਾਂ ਜਿਤਾਈਆਂ ਹੀ, ਪਰ ਜਦੋਂ ਤਿੰਨਾਂ ਸਾਲਾਂ ਪਿਛੋਂ ਹੀ, 1940 ਦੇ ਨਵੇਂ ਵਰ੍ਹੇ ਦੇ ਦਿਨ, ਲੇਡੀ ਲਿਨਲਿਥਗੋ, ਭਾਰਤ ਦੇ ਵਾਇਸਰਾਇ ਦੀ ਮਾਣ-ਮੱਤੀ ਬੇਗਮ, ਦੀ ਸੁਪੀਰੀਅਰ ਕਿਸਮ ਦੀ ਘੋੜੀ 'ਟੇਅਰਨ ਕੁਈਨ' ਨੂੰ ਚਾਰੋਂ ਸ਼ਾਨੇ ਚਿੱਤ ਕਰ, ਗੋਲਡ ਕੱਪ ਜਿਤ ਲਿਆ ਤਾਂ ਸਭਨਾਂ ਪਾਰਖੂਆਂ ਦੀ ਹੈਰਤ ਗੁੰਮ ਹੋ ਗਈ। ਮਿ: ਟੇਲਰ ਨੂੰ ਆਪਣੇ ਕਹੇ ਸ਼ਬਦਾਂ ਤੇ ਪਛਤਾਵਾ ਕਰਨਾ ਪਿਆ। ਸਤਿਗੁਰੂ ਸੁਭਾਵਿਕ ਹੀ ਮਨੋਵਿਗਿਆਨੀ ਅਤੇ ਗੁਣ ਗ੍ਰਾਹੀ ਹੁੰਦੇ ਹਨ। ਆਪਣੀ ਲੋੜ ਦੇ ਮਨੁੱਖ-ਇਸਤਰੀ, ਪਸ਼ੂ, ਪੰਛੀ ਇਕੱਤਰ ਕਰ ਲੈਂਦੇ ਹਨ ਅਤੇ ਇਨ੍ਹਾਂ ਦੁਆਰਾ ਅਨਹੋਣੀਆਂ ਕਰ ਗੁਜ਼ਰਦੇ ਹਨ। ਭਾਰਤ ਦੇ ਵਾਇਸਰਾਇ ਦੀ ਪਤਨੀ ਦੀ ਘੋੜੀ ਸਤਿਗੁਰਾਂ ਦੇ ਘੋੜੇ ਨੇ ਕਾਹਦੀ ਜਿੱਤੀ, ਭਾਰਤ ਦੀ ਤਹਿਰੀਕਿ ਆਜ਼ਾਦੀ ਦੀ ਸੰਭਾਵਤ ਜੈ ਦੀ ਭਵਿਖ ਸੂਚਨਾ ਦੇ ਦਿਤੀ। "ਜੈ ਭਾਰਤ" ਨਾਮ ਇਸੇ ਭਾਵਨਾ ਦਾ ਲਖਾਇਕ ਸੀ।

ਪਸ਼ੂਆਂ ਬਾਰੇ ਆਪ ਜੀ ਦੇ ਗਹਿਰੇ ਗਿਆਨ ਦੀ, ਕੋਈ ਸਮਕਾਲੀ ਥਾਹ ਨਹੀਂ ਪਾ ਸਕਿਆ। ਨਿਮਾਣੇ-ਨਿਤਾਣੇ ਟੱਟੂਆਂ ਨੂੰ ਦੈਵੀ ਪਾਰਖੂ ਅੱਖ ਨੇ ਖ਼ਰੀਦਣਾ, ਸੇਵਾ ਸੰਭਾਲ ਅਤੇ ਯੋਗ ਸਿਖਲਾਈ ਨਾਲ ਵੱਡੇ ਵੱਡੇ ਨਸਲਦਾਰ ਘੋੜੇ-ਘੋੜੀਆਂ ਨੂੰ ਪ੍ਰਾਜਿਤ ਕਰਨਾ—ਇਹ ਸੀ ਪੈਨੀ ਦ੍ਰਿਸ਼ਟੀ ਦਾ ਕਮਾਲ! ਸਤਿਗੁਰੂ ਜੀ ਦੀ ਪਾਰਦਰਸ਼ੀ ਨਜ਼ਰ ਜੀਵਾਂ ਦੇ ਅੰਤਸਤਲ ਵਿਚ ਛਿਪੇ ਗੁਣ-ਰਤਨਾਂ ਨੂੰ ਪਹਿਚਾਣਦੀ, ਫੇਰ ਆਪਣੇ ਸਨੇਹ ਅਤੇ ਕਿਰਪਾ ਦੁਆਰਾ ਮਨ ਚਾਹਿਆ ਮੁੱਲ ਪੁਆ ਲੈਂਦੀ!

1928 ਵਿਚ ਥਾਰੋਬ੍ਰੈਡ (ਇੰਗਲਿਸ਼) ਨਸਲ ਦੀ, 'ਸ਼ੀਹਣੀ' ਨਾਮ ਦੀ ਇਕ ਘੋੜੀ ਖ਼ਰੀਦ ਕੇ ਅਤੇ ਇਸੇ ਨਸਲ ਦੇ ਘੋੜੇ 'ਆਗ ਬੋਰਨ' ਨਾਲ ਮਿਲਾਕੇ 'ਬਾਲੀ' ਨਾਂ ਦਾ ਵਛੇਰਾ ਲਿਆ। 'ਬਾਲੀ' ਨੇ 1937 ਵਿਚ ਲਾਹੌਰ ਦੀ ਕ੍ਰਿਸਮਿਸ ਦੌੜ ਜਿੱਤ ਕੇ 'ਪ੍ਰੋਡਿਊਸ ਕੱਪ' ਹਾਸਲ ਕੀਤਾ। ਇਹਦੀ ਮਾਂ 'ਸ਼ੀਹਣੀ' ਖ਼ੁਦ ਬੜੀ ਤੇਜ਼ ਦੌੜਾਕ ਸੀ, ਉਸਨੇ ਲਾਹੌਰ ਜਿਮਖ਼ਾਨਾ ਦੌੜਾਂ ਵਿਚ 4 ਫਰਲਾਂਗ ਦਾ ਫਾਸਲਾ 41 ਸਕਿੰਟਾਂ ਵਿਚ ਦੌੜ ਕੇ ਰੀਕਾਰਡ ਕਾਇਮ ਕਰ ਦਿਤਾ। ਅਤੇ ਇਹਦੇ ਬੱਚੇ 'ਬਾਲੀ' ਨੇ ਅਧ-ਨਸਲਾ ਅਰਥਾਤ ਹਾਫ ਬ੍ਰੈਡ ਹੁੰਦਿਆਂ ਵੀ, ਫੁਲ ਬ੍ਰੈਡ ਭਾਵ ਪੂਰੇ ਨਸਲਦਾਰ ਘੋੜਿਆਂ 'ਯੇਗ ਮਿਕਸ' ਅਤੇ 'ਕਿਟਨ ਕਾਹ' ਨੂੰ ਰੇਸ ਵਿਚ ਪਰਾਜਿਤ ਕਰ ਦਿਤਾ।

ਇੰਜ ਹੀ 'ਸਪਾਰਟਨ' ਟੀ. ਬੀ. ਈ. 1929 ਵਿਚ ਮੁੱਲ ਲਈ। ਇਸਨੇ 'ਜੰਮੂ' ਅਤੇ 'ਮਰਚੈਂਟਸ' ਕੱਪ ਬੇਮਿਸਾਲ ਦੌੜ ਦੁਆਰਾ ਜਿਤੇ।

ਪਿੱਛੇ, ਜ਼ਿਕਰ ਹੇਠ ਆਏ 'ਜੈ ਭਾਰਤ' ਦੇ ਸੌਤੇਲੇ ਭਾਈ 'ਬਖ਼ਸ਼ੀ' ਘੋੜੇ ਨੂੰ ਦੈਵੀ ਪਾਰਖੂ ਸਤਿਗੁਰੂ ਜੀ ਨੇ 100/- ਵਿਚ ਹੀ ਖ਼ਰੀਦਿਆ। ਇਸਨੇ ਬਹੁਤ ਸਾਰੀਆਂ ਰੇਸਾਂ ਵੱਖ ਵੱਖ ਦਰਜਿਆਂ ਤੇ ਰਹਿ ਕੇ ਜਿੱਤੀਆਂ। 1944 ਵਿਚ ਇਹ 'ਪੰਜਾਬ ਕੱਪ' ਰੇਸ



Sri Satguru Jagjit Singh Ji eLibrary NamdhariElibrary@gmail.com

ਵਿਚ ਵਿਜਈ ਹੋਇਆ । ਉਸ ਵੇਲੇ 20,000/- ਮੁੱਲ ਮਿਲਣ ਤੇ ਵੀ ਇਸ ਨੂੰ ਨਾ ਵੇਚਿਆ ਗਿਆ । ਇਉਂ ਸਤਿਗੁਰਾਂ ਨੇ 'ਬਖ਼ਸ਼ੀ' ਨੂੰ ਕੱਖੋਂ ਲੱਖ ਕਰ ਦਿਤਾ ।

ਭੌਰ, ਭੀਮ, ਵਿਜੈ ਭਾਰਤ, ਸ਼ੈਲ ਅਤੇ ਬਾਣ ਆਦਿ ਘੋੜੇ ਵੀ ਗੁਰੂ ਕੇ ਅਸਤਬਲਾਂ ਦਾ ਸ਼ਿੰਗਾਰ ਰਹੇ, ਜਿਨ੍ਹਾਂ ਅਨੇਕਾਂ ਰੇਸਾਂ ਵਿਚ ਨਾਮ ਅਤੇ ਦਾਮ ਅਰਜਿਤ ਕੀਤੇ । 'ਬਾਣ' ਵੀ ਪੈਨੀ ਦ੍ਰਿਸ਼ਟੀ ਦੇ ਮਾਲਿਕ ਨੇ ਕੇਵਲ 800/- ਵਿਚ ਪ੍ਰਾਪਤ ਕੀਤਾ ਸੀ ਅਤੇ ਫੇਰ ਆਪ ਜੀ ਨੇ 20,000/- ਵਿਚ ਵੇਚਿਆ । ਅੱਗੋਂ ਜਾਕੇ ਇਸੇ ਦਾ ਮੁੱਲ 70,000/- ਹੋ ਗਿਆ ।

ਅੰਤਿਮ ਸਾਲਾਂ ਵਿਚ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਟੈਲੀਅਨ (ਘੋੜੀਆਂ ਮਿਲਾਣ ਲਈ) ਦੇ ਤੌਰ ਤੇ 'ਸਿਲੈਕਟਰ' ਘੋੜਾ 10,000/- ਤੋਂ ਖ਼ਰੀਦਿਆ । ਇਹੋ ਘੋੜਾ ਇੰਗਲੈਂਡ ਵਿਚ 70,000/- ਮੁਲ ਰਖਦਾ ਸੀ । ਸੰਜਮਸ਼ੀਲ ਸਤਿਗੁਰਾਂ 'ਸਿਲੈਕਟਰ' ਦੀ ਨਸਲ ਦਾ ਅੱਛਾ ਰਿਕਾਰਡ ਵੇਖ ਕੇ, ਉਸਦੇ ਇਕ ਰੇਸ ਵਿਚ ਲੰਙੇ ਹੋ ਜਾਣ ਕਾਰਨ, ਖ਼ਰੀਦ ਲਿਆ । ਇਹ ਪ੍ਰਬੰਧ ਆਪਣੇ ਅਸਤਬਲ ਦੀਆਂ ਘੋੜੀਆਂ ਤੋਂ ਉੱਤਮ ਨਸਲ ਦੇ ਬੱਚੇ ਪ੍ਰਾਪਤ ਕਰਨ ਹਿਤ ਕੀਤਾ । ਇਸ ਘੋੜੇ ਦੇ ਬੱਚੇ, ਦੋ ਸਾਲ ਦੀ ਉਮਰ ਵਿਚ ਹੀ ਬੰਬਈ, ਮਦਰਾਸ, ਦਿੱਲੀ ਆਦਿ ਦੀਆਂ ਮੰਡੀਆਂ ਵਿਚ 6000/-ਤੋਂ 10,000/-ਤੋਂ ਵਿਕਦੇ ਰਹੇ । ਆਪਣੀ ਪਸ਼ੂ ਸ਼ਾਲਾ ਦੀ ਪੁਸਤਿਕਾ ਵਿਚ ਸਚੇ ਪਾਤਸ਼ਾਹ ਜੀ ਨੇ ਪਹਿਲੀ ਤਸਵੀਰ 'ਸਿਲੈਕਟਰ' ਦੀ ਦੇ ਕੇ ਉਸਨੂੰ ਮਾਣ ਬਖਸ਼ਿਆ ਹੈ । ਪਰ 'ਡਾਨਸਿੰਗ ਗਰਲ' ਘੋੜੀ ਨੂੰ ਤਾਂ ਹੋਰ ਵੀ ਨਿਵਾਜਿਆ । ਉਸਦੇ ਨਾਲ ਖਲੋ ਕੇ ਫੋਟੋ ਲੁਹਾਈ ਅਤੇ ਉਸਨੂੰ ਇਸ ਪੁਸਤਿਕਾ ਵਿਚ ਚਿਤ੍ਰ ਦੇ ਤੌਰ ਤੇ ਦੂਜਾ ਸਥਾਨ ਦਿਤਾ । 1957 ਵਿਚ ਦਿਲੀ ਵਿਖੇ ਹੋਈ ਸਰਬ ਭਾਰਤੀ ਘੋੜ ਪਰਦਰਸ਼ਨੀ ਵਿਚ ਟੀ. ਬੀ. ਈ .ਨਸਲ ਦੀਆਂ ਘੋੜੀਆਂ ਵਿਚੋਂ ਡਾਨਸਿੰਗ ਗਰਲ ਪਹਿਲੇ ਨੰਬਰ ਤੇ ਆਈ ।

ਹੋਰ ਲਓ, 'ਰੈੱਡ ਫਲੈਨਲ' 1957 ਵਿਚ 10,000/- ਤੋਂ ਖ਼ਰੀਦਿਆ । ਇਸਨੇ ਜੋ ਰਕਮ, ਕੁੱਲ ਦੌੜਾਂ ਵਿਚ ਜਿੱਤੀ ਉਸਦਾ ਜੋੜ 1,29000/- ਹੈ । 'ਵੈਲਫੇਅਰਲੇਡੀ' ਨਾਮ ਦੀ ਘੋੜੀ 5000/- ਤੋਂ ਮੁੱਲ ਲਈ, ਉਸਨੇ 67,000/- ਦੀਆਂ ਰੇਸਾਂ ਜਿੱਤੀਆਂ । 'ਫੀਅਨ ਡ੍ਰਗ' ਘੋੜਾ 5000/- ਤੋਂ ਲਿਆ ਗਿਆ, ਇਸਨੇ ਦੌੜਾਂ ਵਿਚ 36,000/- ਦੇ ਇਨਾਮ ਜਿਤੇ ।

ਉਪਰਲੇ ਅੰਕੜਿਆਂ ਤੋਂ ਮਾਲੂਮ ਹੋ ਗਿਆ ਹੋਵੇਗਾ ਕਿ ਸਤਿਗੁਰੂ ਜੀ ਨੇ ਬਾਹਰੋਂ ਖ਼ਰੀਦੇ ਘੋੜਿਆਂ ਤੋਂ ਬਹੁਤ ਕੁਝ ਪ੍ਰਾਪਤ ਕੀਤਾ । ਪਸ਼ੂ ਧਨ ਤੋਂ ਪ੍ਰਾਪਤ ਹੁੰਦੀ ਮਾਇਆ ਨੂੰ ਖ਼ਰਚਣ ਦੇ ਸਤਿਗੁਰੂ ਜੀ ਨੇ ਤਿੰਨ ਥਾਂ ਦੱਸੇ । ਪਹਿਲ, ਗੁਰੂ ਕੇ ਲੰਗਰ ਦੀਆਂ ਜ਼ਰੂਰਤਾਂ ਨੂੰ, ਦੂਜ, ਇਮਾਨਦਾਰੀ ਨਾਲ ਕੰਮ ਕਰਦਿਆਂ ਕੁਦਰਤੀ ਕਾਰਨਾਂ ਦੁਆਰਾ ਗ਼ਰੀਬ ਹੋ ਗਏ ਨਾਮਧਾਰੀਆਂ ਜਾਂ ਹੋਰ ਲੋਕਾਂ ਦੀ ਸਹਾਇਤਾ ਹਿਤ ਦੇਣ ਨੂੰ, ਤੀਜੇ ਥਾਂ ਕਿਸੇ ਹੋਰ ਉਪਯੁਕਤ ਘੋੜੇ ਜਾਂ ਪਸ਼ੂ ਦੀ ਖ਼ਰੀਦ ਸੀ ।

ਆਓ ਘੋੜਿਆਂ ਨੂੰ ਸਤਿਗੁਰਾਂ ਵਲੋਂ ਬਖ਼ਸ਼ੇ ਗਏ ਮਾਣ ਤੇ, ਉਨ੍ਹਾਂ ਦੀਆਂ ਪ੍ਰਾਪਤੀਆਂ



Sri Satguru Jagjit Singh Ji eLibrary NamdhariElibrary@gmail.com

ਨੂੰ ਬੀਜ ਰੂਪ ਵਿਚ ਅੰਕਦੇ, ਉਨ੍ਹਾਂ ਨਾਮਾਂ ਦਾ ਆਨੰਦ ਲੈ ਲਈਦੇ ਜਿਹੜੇ ਸਤਿਗੁਰਾਂ ਦੀ ਘੁੜਸ਼ਾਲ ਦੀ ਸ਼ੋਭਾ ਸਨ : ਪੂਨਮ ਕਾ ਚਾਂਦ, ਪਵਨ ਵੇਗ, ਪੰਜਾਬੀ ਸ਼ੈਲ, ਨਫ਼ੀਸ, (ਸੈਕਿੰਡ) ਜੈ ਭਾਰਤ, ਭਾਰਤ, ਬਖ਼ਸ਼ੀ, ਬਾਣ ਅਤੇ ਵਿਜੈ ਭਾਰਤ । ਇਹਨਾਂ ਨਾਮਾਂ ਤੋਂ ਸ੍ਰੀ ਸਤਿਗੁਰੂ ਜੀ ਦੇ ਹਿਰਦੇ ਦੀ ਸੁੰਦਰਤਾ, ਸ਼ਕਤੀ ਅਤੇ ਆਸ਼ਾਵਾਂ ਦੀ ਝਲਕ ਮਿਲਦੀ ਹੈ ।

ਸ੍ਰੀ ਸਤਿਗੁਰੂ ਜੀ ਦੇ ਰਿਹਾਇਸ਼ੀ ਸਕਾਨ, ਪਹਿਲਾਂ ਸ੍ਰੀ ਭੈਣੀ ਸਾਹਿਬ ਫੇਰ ਸ੍ਰੀ ਜੀਵਨ ਨਗਰ ਵਿਖੇ ਘੋੜਿਆਂ ਨਾਲ ਸੰਬੰਧਤ ਪੁਸਤਕਾਂ ਦੀਆਂ ਅਲਮਾਰੀਆਂ, ਆਪ ਜੀ ਦੇ ਕਮਰੇ ਵਿਚ ਹੁੰਦੀਆਂ । ਜਦੋਂ ਵੀ ਆਪ ਹੈੱਡ ਕੁਆਟਰ ਵਿਖੇ ਪਧਾਰਦੇ, ਅਤੇ ਹੋਰ ਕਾਰਜਾਂ ਵਲੋਂ ਫੁਰਸਤ ਪਾਂਦੇ, ਇਹਨਾਂ ਪੁਸਤਕਾਂ ਦਾ ਅਧਿਐਨ ਕਰਦੇ । ਨਵੀਂ ਤੋਂ ਨਵੀਂ ਰੇਸ ਪੁਸਤਕ ਆਪ ਜੀ ਦੇ ਭੰਡਾਰ ਵਿਚ ਆਉਂਦੀ । ਆਪ ਜੀ ਪੈਰਿਆਂ ਨੂੰ ਵੇਖਦੇ ਅਤੇ ਗ੍ਰਹਿਣ ਯੋਗ ਭਾਵ ਨੂੰ ਤੁਰੰਤ ਪਕੜ ਲੈਂਦੇ । ਆਪ ਜੀ ਦੇ ਇਸ ਢੰਗ ਨੇ ਆਪ ਨੂੰ ਸਦਾ ਹੀ ਥੋੜੇ ਚੋਂ ਬਹੁਤਾ ਦਿਤਾ । ਪਰ ਜਿੰਨਾ ਉਹ ਨਸਲਾਂ ਦੀ ਰੂਪ ਰੇਖਾ ਅਤੇ ਸ਼ੁਧਤਾ ਦਾ ਜਾਇਜ਼ਾ ਲਾ ਲੈਂਦੇ ਕਾਹਨੂੰ ਕਿਸੇ ਹੋਰ ਦੇ ਹਿੱਸੇ ਵਿਚ ਆਇਆ ਹੈ !

ਰੇਸਾਂ ਵਿਚ ਭਾਗ ਲੈਂਦਿਆਂ ਹੋਇਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਸਦਾ ਚੜ੍ਹ ਕੇ ਰਹੇ । ਪਰ ਦੋ ਕੁ ਵਾਰ ਐਸਾ ਵੀ ਹੋਇਆ ਕਿ ਆਪ ਜੀ ਨੇ ਵੰਡ-ਵਿਤਕਰਾ ਵੇਖ ਰੇਸ ਕਲੱਬਾਂ ਨੂੰ ਅਲਵਿਦਾ ਕਹਿ ਦਿਤੀ । ਆਪ ਜੀ ਨਾਲ ਹੋਰ ਅਮੀਰ ਉਮਰਾਨ ਵੀ ਸਾਥ ਦਿੰਦੇ ਜਿਵੇਂ ਰਾਜਾ ਸਾਹਿਬ ਫ਼ਜ਼ਲ ਦਾਦ, ਜ਼ਿ: ਲਾਇਲਪੁਰ ਆਦਿ । ਬੈਲੈਂਸ ਸਤਿਗੁਰੂ ਜੀ ਵਲ ਹੋਣ ਕਰਕੇ ਰੇਸ ਅਧਿਕਾਰੀਆਂ ਨੂੰ ਖਿਮਾ ਮੰਗਣੀ ਪੈਂਦੀ ਅਤੇ ਫੇਰ ਹੀ ਸਹਿਯੋਗ ਮਿਲਦਾ । ਰਾਜਾ ਫ਼ਜ਼ਲਦਾਦ ਸਾਹਿਬ ਨਾਲ ਆਪ ਜੀ ਦਾ ਬਹੁਤ ਪਿਆਰ ਸੀ ਅਤੇ ਉਹ ਵੀ ਸਤਿਗੁਰੂ ਜੀ ਪ੍ਰਤੀ ਸਤਿਕਾਰ ਅਤੇ ਮੋਹ ਦੀ ਭਾਵਨਾ ਰਖਦਾ ਸੀ ।

ਘੋੜਿਆਂ ਬਾਰੇ ਜ਼ਿਕਰ ਨੂੰ ਸਮਾਪਤ ਕਰਨ ਸਮੇਂ ਮੈਨੂੰ ਉਨ੍ਹਾਂ ਕੁਛ ਵਿਅਕਤੀਆਂ ਨੂੰ ਯਾਦ ਕਰਨ ਦਾ ਖ਼ਿਆਲ ਆਇਆ ਹੈ ਜਿਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਘੁੜਸ਼ਾਲਾ ਦੀ ਤਨੋਂ ਮਨੋਂ ਸੇਵਾ ਕੀਤੀ ਅਤੇ ਸਤਿਗੁਰੂ ਜੀ ਦੀ ਸੋਚ ਤੇ ਖਰੇ ਉੱਤਰੇ । ਪਹਿਲਾ ਨਾਂ ਦਰੋਗ਼ਾ ਦੁੰਮਣ ਸਿੰਘ ਦਾ ਹੈ, ਜੋ ਪਹਿਲਕਿਆਂ ਵਿਚ ਅਸਤਬਲਾਂ ਦੇ ਵਫ਼ਾਦਾਰ ਮੁੰਤਜ਼ਿਮ ਰਹੇ । ਦਰੋਗ਼ਾ ਦੁੰਮਣ ਸਿੰਘ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਵਡਾਲਾ ਜੋਹਲ ਦੇ ਜੰਮ ਪਲ ਸਨ । ਪਰ ਆਪ ਨੇ ਸਾਰੀ ਉਮਰ ਗੁਰੂ ਘਰ ਵਿਖੇ ਹੀ ਸੇਵਾ ਕੀਤੀ ।

ਇਕ ਹੋਰ ਵਫ਼ਾਦਾਰ ਸਿਪਾਹੀ ਅਤੇ ਜਰਨੈਲ ਸੀ ਸ. ਭਗਤ ਸਿੰਘ । ਜੋ ਕਿ ਲੰਮਾ ਸਮਾਂ ਘੁੜਸ਼ਾਲਾ ਦਾ ਮੁਖ ਪ੍ਰਬੰਧਕ ਰਿਹਾ । ਇਹਨੇ ਸਾਈਸੀ ਤੋਂ ਸ਼ੁਰੂ ਕਰਕੇ ਘੋੜੇ ਦੁੜਾਣ ਦੀ ਕਲਾ ਅਰਥਾਤ ਜਾਕੀ ਪੁਣਾ ਸਿੱਖਿਆ । ਫੇਰ ਦੇਸ਼ ਦੇ ਹਰ ਦੌੜ ਮੈਦਾਨ ਵਿਚ ਏਨੀ ਈਮਾਨਦਾਰੀ ਨਾਲ ਘੋੜ ਸਵਾਰੀ ਕੀਤੀ ਕਿ ਦੇਖਣ ਨੂੰ ਮਾੜਚੂ ਜਿਹੇ ਬੰਦੇ ਨੂੰ ਤਕੜੇ ਤੋਂ ਤਕੜਾ ਧਨੀ ਮਾਨੀ ਵੀ ਖ਼ਰੀਦ ਨਹੀਂ ਸਕਿਆ । ਰੇਸਾਂ ਵਿਚ ਇਸਦੀ ਏਨੀ ਧਾਂਕ ਸੀ ਕਿ ਜਦੋਂ ਪਤਾ ਲਗਦਾ ਅਮਕੇ ਘੋੜੇ ਤੇ ਭਗਤ



Sri Satguru Jagjit Singh Ji eLibrary NamdhariElibrary@gmail.com

ਸਿੰਘ ਸਵਾਰ ਹੋਵੇਗਾ, ਲੋਕਾਂ ਨੂੰ ਉਸਦੀ ਜਿੱਤ ਦਾ ਅਗਾਊਂ ਯਕੀਨ ਹੋ ਜਾਂਦਾ। ਸ਼ਰਤਾਂ ਲਾਣ ਵਾਲੇ ਸ਼ੌਕੀਨ ਵੀ ਆਪਣੇ ਭਾਗਾਂ ਦਾ ਪਾਸਕੂ ਭਗਤ ਸਿੰਘ ਵਲ ਪਾ ਦਿੰਦੇ। (ਇਸਦੀ ਅੱਲ 'ਚੀਕੂ' ਕਰਕੇ ਵੀ ਸੀ)।

ਇਸਤੋਂ ਬਿਨਾ ਭਗਤ ਸਿੰਘ ਘੋੜਿਆਂ ਵਾਲਿਆਂ ਅਰਥਾਤ ਗੁਰੂ ਕੀ ਘੁੜਸ਼ਾਲਾ ਦੇ ਸੇਵਕਾਂ ਦੀ ਫੌਜ ਦਾ ਜਰਨੈਲ ਵੀ ਸੀ। ਜਿਥੇ ਤਾਕਤ ਦੇ ਵਖਾਵੇ ਦੀ ਲੋੜ ਹੁੰਦੀ ਘੋੜਿਆਂ ਵਾਲੇ ਸਿਖ ਆਪਣੇ ਜਰਨੈਲ ਦੇ ਪੂਰੇ ਤਾਬਿਆਦਾਰ ਹੁੰਦੇ ਅਤੇ ਇਹ ਜਵਾਬ ਦਿਹ ਹੁੰਦਾ ਸਤਿਗੁਰੂ ਜੀ ਪ੍ਰਤੀ। ਸ. ਭਗਤ ਸਿੰਘ ਜ਼ਿਲਾ ਗੁਰਦਾਸਪੁਰ ਦੇ ਪਿੰਡ ਭੋਲੇਕੇ ਦਾ ਇਕ ਸਾਧਾਰਨ ਕਿਸਾਨ ਸੀ ਜਿਸ ਨੂੰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨੇ ਸਿਤਾਰਿਆਂ ਜਿੰਨਾ ਉੱਚਾ ਕਰ ਦਿਤਾ। ਅੱਜ ਇਸਦਾ ਪਰਵਾਰ ਸਰਸਾ ਜ਼ਿਲੇ ਦੇ ਪਿੰਡ ਸੰਤ ਨਗਰ ਵਿਖੇ ਖ਼ੂਬ ਫਲਿਆ-ਫੁਲਿਆ ਹੈ।

ਤੀਜਾ ਆਦਮੀ ਸ. ਭਗਤ ਸਿੰਘ ਦਾ ਚੇਲਿਆ ਹੋਇਆ ਜਾਕੀ, ਸ਼ੇਰ ਸਿੰਘ ਸੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀ ਇਕ ਸੇਵਕਾ ਮਾਤਾ ਦਿਆਲਾਂ ਦਾ ਇਹ ਇਕਲੌਤਾ ਦੁਹਤਾ ਸ. ਭਗਤ ਸਿੰਘ ਨਾਲ ਘੋੜਿਆਂ ਨੂੰ ਕੰਮ ਦਿੰਦਾ, ਅਰਥਾਤ ਰੋਜ਼ਾਨਾ ਸਵਾਰੀ ਕਰਕੇ ਘੋੜੇ ਦੁੜਾਂਦਾ ਆਪਣੇ ਉਸਤਾਦ ਵਾਲੀਆਂ ਸਿਫ਼ਤਾਂ ਦਾ ਮਾਲਿਕ ਰਿਹਾ। ਸ. ਭਗਤ ਸਿੰਘ ਦੇ ਅਵਕਾਸ਼ ਗ੍ਰਹਿਣ ਪਿਛੋਂ ਇਸੇ ਸ਼ੇਰ ਸਿੰਘ ਨੇ ਗੁਰੂ ਕੇ ਅਸਤਬਲਾਂ ਦੀ ਦੇਖ ਰੇਖ ਕੀਤੀ।

ਚੌਥਾ ਵਿਅਕਤੀ ਹੈ ਕਰਮ ਸਿੰਘ ਮੁਨੀਮ, ਮੁਸਲਮਾਨੋਂ ਸਿੱਖ ਬਣਿਆ ਸੱਜਣ। ਇਸਨੇ ਏਨੀ ਨਿਰੰਤਰਤਾ ਨਾਲ ਘੋੜਿਆਂ ਦੀ ਸੇਵਾ ਵਿਚ ਸਮਾ ਬਤੀਤ ਕੀਤਾ ਕਿ ਦੂਜੇ ਪਾਸੇ ਦੀ ਕਦੇ ਝਾਕ ਨਹੀਂ ਉਠੀ। ਸ੍ਰੀ ਸਤਿਗੁਰੂ ਜੀ ਦੁਆਰਾ ਦੱਸੇ ਗਏ ਪਸ਼ੂ ਉਪਚਾਰ ਦੇ ਏਨੇ ਨੁਸਖੇ ਇਕੱਤਰ ਕਰ ਲਏ ਕਿ ਵਡੇ ਤੋਂ ਵਡੇਰੇ ਰੋਗੀ ਤੇ ਕਰਮ ਸਿੰਘ ਦਾ ਇਲਾਜ ਸਫਲ ਹੋ ਜਾਂਦਾ। ਗੁਰੂ ਕੀ ਘੋੜਸ਼ਾਲਾ ਦੀਆਂ ਜ਼ਿੰਮੇਂਵਾਰੀਆਂ ਤੋਂ ਪਹਿਲਾਂ ਇਹ ਬੀਬ ਕੁਮਾਰਸੀ ਦੇ ਡੇਰੇ ਦੀ ਰਾਖੀ ਹਿਤ ਲਿਆਂਦੇ ਵਿਸ਼ੇਸ਼ ਨਸਲ ਦੇ ਕੁੱਤਿਆਂ ਦੀ ਸੇਵਾ-ਸੰਭਾਲ ਕਰਦਾ ਰਿਹਾ। ਕਰਮ ਸਿੰਘ ਪਿੰਡ ਖਾਨਪੁਰ ਜ਼ਿਲਾ ਜਿਹਲਮ ਦਾ ਜੰਮਪਲ ਸੀ।

ਏਥੇ ਇਹ ਦਸਣਾ ਵੀ ਅਯੋਗ ਨਹੀਂ ਹੋਵੇਗਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਗੁਰੂ ਕੇ ਅਸਤਬਲਾਂ ਦੇ ਅਨਮੋਲ ਘੋੜਿਆਂ ਨੂੰ ਸਵੇਰੇ ਕੰਮ ਦੇਣ ਵਿਚ ਚਾਲੀ ਸਾਲ ਦੀ ਆਯੂ ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦਾ ਸਹਿਯੋਗ ਵੀ ਰਿਹਾ।

ਘੋੜਿਆਂ ਬਾਰੇ ਲਿਖਦਿਆਂ ਇਹ ਲਾਲਚ ਵੀ ਹੋ ਆਇਆ ਹੈ ਕਿ ਜਿਨ੍ਹਾਂ ਸਿੱਖਾਂ ਨੇ ਬੇ ਮੁਆਵਜ਼ਾ ਦਹਾਕੇ ਸਾਲ ਸਤਿਗੁਰੂ ਜੀ ਦੀ ਘੋੜਸ਼ਾਲਾ ਵਿਚ ਹਰ ਤਰ੍ਹਾਂ ਦੇ ਘੋੜੇ ਸੰਭਾਲੇ ਉਨ੍ਹਾਂ ਗੁਰੂ ਕੇ ਪਿਆਰਿਆਂ ਦੇ ਨਾਮ ਠਾਮ ਵੀ ਗਿਣ ਦੇਵਾਂ। ਉਹ ਸਨ : ਸੁਦਾਗਰ ਸਿੰਘ-ਦਰਿਆਮ ਸਿੰਘ ਜਮਸ਼ੇਰੀਏ (ਲਾਹੌਰ), ਲਾਭ ਸਿੰਘ ਵੱਤਾ, ਚਤਰ ਸਿੰਘ ਅਸ਼ਟਾਵਕਰ, ਨਿਰੰਜਨ ਸਿੰਘ ਚੰਦੋਵਾਲ, ਸ਼ਿੰਗਾਰਾ ਸਿੰਘ ਲਾੜਾ, ਸ਼ਿੰਗਾਰਾ



Sri Satguru Jagjit Singh Ji eLibrary NamdhariElibrary@gmail.com

ਸਿੰਘ ਸੰਧੂ ਜਗਤ ਸਿੰਘ ਬੱਲਗਣ, ਗੁਰਮੁਖ ਸਿੰਘ ਝੱਬਰ ਨੇ ਵੀ ਸੇਵਾ ਘੋੜਿਆਂ ਤੋਂ ਹੀ ਸ਼ੁਰੂ ਕੀਤੀ ਸੀ । ਭਾਈ ਹਜ਼ੂਰੀ ਅਤੇ ਭਾਈ ਰਮਨ (ਦੋਵੇਂ ਯੂ. ਪੀ. ਦੇ ਅਤੇ ਭਰਾ) ।

ਇਕ ਗੱਲ ਹੋਰ । ਪਹਿਲਕਿਆਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ 'ਕਾਣੇ ਘੋੜੇ ਵਾਲਾ' ਅਤੇ 'ਖੁੰਡੇ ਵਾਲਾ' ਸਤਿਗੁਰੂ ਵੀ ਕਿਹਾ ਜਾਂਦਾ ਸੀ । ਆਪ ਜੀ ਨੇ ਜੀਵਨ ਪ੍ਰਯੰਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੁੜ ਦੇਸ ਪਰਤ ਆਉਣ ਦਾ ਵਿਸ਼ਵਾਸ ਵੀ ਸੰਜੋਈ ਰੱਖਿਆ । ਏਸੇ ਭਾਵਨਾ ਅਧੀਨ ਸਤਿਗੁਰੂ ਜੀ ਨੇ ਚੀਨੀ ਵਾਲੇ ਸਤਿਗੁਰੂ ਜੀ ਦੀ ਸਵਾਰੀ ਹਿਤ ਸਦਾ ਹੀ ਇਕ ਸ਼ਾਨਦਾਰ ਘੋੜੀ, ਕੇਵਲ ਉਹਨਾਂ ਦੇ ਨੌਂਗੇ ਦੀ ਜਾਣ ਸੰਭਾਲੀ ਰਖੀ । ਇਸ ਵਿਸ਼ੇਸ਼ ਘੋੜੀ ਦੀ ਸਵਾਰੀ ਕੋਈ ਨ ਕਰਦਾ । ਹਫਤੇ ਵਿਚ ਇਕ ਦਿਨ ਲਈ ਇਸ ਨੂੰ ਕਾਠੀ ਆਦਿ ਸਾਜ ਨਾਲ ਫਬਾ-ਸਵਾਰ ਕੇ ਸਤਿਗੁਰੂ ਜੀ ਦੀ ਯਾਦ ਤਾਜ਼ੀ ਕੀਤੀ ਜਾਂਦੀ ।

ਰੇਸ ਦੇ ਘੋੜਿਆਂ ਨੇ ਗਊ ਨਸਲ ਦੇ ਸੁਧਾਰ ਹਿਤ ਸਤਿਗੁਰੂ ਜੀ ਨੂੰ ਪ੍ਰੇਤਸਾਹਨ ਦਿਤਾ । ਗਊ ਧਨ ਬਾਰੇ ਪ੍ਰਾਪਤੀਆਂ ਦੇ ਵੇਰਵੇ ਹੁਣ ਆਰੰਭ ਕਰਦੇ ਹਾਂ ।

* * *

ਲਗਭਗ ਅੱਧੀ ਸਦੀ ਦਾ ਸਮਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਘੋੜਿਆਂ ਨਾਲ ਵਾਸਤਾ ਰੱਖਿਆ । ਇਸ ਵਿਚ ਅੱਧਿਓਂ ਵੱਧ ਸਮਾਂ ਗਊਆਂ ਦੀ ਨਸਲ-ਸੁਧਾਰ ਵਲ ਲਗਿਆ । ਵਾਹੀਕਾਰ ਅਤੇ ਪਿੰਡਾਂ ਵਿਚ ਵਸਦੇ ਆਮ ਲੋਕ, ਪਸ਼ੂ ਵਡੇਰੀ ਗਿਣਤੀ ਵਿਚ ਪਾਲਦੇ-ਸੰਭਾਲਦੇ ਸਨ, ਪ੍ਰੰਤੂ ਦੁੱਧ ਪ੍ਰਾਪਤੀ ਇਹਦੇ ਟਾਕਰੇ ਵਿਚ ਥੋੜੀ ਸੀ । ਉਹਨਾਂ ਦਿਨਾਂ ਵਿਚ ਪ੍ਰਤੀ ਗਊ ਔਸਤ ਇਕ ਕਿਲੋ ਤੋਂ ਵੀ ਘੱਟ ਦੁੱਧ ਸੀ । ਦੁਨੀਆਂ ਦੇ ਕੁਲ ਪਸ਼ੂਆਂ ਦਾ ਪੰਜਵਾਂ ਭਾਗ ਤਾਂ ਭਾਰਤ ਵਿਚ ਹੋਵੇ ਅਤੇ ਦੁੱਧ ਦੀ ਪ੍ਰਾਪਤੀ ਕਿਲੋ ਭਰ ਵੀ ਨ ਹੋਵੇ ! ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇਹੋ ਹਾਲ ਸੀ । ਜਿਥੇ ਹਰ ਭਾਰਤੀ ਨੂੰ 10 ਔਂਸ ਦੁੱਧ ਮਿਲਣਾ ਚਾਹੀਦਾ ਹੈ, ਓਥੇ ਲਭਦਾ ਹੈ ਕੇਵਲ 5 ਔਂਸ । ਅਜਿਹੀ ਹਾਲਤ ਵਿਚ ਭਾਰਤ ਦੀ ਕਿਸਾਨੀ ਤੇ ਪਸ਼ੂ ਬੋਝ ਬਹੁਤ ਅਨ-ਉਪਜਾਊ ਸੀ ।

ਅੱਜ ਦੇ ਵਿਗਿਆਨੀ ਤਾਂ ਨਸਲ ਸੁਧਾਰ ਦੇ ਨਾਲ ਨਾਲ ਬੁਚੜਖ਼ਾਨਿਆਂ ਦੀ ਮੰਗ ਵੀ ਕਰਦੇ ਹਨ, ਪਰ ਸਾਡੇ ਦੇਸ ਦੇ ਧਰਮਾਚਾਰਯ ਅਤੇ ਸਾਡੇ ਸਤਿਗੁਰੂ ਇਸ ਕਲੰਕੀ ਅਵਸਥਾ ਨੂੰ ਸੋਚਣਾ ਵੀ ਧਰਮਹੀਣਤਾ ਮੰਨਦੇ ਹਨ । ਚੱਲਦੀ ਗੱਲੇ ਇਹ ਦੱਸ ਦੇਣਾ ਵੀ ਵਾਜਬ ਹੋਵੇਗਾ ਕਿ ਜਦੋਂ ਰੋਜ਼ਾਨਾ 10,000 ਪਸ਼ੂਆਂ ਦੇ ਘਾਤ ਲਈ ਲਾਹੌਰ ਵਿਚ ਇਕ ਬਹੁਤ ਵਡੇ ਆਧੁਨਿਕ ਬੁਚੜਖ਼ਾਨੇ ਦੀ ਸਕੀਮ ਅੰਗਰੇਜ਼ ਸਰਕਾਰ ਦੁਆਰਾ ਆਈ ਤਾਂ ਉਸਦੇ ਵਿਰੋਧ ਵਿਚ ਜੋ ਜਨ ਮਾਨਸ ਵਿਚੋਂ ਆਵਾਜ਼ ਉੱਭਰੀ ਅਤੇ ਉਭਾਰੀ ਗਈ ਹੀ, ਸ੍ਰੀ ਸਤਿਗੁਰੂ ਜੀ ਨੇ ਸਵਾ ਲੱਖ ਚੰਡੀ ਦੀ ਵਾਰ ਦੇ ਪਾਠਾਂ ਦਾ ਯੱਗ ਕਰਕੇ ਉਸਦਾ ਪ੍ਰਤੀਕਾਰ ਕੀਤਾ ਅਤੇ ਚੰਗੇ ਭਾਗਾਂ ਨੂੰ ਇਹ ਮਸ਼ੀਨੀ ਜ਼ਿਬਹਖ਼ਾਨਾ ਸਦਾ ਲਈ ਬੰਦ ਹੋ ਗਿਆ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ "ਰੋਗੁ, ਦਾਰੂ, ਦੋਵੈ ਬੁਝੈ ਤਾ ਵੈਦੁ ਸੁਜਾਣੁ" ਅਨੁਸਾਰ ਰੋਗ ਦਾ ਨਿਦਾਨ ਵੀ ਕੀਤਾ ਅਤੇ ਉਪਚਾਰ ਲਈ ਦਾਰੂ ਵੀ ਲੱਭਿਆ ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦਾ ਦ੍ਰਿਸ਼ਟੀ ਕੋਣ ਸਪੱਸ਼ਟ ਸੀ—"ਪੱਛਮ ਦੀ ਅੰਨ੍ਹੀ ਨਕਲ ਨਾ ਕਰੋ, ਗੁਣ ਗ੍ਰਹਿਣ ਕਰੋ। ਪਸ਼ੂਆਂ ਨੂੰ ਮਾਰਨ ਬਾਰੇ ਨਾ ਸੋਚੋ, ਇਹ ਕੰਮ ਤਾਂ ਪ੍ਰਕਿਰਤੀ ਆਪੇ ਕਰੀ ਜਾਂਦੀ ਹੈ, ਤੁਸੀਂ ਜੀਵਾਣ ਅਤੇ ਉੱਨਤ ਕਰਨ ਦੀ ਸੋਚੋ।"

ਇਹ ਧਿਆਨ ਰਖਣ ਯੋਗ ਤੱਥ ਹੈ ਕਿ ਸੱਚੇ ਪਾਤਸ਼ਾਹ ਜੀ ਨੇ ਅਨੇਕਾਂ ਵਾਰ ਬੁਚੱੜਖਾਨੇ ਨੂੰ ਲੈਜਾਂਦੀਆਂ ਜਾ ਰਹੀਆਂ ਗਊਆਂ, ਕਸਾਈਆਂ ਨੂੰ ਖਰਚਾ ਦੇ ਦੇ ਖ਼ਰੀਦਿਆ। ਇਹਨਾਂ ਵਿਚ ਅਨੇਕਾਂ 10 ਕਿਲੋ ਰੋਜ਼ਾਨਾ ਤਕ ਦੁੱਧ ਦੇਣ ਵਾਲੀਆਂ ਵੀ ਸਨ। ਸਤਿਗੁਰੂ ਜੀ ਨੂੰ ਇਹ ਵੇਖ ਰੋਹ ਆਉਂਦਾ ਕਿ ਕੀਮਤੀ ਪਸ਼ੂ ਧਨ ਕਿੰਨਾ ਬੇਫਿਕਰੀ ਨਾਲ ਕਸਾਈ ਦੀ ਛੁਰੀ ਹਵਾਲੇ ਕੀਤਾ ਜਾਂਦਾ ਹੈ।

* * *

ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਅੱਧ ਤੱਕ ਤਿੰਨ ਪਰਕਾਰ ਦੀਆਂ ਗਊ ਨਸਲਾਂ ਸਨ। ਸੁਦੇਸ਼ੀ, ਹਰਿਆਣਵੀ ਨਸਲ, ਸਫ਼ੈਦ ਰੰਗ ਦੀ ਕੰਨ ਪਤਲੇ ਤੇ ਛੋਟੇ, ਤਿੱਖੇ ਮੁੜਵੇਂ ਸਿੰਙਾਂ ਵਾਲੀ, ਕੰਬਲਾ ਪਤਲਾ ਅਤੇ ਛੋਟਾ, ਛੀਟਕੀ ਕਿਸਮ ਦੀ ਗਊ, ਜਿਹੜੀ ਮਸਾਂ 200 ਦਿਨ ਅਤੇ ਉਹ ਵੀ ਘੱਟ ਤੋਂ ਘੱਟ ਮਿਕਦਾਰ ਵਿਚ ਦੁੱਧ ਦਿੰਦੀ ਸੀ, ਪਰ ਇਸਦੇ ਵੱਛੇ ਵਾਹੀਵਾਨਾਂ ਦੇ ਸਹੀ ਕੰਮ ਆਉਣ ਵਾਲੇ ਬੈਲ ਬਣਦੇ। ਬੈਲਾਂ ਦੀ ਮੂਤਰੀ ਪਿੰਡੇ ਨਾਲ ਲਗੀ ਹੋਈ। ਅੱਗਾ ਚੌੜਾ ਤੇ ਪਿੱਛਾ ਪਤਲਾ, ਹਰਨ ਵਰਗੇ ਚੁਸਤ। ਉੱਤਮ ਕਿਸਮ ਦੇ ਬੈਲਾਂ ਦੀ ਜੋੜੀ 8–9 ਘੰਟੇ ਵਿਚ ਏਕੜ ਜ਼ਮੀਨ ਵਾਹ ਲੈਂਦੀ (ਓਦੋਂ ਟ੍ਰੈਕਟਰ ਆਦਿ ਮਸ਼ੀਨੀ ਹਲ ਭਾਰਤ ਵਿਚ ਆਮ ਚਾਲੂ ਨਹੀਂ ਸਨ)। ਦੂਜੀ ਨਸਲ ਮਿੰਟਗੁਮਰੀ ਮੁਲਤਾਨ ਦੇ ਇਲਾਕਿਆਂ ਵਿਚ ਵਧ ਫੁਲ ਰਹੀ ਸੀ, ਇਹਦਾ ਨਾਂ ਸੀ ਸਾਹੀਵਾਲ। ਗਊਆਂ ਦੁਧੈਲ ਤਾਂ ਅੱਛੀਆਂ ਸਨ ਇਹਨਾਂ ਦਾ ਰੰਗ ਲਾਲ ਜਾਂ ਡੱਬ ਖੜੱਬਾ ਹੁੰਦਾ, ਸਿੰਙਾਂ ਦਾ ਸਫਾਇਆ ਮਾਲਕ ਵਲੋਂ ਕੀਤਾ ਜਾਂਦਾ ਪਰ ਇਨ੍ਹਾਂ ਦੇ ਬੈਲ ਲੋਲ੍ਹੜ, ਢਿਲਕਵੇਂ ਅਤੇ ਸੁਸਤ ਹੁੰਦੇ ਸਨ। ਤੀਜੀ ਨਸਲ ਨਗੌਰੀ ਵੀ ਚਲਦੀ ਸੀ, ਰਾਜਸਥਾਨ ਦੇ ਇਲਾਕੇ ਵਿਚ ਆਮ ਪਾਈ ਜਾਂਦੀ, ਪਰ ਦੁੱਧ ਵਲੋਂ ਇਹ ਵੀ ਗੁਜ਼ਾਰੇ ਲਾਇਕ ਹੀ ਸੀ। ਕਰਨਾਲ ਦਾ ਡੇਅਰੀ ਫਾਰਮ 'ਥਾਰਪਾਰਕਰ' ਨਸਲ ਨੂੰ ਉਨਤ ਕਰ ਰਿਹਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਜਾਬ ਦੇ ਕਿਸਾਨਾਂ ਦੇ ਹਿਤ ਨੂੰ ਮੁਖ ਰਖ ਕੇ, ਹਰਿਆਣਵੀ ਗਊ ਨੂੰ ਦੋ ਲਾਭ ਦੇਣ ਵਾਲੀ ਜਾਣ, ਇਸਨੂੰ ਉੱਨਤ ਕਰਨ ਦੀ ਠਾਣੀ। ਸਾਹੀਵਾਲ ਗਊ ਨੂੰ ਮੱਝਾਂ ਦੇ ਮੁਕਾਬਲੇ ਵਧੇਰੇ ਦੁੱਧ ਉਪਜ ਲਈ ਤਿਆਰ ਕੀਤਾ। ਨਸਲ ਸੁਧਤਾ ਅਤੇ ਪੰਜਾਬ ਦਾ ਗਾੜ੍ਹਾ ਧਨ ਮੱਝਾਂ ਨੂੰ ਸਮਝ ਨੀਲੀ ਰਾਵੀ ਅਤੇ ਮੁਰਹ ਨਸਲਾਂ ਦੀ ਵੀ ਸੰਭਾਲ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵੀ, ਸ੍ਰੀ ਭੈਣੀ ਸਾਹਿਬ ਵਿਖੇ ਇਕ ਸਹਿਜ ਭਾਵੀ ਅਤੇ ਵਡੇਰੀ ਪਸ਼ੂ ਸ਼ਾਲਾ ਸਥਾਪਤ ਹੋ ਗਈ। ਤਿੰਨ ਪਰਕਾਰ ਨਾਲ ਪਸ਼ੂ ਧਨ ਦਾ ਸੁਤੇ ਸਿੱਧ ਇਕੱਤਰੀਕਰਣ ਹੋ ਗਿਆ। ਇੱਕ, ਡੇਰੇ ਦੀਆਂ ਦੁੱਧ ਲੋੜਾਂ ਦੀ ਪੂਰਤੀ ਹਿਤ, ਜ਼ਰੂਰਤ ਮੁਤਾਬਕ ਖ਼ਰੀਦੇ ਪਸ਼ੂ; ਦੂਜੇ, ਸਿੱਖਾਂ-ਸੇਵਕਾਂ ਵਲੋਂ ਸਤਿਕਾਰ ਨਾਲ ਭੇਟਾ ਲਈ ਲਿਆਂਦੇ ਪਸ਼ੂ; ਤੀਜੇ, ਉਹ ਰਾਮ ਚੌਣੇ ਅਰਥਾਤ ਰਾਮ ਗਊਆਂ ਜਿਨ੍ਹਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਲੋਕੀਂ ਦੁੱਧ, ਬੈਲ ਲੈ, ਫੰਡਰਾਂ ਜਾਣ, ਵਿਹਲੀਆਂ ਛੱਡ ਦਿੰਦੇ। ਵੱਗਾਂ ਦੇ ਰੂਪ ਵਿਚ ਇਹ ਆਮ ਕਾਸ਼ਤਕਾਰਾਂ ਦੀ ਖੇਤੀ ਦਾ ਨੁਕਸਾਨ ਕਰਦੀਆਂ। ਅਜਿਹੇ ਪਸ਼ੂ ਵੀ ਗੁਰੂ ਘਰ ਨੂੰ ਧੱਕ ਦਿਤੇ ਜਾਂਦੇ। ਮਾਰ ਖੋਰੇ ਸਾਹਣ, ਸੰਢੇ ਅਤੇ ਘੋੜੇ ਵੀ ਗੁਰੂ ਕੀ ਪਸ਼ੂ ਸ਼ਾਲਾ ਦਾ ਇਕ ਭਾਗ ਬਣਦੇ। ਪਸ਼ੂ ਸ਼ਾਲਾ ਗੁਰੂ ਘਰ ਲਈ ਇਕ ਅ-ਛੋੜ ਨਿਧੀ ਰਹੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੋਟ ਕਰਵਾਇਆ ਹੈ ਕਿ 1899 ਈ: ਵਿਚ ਬਾਹਮਣ ਮਾਜਰਾ, ਸਰਹੰਦ ਨੇੜੇ ਦੇ ਇਕ ਸਿੱਖ ਨੇ ਇਕ ਗਊ ਸਤਿਗੁਰੂ ਹਰੀ ਸਿੰਘ ਜੀ ਨੂੰ ਭੈਣੀ ਸਾਹਿਬ ਵਿਖੇ ਲਿਆਕੇ ਭੇਟਾ ਕੀਤੀ। ਇਹ 4 ਫੁਟ ਉੱਚੇ ਕੱਦ ਦੀ ਗਾਂ ਪ੍ਰਤੀ ਦਿਨ 25 ਪੌਂਡ (11.37 ਕਿਲੋ) ਦੁੱਧ ਦੇਣ ਵਾਲੀ ਸੀ। ਹਿਸਾਰੀ ਸਾਹਣ ਦੁਆਰਾ ਫਲਦੀ ਇਸ ਗਾਂ ਦੀ ਨਸਲ 1933 ਤੱਕ ਚਲੀ। ਅੰਤਮ ਸਾਲ ਇਹਦੀ ਨਸਲੋਂ ਇਕ ਵੱਛੀ ਹੋਈ ਜਿਸਦਾ ਨਾਮ 'ਚਿੱਤੀ' ਰੱਖਿਆ ਗਿਆ। 1937 ਵਿਚ 'ਚਿੱਤੀ' ਦੇ ਇਕ ਵੱਛੀ ਜਨਮੀ। ਪਹਿਲੇ ਸੂਏ ਹੀ ਚਿੱਤੀ ਨੇ 14 ਪੌਂਡ (6.37 ਕਿਲੋ) ਦੁੱਧ ਦਿਤਾ। ਦੂਜੇ ਸੂਏ ਇਹੋ ਗਊ 26 ਪੌਂਡ (11.82 ਕਿਲੋ) ਦੁੱਧ ਦੇਣ ਲਗੀ। ਤੀਜੇ ਸੂਏ, ਸਾਹੀਵਾਲ ਨਸਲ ਦੇ ਬਾਪ ਤੋਂ ਸੁਹਾਵੀ ਨੂੰ ਜਨਮ ਦੇ ਇਸਨੇ ਇਕ ਦਿਨ ਦਾ ਦੁੱਧ 36 ਪੌਂਡ (16.37 ਕਿਲੋ) ਤੱਕ ਦੁੱਧ ਦਿਤਾ।

'ਸੁਹਾਵੀ' ਨੇ 1942 ਵਿਚ ਪਹਿਲੇ ਸੂਏ ਹੀ 30 ਪੌਂਡ (13.37 ਕਿਲੋ) ਦੁੱਧ ਦੇਣਾ ਸ਼ੁਰੂ ਕੀਤਾ। ਦੂਜੇ ਸੂਏ ਇਕ ਥਣ ਮੈਸਟਾਈਸ ਨਾਮੀ ਰੋਗ ਨਾਲ ਸਦਾ ਲਈ ਖੁਸ਼ਕ ਹੋ ਜਾਣ ਦੇ ਬਾਵਜੂਦ 'ਸੁਹਾਵੀ' ਨੇ ਰੋਜ਼ਾਨਾ 38 ਪੌਂਡ (17.27 ਕਿਲੋ) ਦੁੱਧ ਦਿਤਾ। ਮਿਲਟਰੀ ਡੇਰੀ ਫਾਰਮ ਫੀਰੋਜ਼ਪੁਰ ਤੋਂ 'ਫੋਰਟ' ਨਾਮੀ ਸਾਹਣ ਖਰੀਦਿਆ ਉਸ ਦੁਆਰਾ 'ਸ਼ਿੰਗਾਰੋ' ਨਾਮ ਦੀ ਵੱਛੀ 1946 ਵਿਚ ਹੋਈ।

'ਸ਼ਿੰਗਾਰੋ' ਲੰਮਾ ਸਮਾ ਦੁੱਧ ਦੇਣ ਵਾਲੀ ਸੀ। ਉਸਦੇ ਵਿਹਲੇ ਦਿਨ 120 ਦਿਨ ਤੋਂ 100 ਹੀ ਸਨ। ਸ਼ਿੰਗਾਰੋ ਨੇ ਪਹਿਲੇ ਸੂਏ 300 ਦਿਨਾਂ ਵਿਚ 4500 ਪੌਂਡ (2045.45 ਕਿਲੋ) ਦੁੱਧ ਦਿਤਾ, 1952 ਦੇ ਸੂਏ 5549 ਪੌਂਡ (2522.27 ਕਿਲੋ) ਤਕ ਦੁੱਧ ਵਧਾਇਆ। 1953 ਵਿਚ ਸ਼ਿੰਗਾਰੋ ਨੇ ਵੱਛੀ ਦਿਤੀ ਤਾਂ ਉਹਦਾ ਨਾਂ ਬਹਾਰ ਰੱਖਿਆ, 1956 ਵਿਚ ਨਾਗਪੁਰ ਵਿਖੇ ਹੋਈ ਸਰਬ ਭਾਰਤ ਪਸ਼ੂ ਪਰਦਰਸ਼ਨੀ ਵਿਚ 'ਬਹਾਰ' ਨੇ ਸਾਹੀਵਾਲ ਨਸਲ ਦਾ ਪ੍ਰਥਮ ਸਥਾਨ ਹਾਸਲ ਕੀਤਾ।

'ਬਹਾਰ' ਨੇ ਪਹਿਲੇ ਸੂਏ ਵੱਛਾ ਦਿਤਾ, 1956 ਵਿਚ ਇਸਦਾ ਦੁੱਧ ਇਕ ਦਿਨ ਦਾ ਵੱਧ ਤੋਂ ਵੱਧ 30 ਪੌਂਡ (13.63 ਕਿਲੋ) ਰਿਹਾ।

1921 ਵਿਚ ਗੁਰੂ ਕੀ ਪਸ਼ੂ ਸ਼ਾਲਾ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲਾਂ ਦੇ ਪਿੰਡੋਂ, ਅਰਥਾਤ 'ਗੁਰੂ ਸਰ' ਗੱਦਾਂ ਡੋਬ (ਜਿ: ਫਰੀਦ ਕੋਟ) ਵਿਚੋਂ ਇਕ ਗਊ ਭੇਟਾ ਹੋਈ। ਇਹ ਸਾਹੀਵਾਲ ਨਸਲ ਦੀ ਸੀ ਜੋ ਰੋਜ਼ਾਨਾ 36 ਪੌਂਡ (16.37 ਕਿਲੋ ਗ੍ਰਾਮ) ਤੱਕ ਦੁੱਧ ਦਿੰਦੀ ਸੀ। 1928 ਵਿਚ ਸਾਹੀਵਾਲ ਨਸਲ ਦੇ ਇਕ ਸਾਹਣ ਨਾਲ ਮਿਲਾਏ ਜਾਣ ਤੋਂ ਭੋਡੀ ਨਾਮ ਦੀ ਵੱਛੀ ਹੋਈ। ਭੋਡੀ ਰੋਜ਼ਾਨਾ 40 ਪੌਂਡ



Sri Satguru Jagjit Singh Ji eLibrary NamdhariElibrary@gmail.com

(18 ਕਿਲੋ) ਤੱਕ ਦੁੱਧ ਦੇਣ ਵਾਲੀ ਸੀ। ਭੋਡੀ ਦੀਆਂ ਸਾਰੀਆਂ ਵੱਛੀਆਂ ਨੇ ਹੀ ਵੱਡੀਆਂ ਹੋਕੇ 32 ਪੌਂਡ (14.55 ਕਿਲੋ) ਤੱਕ ਪ੍ਰਤੀ ਦਿਨ ਦੁੱਧ ਦਿਤਾ।

ਇਹ ਸਾਰੇ ਤੱਥ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤਿਆਰ ਕਰਵਾਏ ਬਿਉਰੇ ਦੇ ਆਧਾਰ ਤੇ ਹਨ। ਲੇਖਕ ਨੇ ਕੇਵਲ ਪੌਂਡਾਂ ਨੂੰ ਕਿਲੋਗ੍ਰਾਮਾਂ ਵਿਚ ਪਰਣਿਤ ਕੀਤਾ ਹੈ ਤਾਕਿ ਪਾਠਕ ਨੂੰ ਅੱਜ ਦੇ ਤੋਲਾਂ ਵਿਚ ਪ੍ਰਾਪਤੀਆਂ ਦੀ ਸਮਝ ਆ ਸਕੇ।

ਸ੍ਰੀ ਸਤਿਗੁਰੂ ਜੀ ਦੇ ਰੀਕਾਰਡ ਨੂੰ ਪੰਜਾਬੀ ਅੱਖਰਾਂ (ਗੁਰਮੁਖੀ) ਵਿਚ ਸੰਭਾਲਣ ਹਿਤ ਮੈਂ ਅੰਕੜਿਆਂ ਦੀ ਵਿੱਕੀ ਖਿਚੜੀ ਸਿਆਣੇ ਪਾਠਕਾਂ (ਸਰੋਤਿਆਂ) ਦੇ ਪੇਸ਼ ਕਰ ਰਿਹਾ ਹਾਂ।

'ਭੋਡੀ' ਦੁਆਰਾ ਉਤੋੜਿੱਤੀ ਦੋ ਵੱਛੀਆਂ ਜਨਮੀਆਂ, ਜਿਨ੍ਹਾਂ ਵਿਚੋਂ ਸ਼ੀਹਣੀ-1 ਬੀ. ਐਨ ਹਾਂਡਾ ਨੇ ਸਰਕਾਰੀ ਲਾਈਵ ਸਟਾਕ ਦੇ ਨਸਲ ਉਤਪਾਦਨ ਲਈ ਖ਼ਰੀਦੀ। 'ਸਤਿਗੁਰੂ ਹਰੀ ਸਿੰਘ ਪਸ਼ੂ ਪਾਲਨ ਫਾਰਮ' ਦੇ 'ਮਦਨ' ਨਾਮੀ ਸਾਹਣ ਤੋਂ 'ਭੋਡੀ' ਨੇ ਸ਼ੀਹਣੀ ਨੰ: 2 ਨੂੰ 1946 ਵਿਚ ਜਨਮ ਦਿਤਾ, ਜਿਸਨੇ ਤੀਜੇ ਸੂਏ ਅੰਦਰ 300 ਦਿਨਾਂ ਵਿਚ 8667 ਪੌਂਡ (3939.55 ਕਿਲੋ ਗ੍ਰਾਮ) ਦੁੱਧ ਦਿਤਾ। ਫਿਰ 'ਸ਼ੀਹਣੀ' 2 ਨੇ ਪੰਜਵੇਂ ਸੂਏ ਵਿਚ 305 ਦਿਨਾਂ ਵਿਚ 10080 ਪੌਂਡ (4581.81 ਕਿਲੋ) ਦੁੱਧ ਰਿਕਾਰਡ ਬਣਾਇਆ।

1937 ਵਿਚ ਸਤਿਗੁਰਾਂ ਨੇ ਜ਼ਿਲ੍ਹਾ ਮਿੰਟਗੁਮਰੀ ਵਿਚੋਂ ਸਾਹੀਵਾਲ ਨਸਲ ਦੀਆਂ ਦੋ ਗਊਆਂ ਖ਼ਰੀਦੀਆਂ—ਟੋਡੀ ਅਤੇ ਚਿਤਲੀ। ਟੋਡੀ ਨੇ ਇਸ ਗਊਸ਼ਾਲਾ ਵਿਚ ਆਕੇ 300 ਦਿਨਾਂ ਦਾ 5000 ਪੌਂਡ (2272.72 ਕਿਲੋ) ਦੁੱਧ ਚੁਆਇਆ। ਚਿਤਲੀ ਨੂੰ ਚੀਨਾ ਨਾਮੀ ਸਾਹਣ ਨਾਲ ਮਿਲਾਇਆ ਤਾਂ ਉਸਨੇ 'ਚੀਨੀ' ਨਾਮ ਦੀ ਵੱਛੀ ਜੰਮੀ ਅਤੇ 300 ਦਿਨਾਂ ਵਿਚ 6000 ਪੌਂਡ (2727.26 ਕਿਲੋ) ਤੱਕ ਦੁੱਧ ਲੈ ਆਂਦਾ।

ਸਤਿਗੁਰੂ ਜੀ ਦੇ ਫਾਰਮ ਦੀ 'ਸੁੰਦਰੀ' ਨਾਮੀ ਗਊ ਨੇ ਇਕ ਦਿਨ ਵਿਚ 48 ਪੌਂਡ (21.82 ਕਿਲੋ) ਦੁੱਧ ਦੇ ਕੇ ਉਚਾ ਰਿਕਾਰਡ ਬਣਾਇਆ। ਇਸਨੇ 300 ਦਿਨਾਂ 9374 ਪੌਂਡ (4260.91 ਕਿਲੋ) ਦੁੱਧ ਦਿਤਾ। ਸੁੰਦਰੀ ਦਾ ਬਾਪ 'ਮਸਤਾਨਾ' ਸੀ ਅਤੇ ਉਹਦੀ ਮਾਂ 'ਮਨਿਹਾਰੀ'।

ਇਕ ਹੋਰ 'ਲਾਡੋ' ਨਾਮੀ ਵੱਛੀ ਦਾ 'ਨੌ ਲੱਖਾ' ਨਾਮੀ ਸਾਹਣ ਨਾਲ ਮਿਲਣ ਹੋਇਆ ਜਿਸ ਦੀ ਸੱਕੀ ਭੈਣ 'ਨੌ ਲੱਖੀ' ਨੇ 305 ਦਿਨਾਂ ਵਿਚ 14150 ਪੌਂਡ (6431-82 ਕਿਲੋ) ਦੁੱਧ ਚੁਆਇਆ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਿਥੇ ਜੀਵਨ ਦੇ ਹੋਰ ਹਰ ਖੇਤਰ ਵਿਚ ਅਗ੍ਰਣੀਅ ਸਨ, ਓਥੇ ਗਊਆਂ ਦੀ ਉੱਨਤੀ ਦੀ ਧੁਨ ਵੀ ਆਪ ਜੀ ਦੇ ਮਨ ਵਿਚ ਸਰਗਰਮ ਰਹਿੰਦੀ। 60 ਮੀਲ ਦੀ ਰਫ਼ਤਾਰ ਵਿਚ ਕਾਰ ਤੇ ਸਫ਼ਰ ਕਰਦਿਆਂ, ਪੈਨੀ ਦ੍ਰਿਸ਼ਟੀ ਦਾ ਇਹ ਕਮਾਲ ਸੀ ਕਿ ਚਰਦੀਆਂ ਗਊਆਂ ਵਿਚੋਂ ਪਸੰਦ ਦੀ ਇੱਕ ਦੇ, ਏਨੇ ਚੰਗੀ ਤਰ੍ਹਾਂ ਚਿੰਨ੍ਹ ਯਾਦ ਵਿਚ ਰਚਾਂਦੇ, ਕਿ ਜਦੋਂ 40-50 ਮੀਲਾਂ ਦੇ ਫ਼ਾਸਲੇ ਤੇ ਆਪਣਾ ਨਿਤਨੇਮ ਕਰਕੇ ਅਰਦਾਸ ਉਪਰੰਤ ਬੋਲਦੇ ਤਾਂ ਓਥੋਂ ਹੀ, ਕਿਸੇ ਨਾਲ ਦੀ ਸਵਾਰੀ ਨੂੰ, ਪਿੱਛੇ,



Sri Satguru Jagjit Singh Ji eLibrary NamdhariElibrary@gmail.com

ਉਸ ਵੱਗ ਪਾਸ ਭੇਜਦੇ ਅਤੇ ਮਨ ਵਸਾਈ ਗਊ ਦੇ ਹਸਬ ਨਸਬ, ਮੁੱਲ-ਭਾ ਦਾਂ ਪਤਾ ਕਰਵਾਂਦੇ।

ਪਛਾਣ ਏਨੀ ਜ਼ਬਰਦਸਤ ਕਿ ਪਸ਼ੂ ਨੂੰ ਵੇਖ ਉਸ ਦੇ ਪਿਤਾ ਬਾਰੇ ਦੱਸ ਦਿੰਦੇ ਕਿ ਇਸ ਦਾ ਬਾਪ ਕੌਣ ਹੋ ਸਕਦਾ ਹੈ। ਕਈ ਵਾਰ ਤਾਂ ਸਰਕਾਰੀ ਡੇਅਰੀ ਫਾਰਮਾਂ ਵਿਚ ਲਿਖੇ ਰਿਕਾਰਡ ਵੀ ਸਤਿਗੁਰੂ ਜੀ ਦੇ ਤੱਥਾਂ ਦੁਆਰਾ ਸਾਬਤ ਕਰਨ ਤੇ ਬਾਪ ਦਾ ਨਾਮ ਬਦਲਣਾ ਪਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਵਿਵਹਾਰਕਤਾ ਨੂੰ ਆਨ ਕਰਕੇ ਤਰਜੀਹ ਦਿੰਦੇ। ਕਿਸੇ ਸਿੱਖ ਨੇ ਫੰਡਰ ਗਊ ਨੂੰ ਹਲੀਂ ਜੋੜਾ ਲਿਆ ਤਾਂ ਸਮਾਜ ਵਿਚ ਵਿਵਾਦ ਉਠਿਆ। ਸਚੇ ਪਾਤਸ਼ਾਹ ਜੀ ਨੇ ਸਪਤਾਹਿਕ' ਸਤਿਜੁਗ' ਵਿਚ ਲਿਖਵਾਇਆ ਕਿ ਗਊ ਕਸਾਈਆਂ ਦੇ ਹਵਾਲੇ ਕਰਨ ਨਾਲੋਂ ਪੰਜਾਲੀ ਪਾ, ਜੋ ਲੈਣੀ ਉਹਦੀ ਜ਼ਿੰਦਗੀ ਬਚਾਣਾ ਹੈ। ਕੋਈ ਵੀ ਦੁਧੈਲ ਗਾਂ ਨੂੰ ਬੈਲ ਨਾਲ ਨੂੜ ਕੇ ਹਲ ਨਹੀਂ ਚਲਾਏਗਾ।

ਅਫਰੀਕਾ ਦੇ ਦੌਰੇ ਤੇ ਗਿਆਂ, ਕੀਨੀਆ ਦੇਸ ਦੇ ਇਕ ਫਾਰਮ ਦੀਆਂ ਜਰਸੀ ਨਸਲ ਦੀਆਂ ਗਊਆਂ ਖ਼ਰੀਦਣ ਦਾ ਮਨ ਹੋ ਆਇਆ। ਫਾਰਮ ਮਾਲਕ ਮਿ: ਕਿੱਤ ਮੈਨ ਨੇ ਸ਼ੌਕੀਨ ਧਾਰਮਕ ਹਸਤੀ ਜਾਣ ਆਖ ਦਿਤਾ : ਜਿਹੜੀ ਗਊ ਆਪ ਨੂੰ ਪਸੰਦ ਹੈ, ਲੈ ਜਾਓ। ਜਦੋਂ ਸਤਿਗੁਰੂ ਜੀ ਨੇ ਉਹਦੇ ਕਲੇਜੇ ਨੂੰ ਹੀ ਹੱਥ ਪਾ ਲਿਆ ਤਾਂ "ਨਾ-ਨਾ" ਕਰਦਿਆਂ ਚਾਰ ਕਦਮ ਪਿਛੇ ਹਟ ਗਿਆ, "ਨਹੀਂ", ਇਹ ਗਊ ਤਾਂ ਸਾਡੇ ਫਾਰਮ ਦੀ ਜਾਨ ਹੈ।" ਏਨੀ ਪਛਾਣ ਅਤੇ ਗੰਭੀਰ ਤੱਕਣੀ ਸੀ ਸਤਿਗੁਰਾਂ ਦੀ।

ਸਾਹੀਵਾਲ ਨਸਲ ਦੀਆਂ ਦੋ ਗਊਆਂ ਸਤਿਗੁਰੂ ਜੀ ਨੇ ਵਾਇਸਰਾਇ ਦੇ ਨਿਜੀ ਡੇਅਰੀ ਫਾਰਮ ਦਿੱਲੀ ਵਿਚੋਂ ਖ਼ਰੀਦੀਆਂ। ਉਨ੍ਹਾਂ ਚੋਂ 'ਨੋ ਬਹਾਰ ਨੂੰ 'ਮਸਤਾਨਾ' ਨਾਲ ਮਿਲਾ ਕੇ 'ਨੌ ਲੱਖੀ' ਪ੍ਰਾਪਤ ਕੀਤੀ। 'ਨੌ ਲੱਖੀ' ਨੇ ਪਹਿਲੇ ਸੂਏ ਦੇ 300 ਦਿਨਾਂ ਵਿਚ ਹੀ 7471 ਪੌਂਡ (3395.91 ਕਿਲੋ) ਦੁੱਧ ਦੇ ਸਤਿਗੁਰੂ ਜੀ ਨਾਲ ਮਾਨਸਿਕ ਸਾਂਝ ਸਥਾਪਤ ਕਰ ਲਈ। ਦੂਜੇ ਸੂਏ ਦੇ 306 ਦਿਨਾਂ ਵਿਚ 10686 ਪੌਂਡ (4857.28 ਕਿਲੋ) ਦੁੱਧ ਦੇ ਸਭ ਤੋਂ ਅਗੇ ਲੰਘ ਗਈ। ਇਕ ਦਿਨ ਦਾ 54 ਪੌਂਡ ਦੁੱਧ ਦੇ ਦਿੰਦੀ ਸੀ। ਤੀਜੀ ਵਾਰ ਦੇ ਸੂਣ ਤੇ ਤਾਂ ਉਸਨੇ ਹਿੰਦੁਸਤਾਨ ਵਿਚ ਆਪਣਾ ਕੋਈ ਸਾਨੀ ਨਾ ਰਹਿਣ ਦਿਤਾ 305 ਦਿਨਾਂ ਵਿਚ 14150 ਪੌਂਡ (6431-82 ਕਿਲੋ) ਦੁੱਧ। ਇਹ ਸੀ ਦੇਸੀ ਗਊ ਇਕ ਦਿਨ ਵਿਚ 74½ ਪੌਂਡ (33.87 ਕਿਲੋ) ਦੁੱਧ ਦੇਣ ਵਾਲੀ। ਕਰੋ ਗੱਲਾਂ, ਹੈ ਕੋਈ ਮੁਕਾਬਲਾ!

ਸਤਿਗੁਰੂ ਜੀ ਸਰਕਾਰੀ ਪਸ਼ੂ ਫਾਰਮਾਂ ਵਿਚ ਜਾ ਕੇ ਇਸ ਗੱਲੋਂ ਹੈਰਾਨ ਹੋਇਆ ਕਰਦੇ ਕਿ ਉਹਨਾਂ ਦੀਆਂ ਬਿਲਡਿੰਗਾਂ ਅਤੇ ਰਖ-ਰਖਾਉ ਤੇ ਰੱਜਵਾਂ ਖ਼ਰਚ ਆਉਂਦਾ ਜਦੋਂ ਕਿ ਪ੍ਰਾਪਤੀਆਂ ਬੜੀਆਂ ਗ਼ਰੀਬ ਹੁੰਦੀਆਂ। ਸਤਿਗੁਰੂ ਜੀ ਦੇ ਫਾਰਮ ਦੀਆਂ ਸਾਹੀਵਾਲ ਨਸਲ ਦੀਆਂ ਹੋਰ ਪ੍ਰਾਪਤੀਆਂ ਸਨ, ਹੁਕਮੀ, ਹਿਕਮਤ, ਹੇਮੀ, ਹਰਨੀ, ਗੁਲ ਬਹਾਰ, ਨੌ ਕਰੋੜੀ। ਇਹ ਨੌ ਕਰੋੜੀ ਮਾਂ ਨੌ ਲੱਖੀ ਦੀ ਧੀ ਸੀ।

ਇਹ ਕ੍ਰਿਸ਼ਮਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਸਲ ਦੇ ਗੁਣਾਂ ਨੂੰ ਪਛਾਨਣ ਵਾਲੀ ਸੂਝ ਦਾ ਸੀ।

ਮੇਰੇ ਖਿਆਲ ਵਿਚ ਸ੍ਰੀ ਸਤਿਗੁਰੂ ਜੀ ਇਕੋ ਮੌਕੇ ਤਿੰਨ ਵਿਅਕਤੀਆਂ ਦਾ ਕਾਰਜ



Sri Satguru Jagjit Singh Ji eLibrary NamdhariElibrary@gmail.com

ਕਰਦੇ ਰਹੇ ਹਨ, ਵਿਅਕਤੀ ਵੀ ਸਾਧਾਰਣ ਨਹੀਂ ਅਸਾਧਾਰਣ। ਭਾਵੇਂ ਆਪ ਛੇ ਮਹੀਨੇ ਘੱਟ 70 ਵਰ੍ਹੇ ਸੰਸਾਰ ਯਾਤਰਾ ਵਿਚ ਵਿਅਸਤ ਰਹੇ ਪਰ ਆਪ ਜੀ ਦੀਆਂ ਪ੍ਰਾਪਤੀਆਂ 210 ਸਾਲਾਂ ਦੇ ਕਾਰਜ ਨਾਲ ਸਮਤਾ ਰਖਦੀਆਂ ਹਨ।

ਇਸ ਤੋਂ ਪਹਿਲਾਂ ਕਿ ਹਰਿਆਣਾ ਨਸਲ ਦਾ ਵੇਰਵਾ ਬਿਆਨ ਕਰਾਂ ਇਹ ਦੱਸਣ ਦੀ ਆਗਿਆ ਵੀ ਲਵਾਂਗਾ ਕਿ ਸਤਿਗੁਰੂ ਜੀ ਗਊ ਨਸਲ ਸੁਧਾਰ ਬਾਰੇ ਆਪਣੀਆਂ ਪ੍ਰਾਪਤੀਆਂ ਦਾ ਸਮੁੱਚੇ ਦੇਸ਼ ਦੇ ਪਸ਼ੂ ਧਨ ਨਾਲ ਟਾਕਰੇ ਦਾ ਪਤਾ ਕਰਨ ਲਈ ਸਰਬ ਹਿੰਦ ਪਸ਼ੂ ਪਰਦਰਸ਼ਨੀਆਂ ਵਿਚ ਆਪਣੀਆਂ ਗਊਆਂ ਅਤੇ ਮਹੀਆਂ ਆਦਿ ਨਾਲ ਭਾਗ ਲੈਂਦੇ ਰਹੇ। ਪਰ ਆਪ ਜੀ ਨੂੰ ਰੇਸਾਂ ਵਿਚ ਵੀ ਅਤੇ ਪਸ਼ੂ ਧਨ ਦੇ ਮੁਕਾਬਲੇ ਵਿਚ ਵੀ ਈਰਖਾ ਦਾ ਸਾਹਮਣਾ ਕਰਨਾ ਪਿਆ। ਜੇ ਦੌੜਾਂ ਵਿਚ ਸਤਿਗੁਰੂ ਜੀ ਨੂੰ ਪ੍ਰਬੰਧਕਾਂ ਦੀ ਤਰਫ਼ਦਾਰੀ ਜਾਪੀ ਤਾਂ ਐਲਾਨੀਆ ਬਾਈਕਾਟ ਕਰ ਦਿਤਾ। ਜੇ ਪਸ਼ੂ ਪਰਦਰਸ਼ਨੀਆ ਵਿਚ ਈਰਖਾ-ਸੜੇ ਜੱਜ ਸਾਹਿਬਾਨ ਨੇ ਨਾ-ਇਨਸਾਫ਼ੀ ਕੀਤੀ ਤਾਂ ਪਰਦਰਸ਼ਨੀਆਂ ਵਿਚ ਹਿੱਸਾ ਲੈਣੋਂ ਹਟ ਗਏ ਪਰ ਸਤਿਗੁਰਾਂ ਦੀ ਪਹੁੰਚ ਸਦਾ ਸੁਹਿਰਦ ਰਹੀ। ਗ਼ਲਤੀ ਦਾ ਅਹਿਸਾਸ ਹੋਣ ਤੇ ਸੰਸਥਾ ਪ੍ਰਬੰਧਕਾਂ ਨੂੰ ਆਪਣਾ ਸਹਿਯੋਗ ਖੁਲ੍ਹੇ ਮਨ ਦਿਤਾ। ਵਿਸ਼ੇਸ਼ ਪਸ਼ੂਆਂ ਦੀ ਪ੍ਰਾਪਤੀ ਅਥਵਾ ਪਤਾ ਕਰਨ ਆਪ ਜੀ ਸਰਕਾਰੀ ਜਾਂ ਗ਼ੈਰ ਸਰਕਾਰੀ ਫਾਰਮਾਂ ਵਿਚ ਉਚੇਚ ਨਾਲ ਪਧਾਰਦੇ, ਅਤੇ ਹਰ ਜਗਹ ਹੀ ਆਪ ਜੀ ਦੀ ਵਿਸ਼ਿਸ਼ਟ ਬੁਧੀ ਅਤੇ ਪੈਨੀ ਦ੍ਰਿਸ਼ਟੀ ਦਾ ਸਤਿਕਾਰ ਕੀਤਾ ਜਾਂਦਾ।

ਨਾਮਧਾਰੀ ਜਗਤ ਵਿਚ, ਬਾਰ ਦੇ ਇਲਾਕੇ ਦੇ ਸਿੰਘਾਂ ਨੂੰ ਸਤਿਗੁਰੂ ਜੀ ਨੇ ਘੋੜੇ ਪਾਲਣ ਦਾ ਸ਼ੌਕ ਲਾਇਆ। ਬਾਹਲੇ ਮੁਰੱਬਿਆਂ ਵਾਲਿਆਂ ਨੂੰ ਤਾਂ ਘੋੜ-ਸੰਭਾਲੀ ਕੋਈ ਮੁਸ਼ਕਲ ਨਹੀਂ ਸੀ ਪਰ ਥੋੜ੍ਹੀਆਂ ਜ਼ਮੀਨਾਂ ਵਾਲਿਆਂ ਨੂੰ ਵੀ ਸਤਿਗੁਰਾਂ ਘੋੜੇ ਪਾਲਣ ਲਈ, ਆਪ ਪ੍ਰੇਰਣਾ ਦੇ ਕੇ ਉਤਸਾਹਤ ਕੀਤਾ। ਉਹਨਾਂ ਦੁਆਰਾ ਪੈਦਾ ਕੀਤੇ ਘੋੜਿਆਂ ਦੀ ਵਿਕਵਾਈ ਲਈ ਭੀ ਆਪ ਸਹਾਇਕ ਹੋਏ। ਇੰਜ ਹੀ ਆਪ ਜੀ ਨੇ ਛਿਮਾਹੀ ਪਸ਼ੂ ਪਰਦਰਸ਼ਨੀਆਂ ਲਾ ਕੇ, ਮਹਿਕਮੇ ਦੇ ਅਧਿਕਾਰੀਆਂ ਨੂੰ ਜੱਜ ਬਣਾ ਕੇ, ਇਨਾਮਾਂ ਦਾ ਖਰਚ ਆਪ ਕਰਕੇ, ਡਾਇਰੈਕਟਰਾਂ, ਮਨਿਸਟਰਾਂ ਹੱਥੀਂ ਪਸ਼ੂ ਪਾਲਕਾਂ ਦੇ ਜਤਨਾਂ ਨੂੰ ਉਤਸਾਹਤ ਕੀਤਾ। ਇਹ ਕ੍ਰਮ ਜੀਵਨ ਦੇ ਪਿਛਲੇ ਸਾਲਾਂ ਵਿਚ ਤਾਂ ਨਿਰੰਤਰ ਚਲਦਾ ਰਿਹਾ। ਸ੍ਰੀ ਭੈਣੀ ਸਾਹਿਬ ਦੇ ਇਲਾਕੇ ਦੇ ਅਤੇ ਜੀਵਨ ਨਗਰ ਖੇਤਰ ਦੇ ਕਿਸਾਨ ਅਤੇ ਪਸ਼ੂ ਪਾਲਕ, ਚੰਗੀਆਂ ਗਊਆਂ-ਮਹੀਆਂ ਵੀ ਗੁਰੂ ਕੇ ਸਟਾਕ ਵਿਚੋਂ ਪ੍ਰਾਪਤ ਕਰਦੇ ਰਹੇ ਅਤੇ ਪਸ਼ੂਆਂ ਦੀ ਸੇਵਾ-ਸੰਭਾਲ ਦੁਆਰਾ ਇਨਾਮ ਵੀ ਹਾਸਲ ਕਰਦੇ ਰਹੇ।

ਹਰਿਆਣਾ ਨਸਲ ਸੁਧਾਰ ਵਲ ਉਚੇਚੀ ਤਵੱਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1948 ਵਿਚ ਦਿਤੀ। ਇਸ ਵੇਲੇ ਤੱਕ ਜੀਵਨ ਨਗਰ ਇਲਾਕੇ ਵਿਚ ਸਿੱਖਾਂ ਨਾਲ ਮਿਲ ਕੇ ਹਜ਼ਾਰਾਂ ਏਕੜ ਜ਼ਮੀਨ ਖਰੀਦੀ ਜਾ ਚੁਕੀ ਸੀ ਦੀਨ ਦਿਆਲ ਜੀ ਨੇ ਬਹੁਤ ਵੱਡੇ ਰਕਬੇ ਦੇ ਪਿੰਡਾਂ ਵਿਚ ਨਾਮਧਾਰੀ ਸਿੰਘ ਵਸਾ-ਬਹਾ ਦਿਤੇ। ਪਾਕਿਸਤਾਨੋਂ ਉੱਜੜ ਕੇ ਆਏ ਸਿੱਖਾਂ ਨੂੰ ਬਿਨਾਂ ਸਰਕਾਰੀ ਦਫ਼ਤਰਾਂ ਦੀ ਖ਼ਾਕ ਛਾਨਣੋਂ ਆਬਾਦ



Sri Satguru Jagjit Singh Ji eLibrary NamdhariElibrary@gmail.com

ਕਰ ਦਿਤਾ । ਸਮੁੱਚੇ ਨਾਮਧਾਰੀਆਂ ਨੂੰ ਗਊ ਪਾਲਨ ਹਿਤ ਪ੍ਰੋਤਸਾਹਤ ਕਰਕੇ ਆਗਿਆ ਕੀਤੀ ਕਿ ਹਰ ਨਾਮਧਾਰੀ ਪਰਵਾਰ ਆਪਣੇ ਬੱਚਿਆਂ ਨੂੰ ਸ਼ੁਧ ਅਤੇ ਪੌਸ਼ਟਿਕ ਆਹਾਰ ਦੇਣ ਲਈ ਇਕ ਇਕ ਗਊ ਪਾਲੇ ਅਤੇ ਸੰਭਾਲੇ । ਇਸ ਨਾਲ ਗਊਆਂ ਨੂੰ ਵੀ ਲਾਭ ਅਤੇ ਸਿੱਖ ਜਨਤਾ ਦਾ ਵੀ ਭਲਾ । ਜੀਵਨ ਨਗਰ ਖੇਤਰ ਵਿਚ ਤਾਂ ਇਸ ਪ੍ਰੋਤਸਾਹਨ ਨੂੰ ਖੂਬ ਫਲ ਲਗਾ । ਹਰ ਘਰ ਵਿਚ ਅੱਛੀ ਨਸਲ ਦੀ ਗਊ ਪਹੁੰਚ ਗਈ ।

ਸਰਸੇ ਦਾ ਜੀਵਨ ਨਗਰ ਇਲਾਕਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤਜਰਬਿਆਂ ਲਈ ਬੜਾ ਉਪਯੁਕਤ ਸੀ । ਗੁਰੂ ਕੇ ਲੰਗਰ ਦੀ ਕਾਫੀ ਜ਼ਮੀਨ ਸੀ । ਗੁਰੂ ਕੀ ਪਸ਼ੂ ਸ਼ਾਲਾ ਦੇ ਹਿਸੇ ਵੀ ਅੱਛੀ ਖਾਸੀ ਭੋਇੰ ਆ ਗਈ । ਪੰਜਾਬ ਦੇ ਕਿਸਾਨਾਂ ਦੇ ਲਾਭ ਨੂੰ ਮੁਖ ਰੱਖ, ਦੋ ਪੱਖੋਂ ਸੁਖ ਦੇਣ ਵਾਲੀ, ਹਰਿਆਣੇ ਦੀ ਗਊ ਨਸਲ ਉਪਜਾਊ ਅਤੇ ਕਮਾਊ ਬਣਾਣ ਲਈ ਜਤਨ ਜਾਰੀ ਹੋ ਗਏ ।

ਰੋਹਤੱਕ ਜ਼ਿਲੇ ਦੇ ਜਹਾਜ਼ਗੜ੍ਹ ਇਲਾਕੇ ਵਿਚੋਂ ਸ਼ੁਧ ਹਰਿਆਣਵੀ ਗਊਆਂ ਇਕ 'ਭੋਡੀ' ਨਾਂ ਰਖ ਕੇ ਅਤੇ ਦੂਜੀਆਂ ਦੋ ਵੱਛੀਆਂ 'ਹਰਨੀ' ਅਤੇ ਇਕ ਹੋਰ, ਕ੍ਰਮਵਾਰ 210/-, 130/- ਅਤੇ 110/- ਵਿਚ ਖ਼ਰੀਦੀਆਂ ਗਈਆਂ । ਜਿਨ੍ਹਾਂ ਵਿਚੋਂ ਇਕ ਤਾਂ ਅਠੀਂ ਮਹੀਨੀਂ ਹੀ ਮਰ ਗਈ । ਦੂਜੀਆਂ ਦੋ ਤਜਰਬੇ ਦਾ ਆਧਾਰ ਬਣੀਆਂ । ਹੁਣ ਬਾਕਾਇਦਾ ਰਜਿਸਟਰ ਲਾਏ ਗਏ । ਇਹ ਨੋਟ ਰਖਣ ਲਈ ਕਿ ਕੌਣ ਗਾਂ, ਕਿਹੜੇ ਸਾਹਣ ਤੋਂ, ਕਿਸ ਦਿਨ ਨਵੀਂ ਹੋਈ, ਉਸਨੇ ਕਿਸ ਤਾਰੀਖ ਨੂੰ ਵੱਛਾ ਜਾਂ ਵੱਛੀ ਦਿਤੀ, ਇਕ ਗਊ ਨੇ ਪਹਿਲੇ ਸੂਏ ਕਿੰਨਾ ਦੁੱਧ ਦਿਤਾ, ਇਕ ਦਿਨ ਦਾ ਵੱਧ ਤੋਂ ਵੱਧ ਕਿੰਨਾ, ਪ੍ਰਤੀ ਦਿਨ ਔਸਤ ਕੀ ਰਹੀ, ਉਸ ਦੀ ਫੈਟ (ਮੱਖਣ) ਕਿੰਨੇ ਪਰਸੈਂਟ ਅਤੇ ਮੱਖਣ ਜਾਂ ਘਿਉ ਕਿੰਨਾ ਦਿਤਾ । ਇਹ ਵੀ ਰਜਿਸਟਰ ਦੱਸਦੇ ਸਨ ਕਿ ਇਹਨਾਂ ਤੇ ਪ੍ਰਤੀ ਸੂਏ ਸਮੁਚਾ ਖ਼ਰਚ ਕਿੰਨਾ ਆਇਆ ਅਤੇ ਦੁੱਧ-ਉਪਜ ਅਤੇ ਗੋਹੇ ਆਦਿ ਤੋਂ ਲਾਭ ਕਿੰਨਾ ਮਿਲਿਆ । ਕੁਛ ਆਪਣੇ ਵੇਰਵੇ, ਕੁਛ ਸਰਕਾਰੀ ਤੌਰ ਤੇ ਲੁੜੀਂਦੀ ਜਾਣਕਾਰੀ ਬਾਰੇ ਰਜਿਸਟਰ ਮੁਕੰਮਲ ਪਤਾ ਦਿੰਦੇ ਸਨ ।

ਹੁਣ ਜ਼ਰਾ ਪ੍ਰਾਪਤੀਆਂ ਵੱਲ ਝਾਤ ਮਾਰੀਏ ।

* ਭੋਡੀ ਨੇ ਪਹਿਲੇ ਸੂਏ ਟੋਡੀ ਨਾਮ ਦੀ ਵੱਛੀ ਦਿਤੀ (1948) ਅਤੇ ਦੁੱਧ ਦਿਤਾ 383 ਦਿਨ, ਅਰਥਾਤ ਸਾਲ ਤੋਂ ਵੀ ਵਧੇਰੇ ਦਿਨ । ਇਕ ਦਿਨ ਦਾ ਦੁੱਧ 26 ਪੌਂਡ 11.82 ਕਿਲੋ ।
* ਦੂਜੇ ਸੂਏ ਤੋਂ ਭਾਗ ਨਾਮ ਦੀ ਵੱਛੀ ਹੋਈ । ਇਸ ਸੂਏ 300 ਦਿਨਾਂ ਦਾ 7000 ਪੌਂਡ (3181.82 ਕਿਲੋ) ਦੁੱਧ ਦਿਤਾ ।
* ਤੀਜੀ ਵਾਰ ਭੋਡੀ ਨੇ 'ਹੀਰਾ' ਵੱਛਾ ਦਿਤਾ । ਨਸਲ ਵਲੋਂ ਇਹ ਏਨਾ ਸ਼ੁਧ ਸੀ ਕਿ ਬਹਾਦਰਗੜ੍ਹ ਵਿਚ 1954 ਵਿਖੇ ਹੋਈ ਹਰਿਆਣਾ ਨਸਲ ਦੀ ਪ੍ਰਦਰਸ਼ਨੀ ਵਿਚ ਅਵੱਲ ਰਿਹਾ ।
* ਚੋਥੀ ਵਾਰ ਭੋਡੀ ਦੇ ਪੇਟੋਂ 'ਮੋਤੀ' ਦਾ ਜਨਮ ਹੋਇਆ । ਉੱਤਰੀ ਖੇਤਰ ਦੀ



Sri Satguru Jagjit Singh Ji eLibrary NamdhariElibrary@gmail.com

ਪਸ਼ੂ ਪਰਦਰਸ਼ਨੀ ਖੇੜ੍ਹੀ (ਪਟਿਆਲਾ) ਵਿਚ ਇਸ ਨੂੰ ਨਸਲ ਵਲੋਂ ਖਾਲਿਸ ਜਾਣ ਯੂ. ਪੀ. ਸਰਕਾਰ ਨੇ 2000/- ਤੋਂ ਖ਼ਰੀਦਿਆ ।

* ਪੰਜਵੇਂ ਸੂਏ ਭੋਡੀ ਨੇ ਹੀ 'ਮਾਨਕ' ਵੱਛਾ ਦਿਤਾ ਜਿਸਨੂੰ ਬਿਹਾਰ ਸਰਕਾਰ ਨੇ 2000/- ਦੇ ਕੇ ਮੁੱਲ ਲਿਆ ।
* 1954 ਵਿਚ ਛੇਵੀਂ ਵਾਰ ਸੂਣ ਤੇ ਭੋਡੀ ਨੇ "ਮੋਤੀ ਸੈਕੰਡ" ਜੰਮਿਆ ।
* ਸਤਵੇਂ ਸੂਏ 'ਮੋਡਾ' ਨਾਂ ਦਾ ਵੱਛਾ ਹੋਇਆ । ਇਹ ਪੰਜਾਬ ਦੀ ਇਕ ਗਊ ਸ਼ਾਲਾ ਨੂੰ ਰਿਆਇਤੀ ਦਾਮ 1000/- ਨਾਲ ਵੇਚ ਦਿਤਾ, ਜਦੋਂ ਕਿ ਇਸਦੀ ਕੀਮਤ 1500/-ਸੀ, ਬਾਲ ਅਵਸਥਾ ਵਿਚ ।

ਇਸ ਤੋਂ ਅਸੀਂ ਸ੍ਰੀ ਸਤਿਗੁਰੂ ਜੀ ਦੁਆਰਾ ਨਸਲਕਸ਼ੀ ਅਤੇ ਉਸ ਤੋਂ ਪ੍ਰਾਪਤੀ ਦਾ ਪਤਾ ਲਾ ਸਕਦੇ ਹਾਂ । ਭੋਡੀ, ਜਿਸ ਨੂੰ 210/- ਤੋਂ ਖਰੀਦਿਆ ਗਿਆ ਸੀ, ਦੁੱਧ ਦੀ ਕੀਮਤ ਛੱਡ, ਵੱਛੀਆਂ ਦਾ ਮੁੱਲ ਵੀ ਨਾ ਗਿਣ, ਕੇਵਲ ਵੱਛਿਆਂ ਤੋਂ ਹੀ 5000/- ਦੇ ਗਈ !

ਹੁਣ ਲਓ 'ਭੋਡੀ' ਦੀ ਪਹਿਲੀ ਵੱਛੀ 'ਟੋਡੀ' ਦੀਆਂ ਪ੍ਰਾਪਤੀਆਂ :

* ਪਹਿਲੇ ਸੂਏ—ਗਰਭਪਾਤ ।
* ਦੂਜੇ ਸੂਏ—269 ਦਿਨਾਂ ਵਿਚ 5281 ਪੌਂਡ ਅਰਥਾਤ 2400.45 ਕਿਲੋ ਦੁੱਧ ।
* ਤੀਜੇ ਸੂਏ—ਬਿਮਾਰ ।
* ਚੌਥੀ ਵਾਰ 1955 ਈ: ਵਿਚ, 219 ਦਿਨਾਂ ਦਾ 4133 ਪੌਂਡ, 1878.63 ਕਿਲੋ ਦੁੱਧ ।
* ਪੰਜਵਾਂ ਸੂਆ 8.8.56 ਨੂੰ 285 ਦਿਨਾਂ ਵਿਚ 3070.68 ਕਿਲੋ ਦੁੱਧ ਅਰਥਾਤ 6755½ ਪੌਂਡ ।

ਭੋਡੀ ਦੀ ਦੂਜੀ ਵੱਛੀ 'ਭਾਗ' ਦੀ ਪ੍ਰਾਪਤੀ :

* 1954 ਵਿਚ ਬਹਾਦੁਰਗੜ੍ਹ ਸਰਬ ਭਾਰਤੀ ਪਸ਼ੂ ਪਰਦਰਸ਼ਨੀ ਵਿਚ ਹਰਿਆਣਾ ਨਸਲ ਦੀ ਸ਼ੁਧਤਾ ਸੁੰਦਰਤਾ ਵਲੋਂ ਤੀਜਾ ਦਰਜਾ ਪ੍ਰਾਪਤ ।
* 1955 ਦੀ ਖੇੜ੍ਹੀ ਉੱਤਰ ਖੇਤਰੀ ਪਰਦਰਸ਼ਨੀ ਵਿਚ ਤੀਜਾ ਨੰਬਰ ।
* 1956 ਨਾਗਪੁਰ ਸਰਬ ਭਾਰਤੀ ਪਸ਼ੂ ਪਰਦਰਸ਼ਨੀ ਵਿਚ ਵੀ ਤੀਜਾ ਇਨਾਮ ।
* ਪਹਿਲੇ ਸੂਏ ਵਿਚ ਹੀ 300 ਦਿਨਾਂ ਦਾ 3688 ਪੌਂਡ ਅਰਥਾਤ 1776.36 ਕਿਲੋ ਦੁੱਧ ।
* ਦੂਜੇ ਸੂਏ ਬਿਮਾਰ ।
* ਤੀਜੀ ਵਾਰ ਦੇ ਸੂਏ ਵਿਚ 241 ਦਿਨਾਂ ਦਾ 4191 ਪੌਂਡ ਦੁੱਧ (1905 ਕਿਲੋ) ।
* ਚੌਥੇ ਸੂਏ ਫਿਰ ਬਿਮਾਰ ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਨੋਟ ਕਰਵਾਇਆ ਹੈ ਕਿ ਇਹਦਾ ਘੱਟ ਦੁੱਧ ਹਿਸਾਰੀ ਸਾਹਣ ਤੋਂ ਮੇਲ ਕਾਰਨ ਸੀ।

ਥੋੜ੍ਹਾ ਜਿਹਾ ਜ਼ਿਕਰ ਬੈਲਾਂ ਅਰਥਾਤ ਸਾਹਣਾਂ ਦਾ :

'ਸੁੰਦਰ' 1949 ਦੀ ਦਿੱਲੀ ਸਰਬ ਭਾਰਤੀ ਪਸ਼ੂ ਪਦਰਸ਼ਨੀ ਵਿਚੋਂ 750/-ਦਾ ਖਰੀਦਿਆ।

* 1950 ਵਿਚ ਲਖਨਊ ਸਰਬ ਹਿੰਦ ਪਸ਼ੂ ਨੁਮਾਇਸ਼ ਵਿਚ ਸੁੰਦਰ ਨੇ ਹਰਿਆਣਾ ਨਸਲ ਦੇ ਛੋਟੇ ਬੈਲਾਂ ਵਿਚ ਪਹਿਲਾ ਥਾਂ ਜਿੱਤਿਆ।

'ਹੀਰਾ' ਬਾਪ 'ਸੁੰਦਰ' ਮਾਂ ਭੋਡੀ ਦੀ ਸੰਤਾਨ ਸੀ।

* ਇਸਨੇ 1954 ਦੀ ਬਹਾਦਰਗੜ੍ਹ ਸਰਬ ਭਾਰਤੀ ਪਸ਼ੂ ਪ੍ਰਦਰਸ਼ਨੀ ਵਿਚ ਹਰਿਆਣਾ ਬੈਲਾਂ ਵਿਚ ਪ੍ਰਥਮ ਸਥਾਨ ਪ੍ਰਾਪਤ ਕੀਤਾ।
* 1955 ਦੀ ਬੇੜ੍ਹੀ (ਪਟਿਆਲਾ) ਉੱਤਰ ਖੇਤਰੀ ਨੁਮਾਇਸ਼ ਵਿਚ ਡਿਊਲ ਪਰਪਜ਼ (ਦੋ-ਲਾਭਾਂ ਵਾਲੀ) ਵਜੋਂ ਪਹਿਲਾ ਦਰਜਾ ਹਾਸਲ ਕੀਤਾ।

ਹੁਣ ਵਾਰੀ ਆਈ ਮੱਝਾਂ ਦੀ। ਨੀਲੀ ਰਾਵੀ ਅਤੇ ਮੁਰਹ ਇਹ ਦੋ ਨਸਲਾਂ ਪੰਜਾਬ ਦੀਆਂ ਹਨ। ਨੀਲੀ ਰਾਵੀ ਨਸਲ ਦੀ 'ਲਾਜੋ' 1942 ਵਿਚ ਇਸੇ ਪਸ਼ੂ ਸ਼ਾਲਾ ਵਿਚ ਜਨਮੀ। 1946-47 ਵਿਚ ਇਸ ਦਾ ਰਿਕਾਰਡ ਨਹੀਂ ਰਖਿਆ ਜਾ ਸੱਕਿਆ। ਪਰ ਇਹ 1948 ਦੀ ਸਰਬ ਹਿੰਦ ਪਸ਼ੂ ਪਰਦਰਸ਼ਨੀ ਵਿਚ ਨੀਲੀ ਨਸਲ 'ਚੋਂ ਪ੍ਰਥਮ ਆਈ। ਨਸਲ ਦੀ ਉੱਤਮਤਾ ਵਿਚ ਵੀ ਪਹਿਲਾ ਪੁਰਸਕਾਰ ਹਾਸਲ ਕੀਤਾ। ਪਰਦਰਸ਼ਨ ਵਿਚ ਵੀ ਸਰਬ ਸ੍ਰੇਸ਼ਟ ਸਥਾਨ ਲਿਆ। ਦਿੱਲੀ ਸਰਬ ਹਿੰਦ ਪਸ਼ੂ ਨੁਮਾਇਸ਼ ਵਿਚ ਸਰਵੋਤਮ ਪਸ਼ੂ ਦਾ ਸਨਮਾਨ ਹਾਸਲ ਕੀਤਾ। 'ਲਾਜੋ' 1950 ਦੀ ਅਖਿਲ ਭਾਰਤੀ ਪਸ਼ੂ ਪਰਦਰਸ਼ਨੀ ਵਿਚ ਪ੍ਰਥਮ ਪੁਰਸਕਾਰ ਜੇਤੂ ਰਹੀ। ਇਸਨੇ 300 ਦਿਨਾਂ ਵਿਚ 10330 ਪੌਂਡ ਅਰਥਾਤ 4695.45 ਕਿਲੋ ਦੁੱਧ ਦਿਤਾ।

'ਲਾਜੋ' ਦੀ ਕੱਟੀ 'ਲੱਖੀ' 1952 ਦੀ ਸਰਬ ਹਿੰਦ ਪਸ਼ੂ ਪਰਦਰਸ਼ਨੀ ਦਿੱਲੀ ਵਿਚ ਸਰਵੋਤਮ ਝੋਟੀ ਅਤੇ ਨਸਲ ਵਿਚ ਉੱਤਮ ਮੰਨੀ ਗਈ।

ਚੰਗੀਆਂ ਮੱਝਾਂ ਦੀ ਢੂੰਡ ਵਿਚ ਇਕ ਵਾਰ ਸਤਿਗੁਰੂ ਜੀ ਸਤਿਲੁਜ ਬਿਆਸ ਦੇ ਮੰਡ ਖੇਤਰ ਵਿਚ ਵੀ ਪਧਾਰੇ। ਏਥੇ ਲੁੱਡਣ ਨਾਂ ਦਾ ਇਕ ਵਿਅਕਤੀ ਸੈਂਕੜੇ ਮੱਝਾਂ ਗਊਆਂ ਪਾਲਦਾ-ਸੰਭਾਲਦਾ ਸੀ। ਇਸ ਦੇ ਬੇਸ਼ੁਮਾਰ ਵੱਗ ਵਿਚੋਂ ਸੱਚੇ ਪਾਤਸ਼ਾਹ ਜੀ ਨੂੰ ਕੇਵਲ ਇਕ ਕਟੜੂ ਪਸੰਦ ਆਇਆ। ਇਹ ਖਾਲਿਸ ਨੀਲੀ ਰਾਵੀ ਨਸਲ ਦਾ ਸੀ। ਸਤਿਗੁਰੂ ਇਸ ਨੂੰ ਖ਼ਰੀਦ ਲਿਆਏ ਅਤੇ ਨਾਂ ਰਖਿਆ 'ਲੁੱਡਣ'। ਨਾਗੌਰ ਦੀ ਸਰਬ ਹਿੰਦ ਪਸ਼ੂ ਪ੍ਰਦਰਸ਼ਨੀ ਵਿਚ ਨੀਲੀ ਨਸਲ ਦਾ ਸਰਬੋਤਮ ਪ੍ਰਤੀਨਿਧ ਚੁਣਿਆ ਗਿਆ। ਅੰਤ ਸਤਿਗੁਰਾਂ ਨੇ ਆਪਣਾ ਧਿਆਨ ਗਊ ਨਸਲ ਸੁਧਾਰ ਉਤੇ ਹੀ ਕੇਂਦਰਤ ਕਰ ਲਿਆ।

ਇਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭਜਨ-ਸਿਮਰਨ, ਬਾਣੀ ਪਾਠ, ਨਾਮਧਾਰੀ ਪੰਥ ਦੀ ਅਗਵਾਈ ਅਤੇ ਸਾਮਾਜਕ ਮਸਲਿਆਂ ਤੋਂ ਬਚਦਾ ਸਮਾਂ ਪਸ਼ੂ-ਨਸਲਾਂ ਦੀ ਉੱਨਤੀ ਹਿਤ ਖ਼ਰਚ ਹੋਇਆ ਕਰਦਾ।



Sri Satguru Jagjit Singh Ji eLibrary NamdhariElibrary@gmail.com

ਆਪ ਜੀ ਦੇ ਪੌਟਿਆਂ ਤੇ ਆਪਣੀ ਪ੍ਰਾਪਤੀ ਦਾ ਰਿਕਾਰਡ ਰਹਿੰਦਾ। ਜਦੋਂ ਵੀ ਕਦੇ ਕੋਈ ਆਪ ਜੀ ਦੇ ਪਸ਼ੂ ਧਨ ਨੂੰ ਸਮਝਣ ਵਾਲਾ, ਪਸ਼ੂ-ਸ਼ੌਕੀਨ ਵਿਅਕਤੀ ਆਪ ਦੇ ਸੰਪਰਕ ਵਿਚ ਆਉਂਦਾ, ਆਪ ਜੀ ਬਿਨਾਂ ਇਕ ਅੰਕ ਭੁੱਲੇ ਕੱਲੀ ਕੱਲੀ ਗਾਂ ਮੱਝ ਅਥਵਾ ਘੋੜਿਆਂ ਬਾਰੇ ਰਿਕਾਰਡ ਸੁਣਾ ਦਿੰਦੇ।

69½ ਸਾਲ ਦੀ ਆਯੂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਸਰਕਾਰੀ ਕੁਚੱਕਰਾਂ ਦੇ ਰੂਬਰੂ, ਆਪਣੇ ਸਵੈਮਾਣ ਪਰੰਪਰਾ ਅਤੇ ਸੁਹਿਰਦਤਾ ਨੂੰ ਕਾਇਮ ਰਖਦੇ ਹੋਏ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਵਿਰਸੇ ਵਿਚ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪ ਜੀ ਦਾ ਅਨੁਭਵ, ਵੈਭਵ, ਪਦਵੀ, ਜ਼ਮੀਨ-ਜਾਇਦਾਦ, ਪਸ਼ੂ ਸ਼ਾਲਾ-ਘੋੜਸ਼ਾਲਾ ਆਦਿ ਪ੍ਰਾਪਤ ਹੋਏ, ਅਤੇ ਸੰਕਟ ਗ੍ਰਸਤ ਸਮਾਜ ਮਿਲਿਆ। ਵਰਤਮਾਨ ਸਤਿਗੁਰੂ ਜੀ ਨੇ ਆਪਣੀ ਪਹੁੰਚ, ਉਦਾਰਤਾ, ਖਿਮਾਸ਼ੀਲਤਾ, ਨੱਮਰਤਾ ਅਤੇ ਕਰਮ-ਨਿਸ਼ਠਾ ਨਾਲ ਏਨਾ ਸਭ ਕੁਝ ਸਾਧਿਆ ਅਤੇ ਸਹਿਜਤਾ ਲਿਆਂਦੀ ਕਿ ਅੱਜ ਨਾਮ-ਧਾਰੀ ਭਜਨ ਬਾਣੀ ਦੇ ਪ੍ਰਤਾਪ ਨਾਲ ਆਰਥਕ ਪ੍ਰਾਪਤੀਆਂ ਦੀ ਵੀ ਸਿਖਰ ਤੇ ਹਨ। ਵਰਤਮਾਨ ਸਤਿਗੁਰੂ ਜੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚੇਤਨਤਾ, ਯਾਦ ਦਾਸ਼ਤ, ਸਰੀਰਕ ਬਣਤਰ, ਉੱਦਮ, ਕਰਤੱਵ ਪ੍ਰਾਇਣਤਾ ਅਤੇ ਸ਼ੌਕ ਏਨੀ ਭਰਪੂਰ ਮਾਤਰਾ ਵਿਚ ਹੈ ਕਿ ਅਨੇਕਾਂ ਲੋਕਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਵਿਚੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਝਲਕਦੇ ਦਿੱਸਦੇ ਹਨ। ਏਥੇ ਵੀ ਦਿਵੰਗਤ ਸਤਿਗੁਰੂ ਜੀ ਦਾ ਨਸਲੀ ਸਿਧਾਂਤ ਸਾਪਰਤੱਖ ਹੈ।

## ਆਧਾਰ ਪੁਸਤਕਾਂ :


1. ਸਤਿਗੁਰੂ ਹਰੀ ਸਿੰਘ ਪਸ਼ੂ ਪਾਲਨ ਫਾਰਮ, ਸ੍ਰੀ ਜੀਵਨ ਨਗਰ।
2. "ਸਤਿਜੁਗ" ਸ੍ਰੀ ਜੀਵਨ ਨਗਰ ਦਾ ਗਊ ਅੰਕ।
3. 'ਜਸ ਜੀਵਨ' ਸੰਤ ਤਰਨ ਸਿੰਘ ਵਹਿਮੀ ਕ੍ਰਿਤ।
4. ਬਡ ਪਰਤਾਪ ਸੁਨਿਓ ਪ੍ਰਭ ਤੁਮਰੋ-ਸੰਪਾਦਕ ਜਸਵਿੰਦਰ ਸਿੰਘ।
5. "ਵਰਿਆਮ" ਜਲੰਧਰ ਦੇ ਵਿਸ਼ੇਸ਼ ਅੰਕ—ਸੰਪਾਦਕ ਜਗਦੀਸ਼ ਸਿੰਘ।
6. "ਨਿਰੀਖਿਅਕ" ਲੁਧਿਆਣਾ ਦੇ ਅੰਕ—ਸੰਪਾਦਕ ਦਲੀਪ ਸਿੰਘ।
7. ਬੀਤੇ ਦੀਆਂ ਪੈੜਾਂ, ਖੰਡ ਪਹਿਲਾ—ਲੇਖਕ ਪ੍ਰੀਤਮ ਸਿੰਘ ਕਵੀ।




Sri Satguru Jagjit Singh Ji eLibrary NamdhariElibrary@gmail.com

# ਗੁਰਮਤਿ ਸੰਗੀਤ ਤੇ ਸਤਿਗੁਰੂ ਪਰਤਾਪ ਸਿੰਘ ਜੀ ਵੇਲੇ ਇਸ ਦੀ ਸੇਵਾ ਸੰਭਾਲ

—ਗੁਰਚਰਨ ਸਿੰਘ ਕੰਵਲ, ਰਾਗੀ

ਸਤਿਯੁਗ, ਤ੍ਰੇਤਾ ਤੇ ਦੁਆਪੁਰ ਯੁਗਾਂ ਨਾਲੋਂ ਰਾਮ ਦੀ ਅੰਸ਼ ਯਾਨੀ ਮਨੁੱਖ ਦੀ ਆਤਮਾ ਨੂੰ ਆਪਣੇ ਅਸਲੇ ਰਾਮ, ਨਾਲੋਂ ਵਿਛੋੜ ਕੇ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਪਾਉਣ ਲਈ ਅਤੇ ਕੁੰਭੀ ਨਰਕ ਵਿਚ ਧੱਕਾ ਦੇਣ ਲਈ ਕਲਯੁਗ ਨੂੰ ਬਹੁਤ ਬਲਵਾਨ ਮੰਨਿਆ ਗਿਆ ਹੈ। ਬਾਣੀ ਅੰਦਰ ਸਤਿਯੁਗ ਦੇ ਚਾਰ ਪੈਰ, ਤ੍ਰੇਤੇ ਦੇ ਤਿੰਨ, ਦੁਆਪੁਰ ਦੇ ਦੋ ਅਤੇ ਕਲਯੁਗ ਦਾ ਇਕ ਪੈਰ ਦਸਿਆ ਗਿਆ ਹੈ। ਇਸ ਦੀ ਭਿਆਨਕ ਤਸਵੀਰ ਭੀ ਇਸ ਪ੍ਰਕਾਰ ਖਿੱਚੀ ਹੈ :

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥
(ਰਾਮਕਲੀ ਮਹਲਾ 1)

ਏਸੇ ਯੁਗ ਅੰਦਰ ਜਿਨ੍ਹਾਂ ਨੇ ਕਲਯੁਗ ਦੇ ਮਾਰੂ ਹਮਲਿਆਂ ਨੂੰ ਰੱਬੀ ਮੇਹਰ ਸਦਕਾ ਪਛਾੜ ਘੱਤਿਆ ਹੈ, ਉਹਨੂੰ ਸੂਰਮੇ ਬਹਾਦਰ ਆਖਿਆ ਹੈ :

ਜਾਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
(ਧਨਾਸਰੀ ਮਹਲਾ 5)

ਏਸੇ ਲਈ ਪਹਿਲੇ ਤਿੰਨਾਂ ਯੁਗਾਂ ਵਿਚ ਭੇਜੇ ਗਏ ਸੰਤਾਂ ਭਗਤਾਂ ਅਵਤਾਰਾਂ ਨਾਲੋਂ ਕਲਯੁਗ ਵਿਚ ਧਰਮ ਪ੍ਰਚੁਰ ਕਰਨ ਲਈ ਅਥਵਾ ਕਲਯੁੱਗ ਤੋਂ ਬਚ ਕੇ ਆਤਮਾ ਨੂੰ ਪ੍ਰਮਾਤਮਾ ਵਿਚ ਲੀਨ ਹੋਣ ਲਈ ਰਹਿਨੁਮਾਈ ਦੇਣ ਵਾਸਤੇ ਅਕਾਲਪੁਰਖ ਜਿਨ੍ਹਾਂ ਪਵਿੱਤਰ ਆਤਮਾਵਾਂ ਨੂੰ ਭੇਜਦਾ ਹੈ ਉਨ੍ਹਾਂ ਨੂੰ ਪਹਿਲਿਆਂ ਨਾਲੋਂ ਹਰ ਇਕ ਕਲਾ ਵਿਚ ਵਧੇਰੇ ਬਲਵਾਨ ਬਣਾ ਕੇ ਭੇਜਦਾ ਹੈ। ਬਲਵਾਨ ਨੂੰ ਵੈਰੀ ਨਾਲ ਟਾਕਰਾ ਕਰਨ ਲਈ ਵੈਰੀ ਨਾਲੋਂ ਵਧੇਰੇ ਬਲ ਦੀ ਜ਼ਰੂਰਤ ਹੁੰਦੀ ਹੈ। ਏਸੇ ਮੰਤਵ ਲਈ ਨਿਰੰਕਾਰ ਜੀ ਨੇ 'ਆਪ ਨਾਰਾਇਣ ਕਲਾਧਾਰ' ਨਾਨਕ ਨਿਰੰਕਾਰ ਨੂੰ ਭੇਜਿਆ ਸੀ। ਪੰਜਵੇਂ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਦੇ ਫੁਰਮਾਨ ਅਨੁਸਾਰ 'ਸਭ ਤੇ ਵਡਾ ਸਤਿਗੁਰ ਨਾਨਕੁ' ਜੀ ਨੂੰ ਅਕਾਲ ਪੁਰਖ ਨੇ ਆਪਣੀਆਂ ਸਾਰੀਆਂ ਬਰਕਤਾਂ ਬਖਸ਼ੀਆਂ ਸਨ ਤੇ ਇੰਜ ਕਿਹਾ ਸੀ "ਮੇਰਾ ਨਾਮ ਪਾਰਬ੍ਰਹਮ ਪ੍ਰਮੇਸ਼ਵਰ ਤੇ ਤੇਰਾ ਨਾਮ ਗੁਰ ਪ੍ਰਮੇਸ਼ਵਰ"। ਏਹਨਾਂ ਬੇਅੰਤ ਕਲਾਵਾਂ ਵਿਚੋਂ ਇਕ ਸੰਗੀਤ ਦੀ ਕਲਾ ਭੀ ਬਖਸ਼ੀ ਸੀ। ਸਤਿਗੁਰੂ ਨਾਨਕ ਦੇਵ ਜੀ ਦੇ ਬਾਕੀ ਸਰੂਪਾਂ ਵਿਚ ਭੀ ਓਹੀ ਜੋਤ ਤੇ ਜੁਗਤ ਦੇ ਨਾਲ ਸੰਗੀਤ ਦੀ ਕਲਾ ਭੀ ਵਰਤੀਂਦੀ ਰਹੀ ਸੀ। ਵੈਸੇ ਭਗਤੀ ਕਾਲ ਅੰਦਰ ਹੋਏ ਸਾਰੇ ਹੀ ਭਗਤ ਸੰਗੀਤ ਕਲਾ ਦੇ ਥੋੜ੍ਹੇ ਜਾਂ ਬਾਹਲੇ ਜਾਣੂ ਸਨ ਅਤੇ ਉਹ ਭੀ ਆਪਣੇ ਉਪਦੇਸ਼ਾਂ ਨੂੰ ਰਾਗਾਂ ਵਿਚ ਗਾਇਨ ਕਰਕੇ ਜਗਿਆਸੂਆਂ ਨੂੰ ਭਲਾ ਉਪਦੇਸ਼ ਦਿਆ ਕਰਦੇ ਸਨ। ਸਤਿਗੁਰੂ ਸਾਹਿਬਾਨ ਨੇ ਤਾਂ ਰੱਬੀ ਸਿਫਤ ਸਲਾਹ ਵਾਲੀ ਬਾਣੀ ਨੂੰ ਖੁਦ ਰਾਗਾਂ ਵਿਚ ਗਾਇਆ ਤੇ ਇਸ ਤਰ੍ਹਾਂ ਦੇ ਗਾਇਨ ਨੂੰ ਕੀਰਤਨ ਦਾ ਨਾਮ ਦਿਤਾ ਤੇ ਕੀਰਤਨ ਨੂੰ ਭਗਤੀ ਅਥਵਾ ਤਪਸਿਆ ਦਾ ਦਰਜਾ ਦਿਤਾ।

ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥
(ਮਾਰੂ ਸੋਲਹੇ ਮਹਲਾ 5)

ਅਥਵਾ :

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
(ਸੋਰਠਿ ਮਹਲਾ 5)

ਦਸਿਆ ਸੀ। ਕੀਰਤਨ ਨੂੰ ਹੀ ਜੋਗ ਦਾ ਕਮਾਵਣਾ ਫੁਰਮਾਇਆ ਸੀ :

ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥
(ਆਸਾ ਮਹਲਾ 5)

ਸਤਿਗੁਰੂ ਨਾਨਕ ਦੇਵ ਜੀ ਦੇ ਨਿਰਾਲੇ ਪੰਥ ਅੰਦਰ ਸਿੱਖ ਰਾਜ ਦੇ ਅੰਤ ਸਮੇਂ ਇਕ ਮਹਾਨ ਸ਼ਖਸੀਅਤ ਹੋਈ ਜਿਸ ਨੇ ਪਹਿਲੇ ਖਾਲਸਾ ਫ਼ੌਜ ਵਿਚ ਨੌਕਰੀ ਭੀ ਕੀਤੀ ਸੀ। ਜਦੋਂ ਡੋਗਰਿਆਂ ਦੀ ਡੋਗਰਾ ਗਰਦੀ ਅਤੇ ਬਰਤਾਨੀਆਂ ਸਾਮਰਾਜ ਦੀ ਕੁਟਲ ਨੀਤੀ ਦੇ ਕਾਰਨ ਸਿੱਖ ਰਾਜ ਦਾ ਭੋਗ ਪੈ ਗਿਆ ਤਾਂ ਇਸ ਨੂੰ ਉਸ ਮਹਾਨ ਗੋਸਾਈਂ ਦੇ ਪਹਿਲਵਾਨ ਨੇ ਬਰਦਾਸ਼ਤ ਨਾ ਕੀਤਾ। ਉਹਨਾਂ ਨੇ ਉਦੋਂ ਹੀ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੀ ਬੁਨਿਆਦ ਰੱਖ ਦਿਤੀ ਸੀ। ਆਜ਼ਾਦੀ ਲਈ ਕੁਰਬਾਨ ਹੋਣ ਦੀ ਪ੍ਰੇਰਨਾ ਦੇ ਨਾਲ ਨਾਲ ਆਤਮੱਕ ਬਲ ਦੀ ਪ੍ਰਾਪਤੀ ਲਈ ਨਾਮ ਸਿਮਰਨ ਨੂੰ ਔਸ਼ਧੀ ਦਸਿਆ ਸੀ। ਉਹ ਆਪ ਤੇ ਉਹਨਾਂ ਦੇ ਸਾਰੇ ਸਿੱਖ ਸੇਵਕ ਸਵਾਸ ਸਵਾਸ ਨਾਮ ਸਿਮਰਨ ਕਰਨ ਲਗ ਪਏ। ਏਸੇ ਕਰਕੇ ਉਸ ਜੱਥੇ ਦਾ ਨਾਮ ਹੀ ਨਾਮਧਾਰੀਏ ਪੈ ਗਿਆ। ਉਸ ਮਹਾਨ ਪਵਿੱਤਰ ਆਤਮਾ ਵਾਲੀ ਦੇਹ ਨੂੰ ਸਿੱਖ ਪੰਥ ਵਿਚ ਪਰਮ ਪੂਜਨੀਕ 'ਮਹਾਰਾਜ ਬਾਬਾ ਰਾਮ ਸਿੰਘ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਹਨਾਂ ਪਾਸੋਂ ਫੈਜ਼ਯਾਬ ਹੋਏ ਹਜ਼ਾਰਾਂ ਲੋਕ ਉਨ੍ਹਾਂ ਨੂੰ ਅਦਬ ਤੇ ਸ਼ਰਧਾ ਭਾਵਨਾ



Sri Satguru Jagjit Singh Ji eLibrary NamdhariElibrary@gmail.com

ਅਧੀਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਹੁਣ ਤੀਕ ਪੂਜ ਰਹੇ ਹਨ । ਉਸ ਗੱਦੀ ਤੇ ਸੁਸ਼ੋਭਤ ਮਹਾਨ ਆਤਮਾਂ ਨੂੰ ਨਾਮਧਾਰੀ ਸੰਪ੍ਰਦਾਏ ਵਿਚ 'ਸ੍ਰੀ ਸਤਿਗੁਰੂ' ਸ਼ਬਦ ਨਾਲ ਪੂਜਿਆ ਜਾਂਦਾ ਹੈ ।

ਵੀਹਵੀਂ ਸਦੀ ਦੇ ਇਤਿਹਾਸ ਵਿਚ ਉਸ ਗੱਦੀ ਤੇ ਸੁਸ਼ੋਭਤ ਹੋ ਕੇ ਜਿਸ ਨੇ ਉਹਨਾਂ ਹੀ ਪੂਰਨਿਆਂ ਤੇ ਚਲ ਕੇ ਨਾਮ ਜਪਿਆ ਤੇ ਜਪਾਇਆ, ਲੱਖਾਂ ਲੋਕਾਂ ਨੂੰ ਜੀਅਦਾਨ ਦਿਤਾ ਅਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਭੀ ਭਰਪੂਰ ਹਿੱਸਾ ਪਾਇਆ ਉਸ ਨੂੰ ਸ੍ਰੀ ਸਤਿਗੁਰੂ ਮਹਾਰਾਜ ਪਰਤਾਪ ਸਿੰਘ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਸਿੱਖ ਪੰਥ ਵਿਚ ਹੋਰ ਭੀ ਕਈ ਸੰਪ੍ਰਦਾਵਾਂ ਚਲੀਆਂ ਜਿਨ੍ਹਾਂ ਵਿਚ ਕੁਛ ਇਕ ਨਾਲ ਖਾਲਸਾ ਪੰਥ ਦਾ ਹੱਦ ਦਰਜੇ ਦਾ ਟਕਰਾਓ ਪੈਦਾ ਹੋ ਗਿਆ ਤੇ ਹੁਣ ਤੀਕ ਹੈ ਪਰ ਇਕੋ ਨਾਮਧਾਰੀ ਸੰਪ੍ਰਦਾਏ ਹੀ ਐਸੀ ਹੈ ਜਿਸ ਨਾਲ ਕੁਛ ਅਸੂਲਾਂ ਦੇ ਮਤਭੇਦ ਹੋਣ ਦੇ ਬਾਵਜੂਦ ਭੀ ਵਿਰੋਧ ਨਹੀਂ ਵਧਿਆ । ਇਸ ਦਾ ਕਾਰਨ ਇਸ ਸੰਪ੍ਰਦਾਇ ਦੇ ਮੁੱਖੀਆਂ ਦੀ ਉੱਚੀ ਸੂਝ-ਬੂਝ ਹੈ । ਅੱਜ ਤੱਕ ਏਸ ਗੱਦੀ ਤੇ ਸਸ਼ੋਭਤ ਨਾਮਧਾਰੀ ਅਕੀਦੇ ਅਨੁਸਾਰ ਗੁਰੂ ਨੇ ਜਾਂ ਹੋਰ ਭੀ ਕਿਸੇ ਨਾਮਧਾਰੀ ਸੱਜਣ ਨੇ ਦਸਾਂ ਹੀ ਪਾਤਸ਼ਾਹੀਆਂ ਅਤੇ ਧੁਰ ਕੀ ਬਾਣੀ ਦੀ ਸ਼ਾਨ ਦੇ ਖਿਲਾਫ਼ ਬੇਅਦਬੀ ਵਾਲਾ ਕੋਈ ਸ਼ਬਦ ਨਹੀਂ ਬੋਲਿਆ । ਜਿਸ ਤਰ੍ਹਾਂ ਦਸੇ ਸਤਿਗੁਰੂ ਕੀਰਤਨ ਨੂੰ ਮਹਾਨਤਾ ਦਿਆ ਕਰਦੇ ਸਨ ਉਵੇਂ ਹੀ ਨਾਮਧਾਰੀ ਸੰਪ੍ਰਦਾਏ ਵਿਚ ਕੀਰਤਨ ਦੀ ਮਹਾਨਤਾ ਮੰਨੀ ਜਾਂਦੀ ਹੈ । ਨਾਮਧਾਰੀ ਸੰਗਤ ਵਿਚ ਹੁਣ ਤੱਕ ਇਹ ਮਰਿਆਦਾ ਦੇਖਣ ਵਿਚ ਆ ਰਹੀ ਹੈ ਜੇ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੋਇਆ ਹੋਵੇ ਅਤੇ ਦੀਵਾਨ ਵਿਚ ਕੀਰਤਨ ਹੋ ਰਿਹਾ ਹੋਵੇ ਤਾਂ ਨਾਮਧਾਰੀ ਗੱਦੀ ਤੇ ਬਿਰਾਜਮਾਨ ਸਤਿਗੁਰੂ ਭੀ ਪਹਿਲੇ ਗੁਰੂ ਗ੍ਰੰਥ ਸਾਹਿਬ ਅਗੇ ਸੀਸ ਨਿਵਾ ਕੇ ਫਿਰ ਕੀਰਤਨ ਨੂੰ ਆਦਰ ਵਿਚ ਸੀਸ ਨਿਵਾ ਕੇ ਆਪਣੇ ਆਸਣ ਤੇ ਬਿਰਾਜਮਾਨ ਹੁੰਦੇ ਹਨ । ਸਾਰੀ ਨਾਮਧਾਰੀ ਸੰਗਤ ਭੀ ਦੀਵਾਨ ਵਿਚ ਆ ਕੇ ਗੁਰੂ ਗ੍ਰੰਥ ਸਾਹਿਬ ਨੂੰ, ਆਪਣੇ ਸਤਿਗੁਰੂ ਨੂੰ ਤੇ ਕੀਰਤਨ ਨੂੰ ਮਥਾ ਟੇਕਦੇ ਹਨ । ਦੀਵਾਨ ਵਿਚ ਸਭ ਤੋਂ ਉਚੇ ਸਿੰਘਾਸਣ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਤੇ ਕੀਰਤਨ ਵਾਲਾ ਆਸਣ ਭੀ ਸਤਿਗੁਰੂ ਜੀ ਲਈ ਵਿਛਾਏ ਆਸਣ ਨਾਲੋਂ ਉਚੇਰਾ ਹੀ ਹੁੰਦਾ ਹੈ । ਨਾਮਧਾਰੀ ਸੰਪ੍ਰਦਾਏ ਵਿਚ ਆਰੰਭ ਤੋਂ ਹੀ ਕੀਰਤਨ ਨੂੰ ਭਗਤੀ ਦਾ ਦਰਜਾ ਦਿਤਾ ਜਾਂਦਾ ਰਿਹਾ ਹੈ ਅਤੇ ਇਹ ਯਤਨ ਨਿਰੰਤਰ ਹੁੰਦਾ ਚਲਿਆ ਆ ਰਿਹਾ ਹੈ ਕਿ ਕੀਰਤਨ ਕਰਨ ਵਾਲੇ ਰਾਗੀ ਸੱਜਣ ਗੁਰਬਾਣੀ ਦੀ ਏਸ ਤੁਕ :

ਧਨੁ ਧਨੁ ਭਾਗ ਤਿਨਾ ਸਾਧਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
(ਪਉੜੀ ਸੋਰਠ ਕੀ ਵਾਰ)

ਵਿਚ ਦਸੇ ਉਪਦੇਸ਼ ਨੂੰ ਮੰਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਵਿਚ, ਖ਼ਾਸ ਕਰਕੇ ਅਤੇ ਹੋਰ ਰਾਗਾਂ ਵਿਚ ਭੀ ਰਹਾਓ ਦੀ ਤੁਕ ਨੂੰ ਅਸਥਾਈ ਰੱਖ ਕੇ ਸ਼ੁਧ ਰਾਗਾਂ ਵਿਚ ਕੀਰਤਨ ਕਰਿਆ ਕਰਨ । ਪਰਮ ਪੂਜਨੀਕ ਮਹਾਰਾਜ ਬਾਬਾ ਪਰਤਾਪ ਸਿੰਘ



Sri Satguru Jagjit Singh Ji eLibrary NamdhariElibrary@gmail.com

ਜੀ ਸਾਰੀ ਉਮਰ ਗੁਰੂ ਸਾਹਿਬਾਨਾਂ ਦੇ ਵਕਤ ਤੋਂ ਚਲ ਰਹੀ ਕੀਰਤਨ ਦੀ ਪ੍ਰੰਪਰਾ ਨੂੰ ਕਾਇਮ ਰਖਣ ਲਈ, ਗੁਰਮਤਿ ਕੀਰਤਨ ਦੀ ਜੋ ਆਪਣੀ ਵੱਖਰੀ ਸ਼ੈਲੀ ਹੈ, ਨੂੰ ਸੰਭਾਲਣ ਦੇ ਉਪਰਾਲੇ ਕਰਦੇ ਰਹੇ ਸਨ।

ਦਾਸ ਨੂੰ ਮਹਾਰਾਜ ਜੀ ਦੇ, ਬਹੁਤ ਵਾਰੀ, ਦਰਸ਼ਨ ਕਰਨ ਦਾ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਭਾਗਾ ਅਵਸਰ ਪ੍ਰਾਪਤ ਹੁੰਦਾ ਰਿਹਾ ਸੀ। ਇਸ ਲੇਖ ਵਿਚ ਮੈਂ ਬਜ਼ੁਰਗਾਂ ਪਾਸੋਂ ਉਹਨਾਂ ਦੀਆਂ ਵਡਿਆਈਆਂ, ਜੋ ਸੁਣੀਆਂ ਤੇ ਖਾਸ ਕਰਕੇ ਜੋ ਵਡਿਆਈਆਂ ਆਪਣੀ ਅੱਖੀਂ ਡਿੱਠੀਆਂ ਤੇ ਹੱਡੀ ਵਾਪਰੀਆਂ, ਉਹਨਾਂ ਨੂੰ ਹੀ ਲਿਖਣਾ ਉਚਿਤ ਸਮਝਿਆ ਹੈ। ਸ੍ਰੀ ਮਹਾਰਾਜ ਜੀ ਦੀ ਆਤਮਕ ਉੱਚਤਾ ਤੇ ਸੰਗੀਤ ਕਲਾ ਵਿਚ ਨਿਪੁੰਨਤਾ ਤੇ ਕਦਰਦਾਨੀ ਦੇ ਜੋ ਵਾਕ ਮੈਂ ਸੁਣੇ ਸਨ ਇਨ ਬਿਨ ਮੈਨੂੰ ਯਾਦ ਹਨ। ਨਾਮਧਾਰੀ ਸੰਪ੍ਰਦਾਏ ਦੇ ਮਹਾਨ ਵਿਦਵਾਨ ਸ੍ਰੀ ਮਾਨ ਇੰਦਰ ਸਿੰਘ ਜੀ ਚੱਕਰਵਰਤੀ ਦੇ ਕਈ ਵਾਰ ਵੀਚਾਰ ਸੁਣਨ ਦਾ ਮੌਕਾ ਮਿਲਿਆ। ਉਹ ਅਕਸਰ ਕਿਹਾ ਕਰਦੇ ਸਨ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਇਕ ਬਹੁਪੱਖੀ ਸ਼ਖਸੀਅਤ ਹਨ, ਉਹ ਹਰ ਪੱਖ ਤੋਂ ਪੂਰੇ ਹਨ। ਇਕ ਹੋਰ ਬਜ਼ੁਰਗ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਦੇ ਦਰਸ਼ਨ ਭੀ ਬਹੁਤ ਵਾਰੀ ਕਈ ਦੀਵਾਨਾਂ ਵਿਚ ਹੋਏ। ਦੀਵਾਨਾਂ ਦੇ ਲੈਕਚਰਾਂ ਤੋਂ ਵੱਖਰਾ ਜਦੋਂ ਉਨ੍ਹਾਂ ਨਾਲ ਮਿਲਣਾ ਤਾਂ ਉਨ੍ਹਾਂ ਕਿਹਾ ਕਰਨਾ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅੰਦਰ ਉਹੋ ਸਿਫਤਾਂ ਹਨ ਜੋ ਨਿਰਾਲੇ ਪੰਥ ਦੀ ਬੁਨਿਆਦ ਰਖਣ ਵਾਲੇ ਧੰਨ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹਰ ਇਕ ਗੁਰੂ ਵਿਚ ਸੁਣਨ ਪੜ੍ਹਨ ਵਿਚ ਆਉਂਦੀਆਂ ਹਨ।

ਇਹਨਾਂ ਤੋਂ ਬਿਨਾਂ ਹੋਰ ਨਾਮਧਾਰੀ ਬਜ਼ੁਰਗਾਂ ਪਾਸੋਂ ਭੀ ਉਹਨਾਂ ਦੀਆਂ ਅਜ਼ਮਤਾਂ ਬਰਕਤਾਂ ਦੇ ਬਚਨ ਸੁਣਦਾ ਰਿਹਾ ਸੀ। ਉਪ੍ਰੋਕਤ ਦਸੇ ਗਏ ਬਜ਼ੁਰਗਾਂ ਦੇ ਕਥਨ ਬਾਰੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਹ ਸਾਰੇ ਨਾਮਧਾਰੀ ਸੰਪ੍ਰਦਾਏ ਦੇ ਪ੍ਰਚਾਰਕ ਸਨ। ਉਹਨਾਂ ਤੋਂ ਇਲਾਵਾ ਸਿੱਖ ਕੌਮ ਦੇ ਕਈ ਬਜ਼ੁਰਗ ਸੱਜਣਾਂ ਪਾਸੋਂ ਮਹਾਰਾਜ ਜੀ ਦੀ ਸ਼ਖਸੀਅਤ ਬਾਰੇ ਅਦਬ ਸਤਿਕਾਰ ਦੇ ਬਚਨ ਹੀ ਸੁਣੇ ਹਨ।

ਸੰਗੀਤ ਕਲਾ ਦੀ ਨਿਪੁੰਨਤਾ ਤੇ ਕਦਰਦਾਨੀ ਬਾਰੇ ਜਿਨ੍ਹਾਂ ਬਜ਼ੁਰਗਾਂ ਤੇ ਵੀਰਾਂ ਪਾਸੋਂ ਸੁਣਿਆ ਸੀ ਉਹਨਾਂ ਵਿਚ ਵਿਦਵਾਨ ਰਬਾਬੀ ਭਾਈ ਤਾਬਾ ਜੀ ਕਿਹਾ ਕਰਦੇ ਸਨ ਕਿ ਜਦੋਂ ਕਿਤੇ ਮੈਂ ਸ੍ਰੀ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦੇ ਦਰਸ਼ਨ ਕਰਦਾ ਹਾਂ ਉਹ ਇਤਨੀ ਕਦਰ ਨਾਲ ਸੇਵਾ ਕਰ ਦੇਂਦੇ ਹਨ ਕਿ ਮੈਨੂੰ ਕਈ ਮਹੀਨੇ ਰੋਟੀ ਦੀ ਚਿੰਤਾ ਨਹੀਂ ਰਹਿੰਦੀ। ਭਾਈ ਨਿਹਾਲ ਸਿੰਘ ਜੋੜੀਵਾਲਾ, ਜਿਸ ਨੂੰ ਰਾਗੀ ਸਿੰਘਾਂ ਨੇ 'ਨਿਹਾਲਾ ਖੁਸ਼ਕੀ' ਦਾ ਖਿਤਾਬ ਦਿਤਾ ਹੋਇਆ ਸੀ, ਅਕਸਰ ਕਿਹਾ ਕਰਦਾ ਸੀ ਕਿ ਬਾਬਾ ਪਰਤਾਪ ਸਿੰਘ ਜੀ ਦੀ ਕਿਆ ਬਾਤ ਹੈ, ਉਹਨਾਂ ਦੀ ਮਹਿਮਾਂ ਭੀ "ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨੁ" ਵਾਲੀ ਬਾਤ ਹੈ। ਨਾਮਧਾਰੀ ਦਰਬਾਰ ਦੇ ਵਿਦਵਾਨ, ਬਜ਼ੁਰਗ ਕੀਰਤਨੀਏ ਭਾਈ ਸਾਹਿਬ ਭਾਈ ਹਰਿਨਾਮ ਸਿੰਘ ਚਵਿੰਡੇ ਵਾਲੇ ਹੋਏ ਹਨ ਜੋ ਮੇਰੇ ਪਿਤਾ ਜੀ ਦੇ ਗੁਰਭਾਈ ਸਨ। ਪਿਤਾ ਜੀ ਦੇ ਤੀਸਰੇ ਉਸਤਾਦ ਸ੍ਰੀ ਹਰਮੰਦਰ ਸਾਹਿਬ ਦੇ ਵਿਦਵਾਨ ਕੀਰਤਨੀਏ ਬਾਬਾ ਵਧਾਵਾ ਸਿੰਘ ਜੀ ਰਾਗੀ ਰਾਮ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

ਸਨ ਤੇ ਭਾਈ ਸਾਹਿਬ ਉਹਨਾਂ ਦੇ ਸਭ ਤੋਂ ਛੋਟੇ ਤੇ ਆਖਰੀ ਸ਼ਾਗਿਰਦ ਸਨ ।

ਭਾਈ ਸਾਹਿਬ ਦੇ ਸ਼ਾਗਿਰਦ ਭਾਈ ਸੰਤਾ ਸਿੰਘ ਜੀ ਕੰਵਲ ਜੋ ਸ਼ਬਦ ਰੀਤ ਦੀ ਵਿਦਿਆ ਦੇ ਨਾਲ ਦਿਲਰੁਬਾ ਤਾਊਸ, ਜਲਤਰੰਗ ਤੇ ਤਬਲੇ ਆਦਿਕ ਦੀ ਵਿਦਿਆ ਵਿਚ ਪ੍ਰਬੀਨ ਸਨ । ਕੰਵਲ ਜੀ ਨੇ ਬਹੁਤ ਸਮਾਂ ਸ੍ਰੀ ਮਹਾਰਾਜ ਜੀ ਪਾਸ ਰਹਿ ਕੇ ਕੀਰਤਨ ਦੀ ਸੇਵਾ ਕੀਤੀ । ਉਹਨਾਂ ਪਾਸੋਂ ਸੁਣਿਆ ਸੀ ਕਿ ਮਹਾਰਾਜ ਜੀ ਖੁਦ ਤਾਊਸ, ਦਿਲਰੁਬਾ ਆਦਿਕ ਤੰਤੀ ਸਾਜ਼ਾਂ ਦੀ ਵਿਦਿਆ ਵਿਚ ਅਤੇ ਵੱਡੇ ਵੱਡੇ ਤਾਲਾਂ ਵਾਲੀਆਂ ਸ਼ਬਦ ਰੀਤਾਂ ਵਿਚ ਨਿਪੁੰਨ ਹਨ । ਸ੍ਰੀ ਮਹਾਰਾਜ ਜੀ ਦੀ ਕਦਰਦਾਨੀ ਦੀ ਉਹ ਭੀ ਸੋਭਾ ਕਰਦਾ ਥੱਕਦਾ ਨਹੀਂ ਸੀ । ਇਨ੍ਹਾਂ ਸਾਰਿਆਂ ਤੋਂ ਵੱਧ ਮੈਂ ਆਪਣੇ ਗੁਰਭਾਈ ਅਤੇ ਤਬਲੇ ਦੇ ਆਪਣੇ ਉਸਤਾਦ ਭਾਈ ਅਰਜਨ ਸਿੰਘ ਤਰੰਗੜ ਪਾਸੋਂ ਸੋਭਾ ਸੁਣੀ ਸੀ । ਤਰੰਗੜ ਜੀ ਦਾ ਪਿਤਾ ਭਾਈ ਰਾਮ ਸਿੰਘ ਮੇਰੇ ਪਿਤਾ ਜੀ ਦਾ ਗੁਰਭਾਈ ਸੀ । ਭਾਈ ਰਾਮ ਸਿੰਘ ਜੀ ਨੇ ਸਾਰੀ ਉਮਰ ਪਿਤਾ ਜੀ ਨਾਲ ਕੀਰਤਨ ਵਿਚ ਤਾਊਸ ਵਜਾਣ ਦੀ ਡਿਊਟੀ ਨਿਭਾਈ ਸੀ । ਭਾਈ ਅਰਜਨ ਸਿੰਘ ਨੇ ਤਬਲੇ ਦੀ ਮੁਢਲੀ ਵਿਦਿਆ ਭਾਈ ਕਰਤਾ ਸਿੰਘ ਜੀ ਸੇਖਵਾਂ ਵਾਲੇ ਪਾਸੋਂ ਪ੍ਰਾਪਤ ਕੀਤੀ । ਉਸ ਤੋਂ ਉਪਰੰਤ ਮੇਰੇ ਪਿਤਾ ਜੀ ਨੇ ਹੀ ਉਸ ਨੂੰ ਤਬਲੇ ਤੇ ਮਿਰਦੰਗ ਦੇ ਮਹਾਨ ਵਿਦਵਾਨ ਭਾਈ ਹਰਨਾਮ ਸਿੰਘ ਜੀ ਜੰਮੂ ਵਾਲੇ, ਜੋ ਕਿ ਪਿਤਾ ਜੀ ਦੇ ਪਰਮ ਮਿੱਤਰ ਸਨ, ਪਾਸੋਂ ਤਬਲੇ ਦੀ ਵਿਦਿਆ ਸਿਖਣ ਲਈ ਛਡਿਆ ਸੀ । ਭਾਈ ਹਰਿਨਾਮ ਸਿੰਘ ਜੀ ਬਾਬਾ ਕਤਊ ਸਿੰਘ ਦੇ ਘਰਾਣੇ ਵਿਚੋਂ ਸਿਖੇ ਹੋਏ ਸਨ ਤੇ ਜੰਮੂ ਰਾਜ ਦਰਬਾਰ ਵਿਚ ਉਹਨਾਂ ਨੇ ਬਹੁਤ ਸਾਲ ਨੌਕਰੀ ਕੀਤੀ ਸੀ । ਉਮਰ ਦੇ ਅਖੀਰਲੇ ਸਮੇਂ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਆ ਟਿਕੇ ਸਨ । ਇਥੇ ਹੀ ਉਨ੍ਹਾਂ ਦੀ ਚਰਨ ਸਰਨ ਵਿਚ ਭਾਈ ਅਰਜਨ ਸਿੰਘ ਨੂੰ ਘਲਿਆ ਸੀ । ਆਪਣੇ ਵਕਤ ਵਿਚ ਭਾਈ ਅਰਜਨ ਸਿੰਘ ਤਰੰਗੜ ਬਹੁਤ ਪ੍ਰਸਿਧ ਤਬਲਚੀ ਰਿਹਾ ਹੈ । ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦੀ ਕਦਰਦਾਨੀ ਖੂਬੀ ਨੇ ਹੀ ਉਸ ਨੂੰ ਪ੍ਰੇਰਿਆ ਤੇ ਉਸ ਨੇ ਕਈ ਸਾਲ ਮਹਾਰਾਜ ਜੀ ਦੀ ਸ਼ਰਨ ਵਿਚ ਰਹਿ ਕੇ ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲਿਆਂ ਨਾਲ ਤੇ ਹੋਰ ਕਈ ਵਿਦਵਾਨ ਕੀਰਤਨੀਆਂ ਨਾਲ ਤਬਲਾ ਵਜਾਇਆ ਸੀ । ਸ੍ਰੀ ਮਹਾਰਾਜ ਜੀ ਉਸ ਦੇ ਤਬਲੇ ਦੀ ਕਲਾ ਤੇ ਅਤੀ ਪ੍ਰਸੰਨ ਸਨ ਤੇ ਉਸ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਸ ਦਾ ਨਾਮ 'ਬਰਖੁਰਦਾਰ' ਕਰਕੇ ਲੈਂਦੇ ਸਨ ।

ਕੁਝ ਸਾਲ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਪਾਸ ਰਹਿ ਕੇ ਫਿਰ ਉਸ ਨੇ ਪਿਤਾ ਜੀ ਨਾਲ ਅਤੇ ਹੋਰ ਭੀ ਕਈ ਥਾਈਂ ਤਬਲੇ ਵਜਾਉਣ ਦੀ ਨੌਕਰੀ ਕੀਤੀ । ਹੁਣ ਉਹ ਬਿਰਧ ਅਵਸਥਾ ਵਿਚ ਆਪਣੇ ਨਗਰ ਭੁਲਰ ਵਿਚ ਹੀ ਰਹਿੰਦਾ ਹੈ । ਤਰੰਗੜ ਜੀ ਨੇ ਭੀ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦੀ ਸੰਗੀਤ ਕਲਾ ਵਿਚ ਨਿਪੁੰਨਤਾ ਤੇ ਕਦਰਦਾਨੀ ਦੇ ਬਹੁਤ ਕਿੱਸੇ ਸੁਣਾਏ ਸਨ । ਜਦੋਂ ਕਦੇ ਭਾਈ ਹਰਨਾਮ ਸਿੰਘ ਜੀ ਵਰਗੇ ਵਿਦਵਾਨ ਰਾਗੀ ਨੇ ਕੋਈ ਧਰੁਪਦ ਗੌਣਾ ਤੇ ਨਾਲ ਤਰੰਗੜ ਨੇ ਬਿਖੜੇ ਬਿਖੜੇ ਬੋਲ ਲਾ, ਦੁਰਾਨ ਆੜ ਕੁਆੜ ਲੈਅ ਵਿਚ ਤਿਗਣ ਅਥਵਾ ਦੁਗਣ ਦੀ ਦੁਗਣ ਵਿਚ ਕਈ ਅਰਸਿਆਂ ਦੀਆਂ ਪਰਣਾਂ ਵਜਾ ਕੇ ਅੰਤ ਵਿਚ ਬਿਖੜੇ ਬਿਖੜੇ ਤੋੜੇ ਨਾਲ ਮੁਕਾ ਕਰਨਾ ਤਾਂ ਬਾਬਾ ਪਰਤਾਪ ਸਿੰਘ ਜੀ ਅਕਸਰ ਕਿਹਾ ਕਰਦੇ ਸਨ ਕਿ ਇਹ



Sri Satguru Jagjit Singh Ji eLibrary NamdhariElibrary@gmail.com

ਸਾਡਾ ਬਰਖੁਰਦਾਰ ਜੋ ਹੋਇਆ ਤੇ ਕਈ ਕਈ ਵਾਰ 'ਵਾਹ ਬਰਖੁਰਦਾਰ' ਕਹਿ ਕੇ ਹੌਸਲਾ ਅਫਜਾਈ ਕਰਿਆ ਕਰਦੇ ਸਨ। ਤਰੰਗਗੜ ਜੀ ਨੂੰ ਮਹਾਰਾਜਾ ਜੀ ਨੇ ਆਪਣੇ ਨਿਕਟ ਵਰਤੀ ਹੋਣ ਦਾ ਮਾਣ ਦਿਤਾ ਹੋਇਆ ਸੀ। ਕਦੇ ਮੌਜ ਵਿਚ ਬੈਠਿਆਂ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਨੇ ਕੋਈ ਵੱਡੇ ਤਾਲ ਵਿਚ ਧਰੁਪਦ ਸ਼ੁਰੂ ਕਰ ਲੈਣਾ ਤੇ ਤਰੰਗਗੜ ਨੂੰ ਮੁਖਾਤਬ ਕਰਕੇ ਕਹਿਣਾ "ਹਾਂ ਭਈ ਬਰਖੁਰਦਾਰਾ ਵਜਾ ਤਬਲਾ।"

ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦੇ ਸਰੀਰਕ ਦਰਸ਼ਨ ਭੀ ਅਲੌਕਿਕ ਸਨ। ਲੰਬਾ ਸਰੂ ਜੈਸਾ ਸਿੱਧਾ ਕੱਦ, ਗੋਡਿਆਂ ਤੱਕ ਪਲਮਦੀਆਂ ਬਾਹਵਾਂ, ਨੈਣ ਨਕਸ਼ ਅਤੀ ਸੁੰਦਰ, ਸੁੰਦਰ ਮੁਖੜੇ ਤੇ ਦੁੱਧ ਵਰਗਾ ਸੁਫੈਦ ਦਾਹੜਾ ਅਤੇ ਮੋਟੇ ਮੋਟੇ ਨੈਣ ਤੇ ਇਨ੍ਹਾਂ ਸਭ ਕੁਛ ਨਾਲ ਆਤਮੱਕ ਉੱਚਤਾਈ ਦਾ ਮਿਸ਼ਰਣ ਤੱਕ ਕੇ ਦੇਖਣ ਵਾਲਾ ਮੋਹਤ ਹੋ ਜਾਂਦਾ ਸੀ। ਜਦੋਂ ਫਿਰ ਰਸਨਾ ਤੋਂ ਅੰਮ੍ਰਿਤ ਮਈ ਕੋਈ ਬਚਨ ਉਚਾਰਦੇ ਸਨ ਤਾਂ ਸ੍ਰੋਤੇ ਦਾ ਹਿਰਦਾ ਠਰ ਜਾਂਦਾ ਸੀ ਤੇ ਬਾਰ ਬਾਰ ਉਹਨਾਂ ਅੰਮ੍ਰਿਤ ਬਚਨਾਂ ਨੂੰ ਸੁਣਨ ਨੂੰ ਦਿਲ ਤਾਂਘਦਾ ਰਹਿੰਦਾ ਸੀ। ਉਹਨਾਂ ਦੀ ਸਿਫਤ ਬਾਰੇ ਜੋ ਸੁਣਿਆ ਉਹੋ ਕੁਝ ਦੇਖਿਆ ਸੀ।

ਮੇਰੇ ਪਿਤਾ ਜੀ, ਜਿਨ੍ਹਾਂ ਦੀ ਭਾਈ ਜਵਾਲਾ ਸਿੰਘ ਰਾਗੀ ਸੈਦਪੁਰ (ਠੱਠਾ ਟਿਬਾ) ਰਿਆਸਤ ਕਪੂਰਥਲਾ ਵਾਲੇ ਦੇ ਨਾਮ ਨਾਲ ਪ੍ਰਸਿਧੀ ਹੋਈ ਸੀ, ਉਹਨਾਂ ਦੀ ਸੰਗੀਤ ਵਿਦਿਆ ਬਾਰੇ ਮਹਾਰਾਜ ਜੀ ਚੰਗੀ ਤਰ੍ਹਾਂ ਜਾਣੂ ਸਨ। ਪਿਤਾ ਜੀ ਨੇ ਸਿੰਘ ਸਭਾ ਲਹਿਰ ਵਿਚ ਜੱਵਰ ਜਾਲ ਕੇ ਕੀਰਤਨ, ਪਰਚਾਰ ਰਾਹੀਂ ਗੁਰਮਤਿ ਨੂੰ ਪਰਚਾਰਿਆ ਗੁਰਦੁਆਰਾ ਸੁਧਾਰ ਲਹਿਰ ਦੇ ਹਰ ਮੋਰਚੇ ਵਿਚ ਹਿੱਸਾ ਲਿਆ ਤੇ ਜੈਤੋ ਦੇ ਪਹਿਲੇ ਸ਼ਹੀਦੀ ਜੱਥੇ ਨਾਲ ਕੀਰਤਨ ਦੀ ਸੇਵਾ ਲਈ ਗਏ ਸਨ ਅਤੇ ਸਾਰਾ ਨਜ਼ਾਰਾ ਆਪਣੀ ਅੱਖੀਂ ਦੇਖਿਆ। ਅਕਾਲ ਪੁਰਖ ਨੇ ਵਰਦੀਆਂ ਗੋਲੀਆਂ ਵਿਚੋਂ ਉਹਨਾਂ ਨੂੰ ਹੋਰ ਸੇਵਾ ਲਈ ਰਖਿਆ। ਉਹਨਾਂ ਨੌਂ ਮਹੀਨੇ ਜੇਲ੍ਹ ਯਾਤਰਾ ਭੀ ਕੀਤੀ ਸੀ। ਇਹ ਸਭ ਕੁਝ ਮਹਾਰਾਜ ਜੀ ਚੰਗੀ ਤਰ੍ਹਾਂ ਜਾਣਦੇ ਸਨ। ਪਿਤਾ ਜੀ ਨੂੰ 'ਆਦਿ' ਤੇ 'ਦਸਮ' ਬਾਣੀ ਦੇ ਅਰਥ ਬੋਧ ਸਮੇਤ ਬੇਅੰਤ ਸ਼ਬਦ ਰੀਤਾਂ ਯਾਦ ਸਨ। ਗੁਰਮਤਿ ਦੇ ਹੋਰ ਗ੍ਰੰਥਾਂ ਦਾ ਭੀ ਅਧਿਐਨ ਕੀਤਾ ਸੀ। ਇਸ ਤੋਂ ਇਲਾਵਾ ਉਹਨਾਂ ਨੇ ਜ਼ਿੰਦਗੀ ਵਿਚ ਬ੍ਰਹਮ ਗਿਆਨ ਦੀ ਅਵਸਥਾ ਤੱਕ ਪੁਜੇ ਹੋਏ ਕੁਝ ਸਾਧੂਆਂ ਦੇ ਦਰਸ਼ਨ ਭੀ ਕੀਤੇ ਸਨ। ਬਚਨ ਬਿਲਾਸ ਭੀ ਉਹਨਾਂ ਨਾਲ ਹੋਏ ਸਨ। ਇਸ ਕਰਕੇ ਪਿਤਾ ਜੀ ਨੂੰ ਅਧਿਆਤਮਕ ਖੇਤਰ ਵਿਚ ਕਿਸੇ ਵਿਅਕਤੀ ਨੂੰ ਸਮਝਣ ਲਈ ਬੜੀ ਪਾਰਖੂ ਨਜ਼ਰ ਪ੍ਰਾਪਤ ਹੋਈ ਸੀ। ਪਿਤਾ ਜੀ ਦੀ ਪਾਰਖੂ ਅੱਖ ਨੇ ਜਿਸ ਤਰ੍ਹਾਂ ਸ੍ਰੀ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਨੂੰ ਦੇਖਿਆ ਸੀ ਉਹ ਬਿਲਕੁਲ ਸਹੀ ਸੀ। ਪਿਤਾ ਜੀ ਨਾਲ ਮਹਾਰਾਜ ਜੀ ਦੇ ਪਿਆਰ ਦੇ ਸੰਬੰਧ ਉਹਨਾਂ ਦੀਆਂ ਪ੍ਰਸਪਰ ਮੁਲਾਕਾਤਾਂ ਆਦਿਕ ਜੋ ਦਾਸ ਨੇ ਅੱਖੀਂ ਦੇਖੀਆਂ, ਅਗੇ ਉਹਨਾਂ ਦਾ ਜ਼ਿਕਰ ਹੈ।

ਪਿਤਾ ਜੀ ਨੂੰ ਸ੍ਰੀ ਮਹਾਰਾਜ ਜੀ ਦੇ ਭਜਨ ਸਿਮਰਨ ਤੇ ਪਰਉਪਕਾਰ ਤੋਂ ਇਲਾਵਾ ਕੀਰਤਨ ਤੇ ਸੰਗੀਤ ਦੀ ਨਿਪੁੰਨਤਾ ਤੇ ਕਦਰਦਾਨੀ ਦੇ ਨਾਲ ਇਕ ਹੋਰ ਖੂਬੀ ਨੇ



Sri Satguru Jagjit Singh Ji eLibrary NamdhariElibrary@gmail.com

ਭੀ ਪ੍ਰਭਾਵਤ ਕੀਤਾ ਹੋਇਆ ਸੀ। ਉਹ ਖੂਬੀ ਇਹ ਸੀ ਜਦੋਂ ਭੀ ਪ੍ਰਸਪਰ ਮਿਲਾਪ ਹੁੰਦਾ ਸੀ ਤਾਂ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਇਹ ਚੰਗੀ ਤਰ੍ਹਾਂ ਜਾਣਦੇ ਹੋਏ ਕਿ ਭਾਈ ਜਵਾਲਾ ਸਿੰਘ ਸਾਨੂੰ ਸਤਿਗੁਰੂ ਸ਼ਬਦ ਨਾਲ ਨਹੀਂ ਸਤਿਕਾਰਦਾ, ਪਿਤਾ ਜੀ ਨਾਲ ਬਹੁਤ ਹੀ ਪਿਆਰ ਦਾ ਵਰਤਾਵ ਕਰਿਆ ਕਰਦੇ ਸਨ। ਪਿਤਾ ਜੀ ਕਈ ਵਾਰ ਕਿਹਾ ਕਰਦੇ ਸਨ ਕਿ ਹੋਰ ਕਈ ਸਾਧੂ ਜਿਨ੍ਹਾਂ ਨੂੰ ਮੱਥੇ ਟਿਕੇਣ ਦਾ ਸੁਆਦ ਪਿਆ ਹੁੰਦਾ ਹੈ, ਉਨ੍ਹਾਂ ਨੂੰ ਜੇ ਕੋਈ ਮੱਥਾ ਨਾ ਟੇਕੇ ਤਾਂ ਉਹ ਝੱਟ ਪੱਟ ਗੁੱਸੇ ਵਿਚ ਆ ਜਾਂਦੇ ਹਨ। ਪਰ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦੇ ਚੇਹਰੇ ਉਪਰ ਕਦੇ ਭੀ ਗਿਲੇ ਸ਼ਿਕਵੇ ਦੇ ਨਿਸ਼ਾਨ ਨਹੀਂ ਦੇਖਣ ਵਿਚ ਆਏ। ਇਹਨਾਂ ਸਿਫਤਾਂ ਕਰਕੇ ਪਿਤਾ ਜੀ ਉਹਨਾਂ ਦਾ, ਇਕ ਮਹਾਨ ਪਵਿੱਤਰ ਸ਼ਖਸੀਅਤ ਸਮਝ ਕੇ, ਸਤਿਕਾਰ ਕਰਦੇ ਸਨ। ਵੈਸੇ ਤਾਂ ਮੇਰੀ ਹੋਸ਼ ਸੰਭਾਲਣ ਤੋਂ, ਬਲਕੇ ਮੇਰੇ ਜਨਮ ਤੋਂ, ਪਹਿਲੇ ਹੀ ਕਈ ਵਾਰ ਪ੍ਰਸਪਰ ਮੇਲ ਮੁਲਾਕਾਤ ਹੁੰਦੀ ਰਹੀ ਸੀ ਪਰ ਜਦੋਂ ਮੈਂ ਸਕੂਲ ਛੱਡ ਕੇ ਕੀਰਤਨ ਦੀ ਸਿੱਖਿਆ ਲਈ 1934 ਈ: ਤੋਂ ਪਿਤਾ ਜੀ ਦੇ ਨਾਲ ਹੀ ਜੱਥੇ ਵਿਚ ਰਹਿਣ ਲਗ ਪਿਆ ਉਦੋਂ ਤੋਂ ਲੈ ਕੇ 1952 ਈ: ਤੱਕ ਹਰ ਸਾਲ ਪਿਤਾ ਜੀ ਨਾਲ ਗਰਮੀਆਂ ਵਿਚ ਸ਼ਿਮਲੇ ਤੇ ਹੋਰ ਪਹਾੜੀ ਇਲਾਕੇ ਵਿਚ ਹੁੰਦੇ ਸਾਲਾਨਾ ਦੀਵਾਨਾਂ ਵਿਚ ਜਾਣ ਦਾ ਮੌਕਾ ਮਿਲਦਾ ਰਿਹਾ ਸੀ। ਮਹਾਰਾਜ ਜੀ ਭੀ ਕਰੀਬਨ ਕੁਝ ਦਿਨਾਂ ਲਈ ਸ਼ਿਮਲਾ ਜਾਇਆ ਕਰਦੇ ਸਨ। ਪਿਤਾ ਜੀ ਦੇ ਉਥੇ ਹੋਣ ਦੀ ਖਬਰ ਉਨ੍ਹਾਂ ਨੂੰ ਹੋ ਜਾਂਦੀ। ਮਹਾਰਾਜ ਜੀ ਕਿਸੇ ਸੇਵਕ ਦੀ ਡਿਊਟੀ ਹੀ ਲਾ ਦਿਆ ਕਰਦੇ ਸਨ। ਕਿਸੇ ਸੇਵਕ ਦੇ ਘਰ ਕੀਰਤਨ ਦਾ ਪ੍ਰੋਗਰਾਮ ਬਣਾਇਆ ਜਾਂਦਾ ਅਤੇ ਉਥੇ ਕੀਰਤਨ ਬਹੁਤ ਹੀ ਸਤਿਕਾਰ ਨਾਲ ਸੁਣਿਆ ਕਰਦੇ ਸਨ। ਸ਼ਬਦ ਰੀਤ, ਸ਼ੁੱਧ ਰਾਗਾਂ ਵਿਚ ਵੱਡੇ ਛੋਟੇ ਤਾਲਾਂ ਵਿਚ ਸੁਣ ਕੇ ਅਤੀ ਪ੍ਰਸੰਨ ਹੋਇਆ ਕਰਦੇ ਸਨ। ਸਾਨੂੰ ਇੰਜ ਜਾਪਦਾ ਹੁੰਦਾ ਸੀ ਕਿ ਇਹਨਾਂ ਪੁਰਾਤਨ ਸ਼ਬਦ ਰੀਤਾਂ ਵਿਚੋਂ ਬਹੁਤੀਆਂ ਰੀਤਾਂ ਉਨ੍ਹਾਂ ਨੂੰ ਭੀ ਯਾਦ ਹੁੰਦੀਆਂ ਹਨ। ਪਿਤਾ ਜੀ ਕਮਾਲ ਦੇ ਤਾਊਸ ਵਜੰਤਰੀ ਸਨ ਤੇ ਉਹਨਾਂ ਦਾ ਤਾਊਸ ਸੁਰ ਕਰਨ ਵੇਲੇ ਸਾਰੀਆਂ ਤਰਬਾ ਦੀ ਟੁਣਕਾਰ ਹੀ ਸ੍ਰੋਤਿਆਂ ਲਈ ਦਿਲਕਸ਼ ਹੁੰਦੀ ਸੀ। ਤਾਊਸ ਸੁਰ ਕਰਨ ਤੋਂ ਬਾਅਦ ਨਗਮਾ ਵਜਣਾ ਤੇ ਨਾਲ ਮਿੱਠੀ-ਮਿੱਠੀ ਤਬਲੇ ਉਪਰ ਲਗਾਂ ਪਰਨਾ ਮੋਹਰਿਆਂ ਤੋੜਿਆਂ ਦਾ ਵਜਣ, ਨਾਲ ਵਾਤਾ-ਵਰਨ ਸਵਰਗ ਹੀ ਬਣ ਜਾਂਦਾ ਹੁੰਦਾ ਸੀ। ਇਸ ਕਲਾ ਦੇ ਪਾਰਖੂ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਮੁਗਧ ਸਮਾਧੀ ਵਿਚ ਲੀਨ ਹੋ ਕੇ ਢਾਈ ਤਿੰਨ ਘੰਟੇ ਸੁਣਿਆ ਕਰਦੇ ਸਨ। ਉਹਨਾਂ ਦੇ ਦਰਸ਼ਨਾਂ ਤੇ ਅਨੰਦ ਨੂੰ ਭੀ ਬਿਆਨ ਨਹੀਂ ਕੀਤਾ ਜਾ ਸਕਦਾ।

ਸੰਨ 1943 ਦੇ ਲਗਭਗ ਇਕ ਵਾਰੀ ਗੁਰਦੁਆਰਾ ਰੇਰੂ ਸਾਹਿਬ ਅਸੀਂ ਗਏ ਸੀ। ਪਿਤਾ ਜੀ ਪਾਸੋਂ ਆਗਿਆ ਲੈ ਕੇ ਮੈਂ ਤੇ ਭਾਈ ਅਵਤਾਰ ਸਿੰਘ ਤੇ ਤੀਜੇ ਸਾਥੀ ਨਾਲ ਸ੍ਰੀ ਭੈਣੀ ਸਾਹਿਬ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਗਏ। ਪਿਤਾ ਜੀ ਗੋਡਿਆਂ ਵਿਚ ਦਰਦਾਂ ਦੇ ਕਾਰਨ ਤੇ ਕਿਸੇ ਸਵਾਰੀ ਦਾ ਭੀ ਬੰਦੋਬਸਤ ਨਾ ਹੋਣ ਕਰਕੇ ਉਥੇ ਨਹੀਂ ਸੀ ਜਾ ਸਕੇ। ਅਸੀਂ ਜਦੋਂ ਭੈਣੀ ਸਾਹਿਬ ਮਹਾਰਾਜ ਜੀ ਦੇ



Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਕੀਤੇ ਤਾਂ ਉਨ੍ਹਾਂ ਪਹਿਲਾ ਸਵਾਲ ਹੀ ਸਾਡੇ ਉਪਰ ਇਹ ਕੀਤਾ ਕਿ ਭਾਈ ਸਾਹਿਬ ਨਹੀਂ ਆਏ। ਅਸਾਂ ਗੋਡਿਆਂ ਦੀਆਂ ਦਰਦਾਂ ਦੀ ਮਜਬੂਰੀ ਦਸੀ ਤੇ ਪਿਤਾ ਜੀ ਵਲੋਂ ਫਤਹਿ ਅਰਜ ਕੀਤੀ। ਉਸੇ ਵਕਤ ਉਹਨਾਂ ਨੇ ਦੋ ਸਿੰਘਾਂ ਨੂੰ ਦੋ ਘੋੜੀਆਂ ਦੇ ਕੇ ਰੇਰੂ ਸਾਹਿਬ ਤੋਂ ਸਾਡੇ ਸਾਜ਼ ਤੇ ਬਾਪੂ ਜੀ ਨੂੰ ਲਿਆਉਣ ਲਈ ਹੁਕਮ ਕਰ ਦਿਤਾ ਤੇ ਨਾਲ ਹੀ ਇਹ ਬਚਨ ਉਚਾਰੇ, ''ਇਹ ਕਿਵੇਂ ਹੋ ਸਕਦਾ ਹੈ ਕਿ ਭਾਈ ਜਵਾਲਾ ਸਿੰਘ ਜੀ ਏਸ ਇਲਾਕੇ ਵਿਚ ਆਏ ਹੋਵਣ ਤੇ ਮੈਨੂੰ ਕੀਰਤਨ ਸੁਣਾਨ ਤੋਂ ਬਿਨਾਂ ਹੀ ਚਲੇ ਜਾਵਣ।'' ਸੋ ਉਦੋਂ ਭੀ ਅਸੀਂ ਦੋ ਦਿਨ ਸ੍ਰੀ ਭੈਣੀ ਸਾਹਿਬ ਰਹੇ ਤੇ ਚਾਰ ਕੀਰਤਨ ਕੀਤੇ। ਵਿਦਾ ਕਰਨ ਵੇਲੇ ਜੋ ਪਿਆਰ ਤੇ ਸਤਿਕਾਰ ਸ੍ਰੀ ਮਹਾਰਾਜ ਜੀ ਨੇ ਪਿਤਾ ਜੀ ਦਾ ਕੀਤਾ ਸੀ ਉਹ ਭੀ ਉਹਨਾਂ ਦੇ ਕਦਰਦਾਨ ਸੁਭਾ ਦੀ ਇਕ ਅਦੁੱਤੀ ਮਿਸਾਲ ਹੈ।

ਮੈਂ ਤੇ ਮੇਰੇ ਛੋਟੇ ਵੀਰ ਭਾਈ ਅਵਤਾਰ ਸਿੰਘ ਨੇ 1946 ਈ: ਵਿਚ ਵੱਖਰਾ ਜੱਥਾ ਬਣਾ ਲਿਆ ਸੀ। ਵੈਸੇ ਕੁਝ ਪ੍ਰੋਗਰਾਮਾਂ ਤੇ ਸੰਨ 1952 ਤੱਕ ਅਸੀਂ ਪਿਤਾ ਜੀ ਨਾਲ ਵੀ ਚਲੇ ਜਾਂਦੇ ਸਾਂ। ਸੰਨ 1946 ਵਿਚ ਲਖਨਊ ਇਕ ਧਾਰਮਿਕ ਦੀਵਾਨ ਤੇ ਉਸੇ ਦਿਨ ਕਿਸੇ ਹਾਲ ਵਿਚ ਕਾਂਗਰਸ ਦਾ ਇਜਲਾਸ ਹੋਇਆ ਸੀ। ਧਾਰਮਿਕ ਦੀਵਾਨ ਵਿਚ ਕੀਰਤਨ ਲਈ ਪ੍ਰਬੰਧਕਾਂ ਨੇ ਸਾਡੇ ਜੱਥੇ ਨੂੰ ਬੁਲਾਇਆ ਸੀ। ਉਸ ਸਮੇਂ ਮਹਾਰਾਜ ਜੀ ਭੀ ਉਥੇ ਦਰਸ਼ਨ ਦੇ ਰਹੇ ਸਨ। ਸਵੇਰੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਾਰਾ ਹੀ ਉਹਨਾਂ ਨੇ ਸੁਣਿਆ ਸੀ। ਜੋ ਸਾਨੂੰ ਸ਼ਬਦ ਰੀਤ ਪ੍ਰਾਪਤ ਹੋਈ ਹੋਈ ਸੀ ਉਹ ਅਸਾਂ ਗਾਇਨ ਕੀਤੀ। ਮਹਾਰਾਜ ਜੀ ਅਤੀ ਪ੍ਰਸੰਨਤਾ ਨਾਲ ਸਰਵਨ ਕਰਦੇ ਰਹੇ। ਦੋਪਹਿਰ ਤੋਂ ਬਾਅਦ ਹਾਲ ਵਿਚ ਕਾਂਗਰਸ ਦੇ ਇਜਲਾਸ ਵਿਚ ਭੀ ਮਹਾਰਾਜ ਜੀ ਗਏ ਹੋਏ ਸਨ। ਉਸ ਵਕਤ ਕਾਂਗਰਸ ਦੇ ਕਰੀਬਨ ਸਾਰੇ ਹੀ ਵੱਡੇ ਵੱਡੇ ਆਗੂ ਇਜਲਾਸ ਵਿਚ ਬੈਠੇ ਸਨ। ਦੇਸ਼ ਦੀ ਆਜ਼ਾਦੀ ਲਈ ਤੇ ਦੇਸ਼ ਦੇ ਭਵਿੱਖ ਲਈ ਜੋ ਸੁਝਾਵ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਨੇ ਦਿਤੇ ਸਨ ਉਹ ਬਹੁਤ ਕੀਮਤੀ ਸਨ ਤੇ ਸਾਰੇ ਵੱਡੇ ਲੀਡਰਾਂ ਨੇ ਉਨ੍ਹਾਂ ਦੇ ਸੁਝਾਵਾਂ ਦੀ ਪ੍ਰੋੜ੍ਹਤਾ ਕੀਤੀ ਸੀ। ਉਸੇ ਦਿਨ ਸ਼ਾਮ ਨੂੰ ਅਸੀਂ ਫਿਰ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਸ: ਸਿੰਗਾਰਾ ਸਿੰਘ ਜੀ ਰਈਸ ਦੀ ਕੋਠੀ ਗਏ। ਮਿਲਣ ਵਾਲਿਆਂ ਦੀ ਬਾਹਰ ਕਾਫੀ ਭੀੜ ਸੀ ਪਰ ਸਾਨੂੰ ਬਹੁਤ ਉਡੀਕ ਨਹੀਂ ਕਰਨੀ ਪਈ। ਪਤਾ ਲਗਣ ਤੇ ਮਹਾਰਾਜ ਜੀ ਨੇ ਸਾਨੂੰ ਜਲਦੀ ਹੀ ਅੰਦਰ ਬੁਲਾ ਲਿਆ ਸੀ। ਇਹ ਉਹਨਾਂ ਦੇ ਮਨ ਵਿਚ ਕੀਰਤਨ ਤੇ ਕੀਰਤਨੀਆਂ ਬਾਰੇ ਸਤਿਕਾਰ ਦਾ ਹੀ ਸਦਕਾ ਸੀ। ਪੰਜ ਚਾਰ ਮਿੰਟ ਦੀਆਂ ਹੋਰ ਗੱਲਾਂਬਾਤਾਂ ਤੋਂ ਉਪ੍ਰੰਤ ਉਹਨਾਂ ਨੇ ਹੁਕਮ ਕੀਤਾ ਕਿ ਇਕ ਆਸਾ ਦੀ ਵਾਰ ਦਾ ਕੀਰਤਨ ਹੋਰ ਸੁਣਾਵੋ। ਅਸਾਂ ਬੇਨਤੀ ਕੀਤੀ ਕਿ ਕਲ੍ਹ ਨੂੰ ਸਵੇਰੇ 5 ਵਜੇ ਤੋਂ ਸ੍ਰੀ ਆਸਾ ਦੀ ਵਾਰ ਦਾ ਪ੍ਰੋਗਰਾਮ ਗੁਰ-ਦੁਆਰਾ ਸਿੰਘ ਸਭਾ, ਨਾਕਾ ਹਿੰਡੋਲਾ ਮੰਨਿਆ ਹੋਇਆ ਹੈ ਤਾਂ ਅੱਗੋਂ ਉਹਨਾਂ ਹੁਕਮ ਕੀਤਾ ਕਿ ਸਾਨੂੰ ਸਵੇਰੇ ਨਾਮਧਾਰੀ ਧਰਮਸ਼ਾਲਾ ਵਿਚ ਦੋ ਤੋਂ ਸਾਢੇ ਚਾਰ ਵਜੇ ਤੱਕ ਕੀਰਤਨ ਸੁਣਾ ਦੇਵੋ। ਫਿਰ ਅਸੀਂ ਕਿਹਾ ਕਿ ਮਹਾਰਾਜ ਜੀ ਇਕ ਬੇਨਤੀ...ਅਜੇ ਇਤਨੇ ਅੱਖਰ ਹੀ ਸਾਡੇ ਮੂੰਹੋਂ ਨਿਕਲੇ ਸਨ ਕਿ ਅੱਗੋਂ ਉਹਨਾਂ ਨੇ ਝੱਟ ਪੱਟ ਉੱਤਰ



Sri Satguru Jagjit Singh Ji eLibrary NamdhariElibrary@gmail.com

ਦਿਤਾ ਕਿ ਹਾਂ ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ। ਉਸ ਵੇਲੇ ਨਾਮਧਾਰੀ ਸੰਪ੍ਰਦਾਏ ਦੇ ਉੱਘੇ ਸੱਜਣ ਸੰਤ ਨਿਧਾਨ ਸਿੰਘ ਜੀ ਆਲਮ ਪਾਸ ਬੈਠੇ ਹੋਏ ਸਨ। ਉਹਨਾਂ ਦੇ ਚੇਹਰੇ ਉਪਰ ਕੁਝ ਕ੍ਰੋਧ ਦੇ ਨਿਸ਼ਾਨ ਪ੍ਰਗਟ ਹੋ ਗਏ। ਉਹਨਾਂ ਨੇ ਇਹ ਦੇਖ ਕੇ ਕਿ ਇਨ੍ਹਾਂ ਮੁੰਡਿਆਂ ਜਿਹਾਂ ਕੀਰਤਨੀਆਂ ਨੇ ਇਤਨਾ ਹੌਸਲਾ ਮਹਾਰਾਜ ਜੀ ਅੱਗੇ ਬੋਲਣ ਦਾ ਕੀਤਾ ਹੈ ਉਸੇ ਕ੍ਰੋਧ ਜਿਹੇ ਵਿਚ ਉਨ੍ਹਾਂ ਸਾਨੂੰ ਕਿਹਾ ਕਿ ਰਾਗੀ ਸਿੰਘੋ ਇਕ ਸਾਡੀ ਭੀ ਬੇਨਤੀ...। ਉਸਦੇ ਮੂੰਹੋਂ ਭੀ ਅਜੇ ਸਾਰਾ ਵਾਕ ਪੂਰਾ ਨਹੀਂ ਸੀ ਹੋਇਆ ਤਾਂ ਬਾਬਾ ਜੀ ਬੋਲੇ ਕਿ ਨਿਧਾਨ ਸਿੰਘ ਜੀ ਤੁਸਾਂ ਏਹੋ ਆਖਣਾ ਹੈ ਕਿ ਕੀਰਤਨ ਤੋਂ ਪਹਿਲਾਂ ਸਣਕੇਸੀ ਇਸ਼ਨਾਨ ਕਰਕੇ ਆਇਓ, ਇਹ ਦੋਨੋਂ ਸਣਕੇਸੀ ਇਸ਼ਨਾਨ ਕਰਦੇ ਹਨ। ਇਹ ਭਾਈ ਜਵਾਲਾ ਸਿੰਘ ਦੇ ਸਪੁੱਤਰ ਹਨ। ਉਹਨਾਂ ਦੀ ਇਹ ਅੰਤਰਯਾਤਮਾ ਦੇਖ ਕੇ ਸਾਡੇ ਦਿਲਾਂ ਵਿਚ ਅਤੀ ਸ਼ਰਧਾ ਭਾਵਨਾ ਪੈਦਾ ਹੋ ਗਈ ਸੀ। ਦੂਜੇ ਦਿਨ ਪੂਰੇ ਦੋ ਵਜੇ ਤੜਕੇ ਅਸੀਂ ਧਰਮਸ਼ਾਲਾ ਪਹੁੰਚੇ। ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਚੇ ਸਿੰਘਾਸਣ ਤੇ ਹੋਇਆ ਹੋਇਆ ਸੀ। ਕੀਰਤਨ ਲਈ ਜੋ ਆਸਣ ਵਿਛਾਇਆ ਗਿਆ ਸੀ ਉਹ ਮਹਾਰਾਜ ਜੀ ਦੇ ਆਸਣ ਦੇ ਬਰਾਬਰ ਬਲਕੇ ਕੁਝ ਉਚੇਰਾ ਹੀ ਜਾਪਦਾ ਸੀ। ਅਜੇ ਅਸੀਂ ਸਾਜ ਖੋਲ੍ਹ ਕੇ ਸੁਰ ਹੀ ਕਰਦੇ ਸੀ ਕਿ ਮਹਾਰਾਜ ਜੀ ਕੁਝ ਹੋਰ ਸੰਗਤਾਂ ਸਮੇਤ ਆ ਗਏ। ਉਹਨਾਂ ਨੇ ਉਸੇ ਤਰ੍ਹਾਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕੀਤੀ, ਕੀਰਤਨ ਦੇ ਅੱਗੇ ਸੀਸ ਨਿਵਾਇਆ ਤੇ ਫਿਰ ਆਪਣੇ ਆਸਣ ਤੇ ਅਡੋਲ ਸਮਾਧੀ ਵਿਚ ਬਿਰਾਜਮਾਨ ਹੋਏ। ਅਸਾਂ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਕੀਤਾ। ਜੋ ਕੁਝ ਸ਼ਬਦ ਰੀਤ ਸਿਖੀ ਹੋਈ ਸੀ ਉਸ ਵਿਚੋਂ ਕੁਝ ਰੀਤਾਂ ਗਾਈਆਂ ਸਨ। ਪਹਿਲੀ ਰਾਤ ਦੇ ਦਰਸ਼ਨਾਂ ਦਾ ਜੋ ਪ੍ਰਭਾਵ ਸਾਡੇ ਦਿਲਾਂ ਉਪਰ ਪਿਆ ਹੋਇਆ ਸੀ ਉਸੇ ਹੀ ਸ਼ਰਧਾ ਭਾਵਨਾ ਦੇ ਜਜ਼ਬੇ ਦੇ ਪ੍ਰਭਾਵ ਨਾਲ ਸਾਡੇ ਪਾਸੋਂ ਕੀਰਤਨ ਦੀ ਸੇਵਾ ਹੋਈ। ਸਾਨੂੰ ਆਪ ਨੂੰ ਭੀ ਅਤੀ ਅਨੰਦ ਆ ਰਿਹਾ ਸੀ ਤੇ ਮਹਾਰਾਜ ਦੇ ਚੇਹਰੇ ਤੋਂ ਪ੍ਰਸੰਨਤਾ ਦੇ ਨਿਸ਼ਾਨ ਦੇਖ ਦੇਖ ਉਹਨਾਂ ਨੂੰ ਆ ਰਹੇ ਅਨੰਦ ਦਾ ਭੀ ਅਸੀਂ ਅੰਦਾਜ਼ਾ ਲਾ ਰਹੇ ਸੀ। ਸਮਾਪਤੀ ਉਪਰੰਤ ਉਨ੍ਹਾਂ ਅਤੀ ਕ੍ਰਿਪਾ ਦ੍ਰਿਸ਼ਟੀ ਕੀਤੀ ਤੇ ਇਉਂ ਜਾਪਿਆ ਕਿ ਸਾਨੂੰ ਆਪਣੀ ਮੇਹਰ ਦੀ ਨਦਰ ਨਾਲ ਨਿਹਾਲ ਕਰ ਦਿਤਾ ਹੈ। ਉਸੇ ਰਸ ਵਿਚ ਹੀ ਅਸਾਂ ਗੁਰਦੁਆਰੇ ਸਿੰਘ ਸਭਾ ਆ ਕੇ ਢਾਈ ਘੰਟੇ ਕੀਰਤਨ ਕੀਤਾ ਸਾਨੂੰ ਕੋਈ ਥਕੇਵਾਂ ਅਕੇਵਾਂ ਮਾਲੂਮ ਨਹੀਂ ਸੀ ਹੁੰਦਾ, ਸਗੋਂ ਸਾਰਾ ਦਿਨ ਹੀ ਅਜੀਬ ਜਿਹੇ ਸਰੂਰ ਵਿਚ ਹੀ ਗੁਜ਼ਰਿਆ ਸੀ। ਕੀਰਤਨ ਦੀ ਇਹ ਕਦਰ ਤੱਕ ਕੇ ਸਾਨੂੰ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਹ ਸਾਖੀ ਯਾਦ ਆ ਰਹੀ ਸੀ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਰਾਮਸਰ ਭਾਈ ਗੁਰਦਾਸ ਜੀ ਪਾਸੋਂ ਬਾਣੀ ਲਿਖਵਾਂਦੇ ਸਨ ਤਾਂ ਭਾਈ ਗੁਰਦਾਸ ਦਾ ਆਸਣ ਆਪਣੇ ਨਾਲੋਂ ਉੱਚਾ ਬਣਵਾਂਦੇ ਸਨ। ਸਾਰੀ ਬੀੜ ਲਿਖੀ ਜਾਣ ਤੋਂ ਉਪਰੰਤ ਬੀੜ ਨੂੰ ਪਾਲਕੀ ਵਿਚ ਸਜਾ ਕੇ ਪਾਲਕੀ ਦੇ ਇਕ ਪਾਸੇ ਖੁਦ ਕੰਧਾ ਦੇ ਕੇ ਸ੍ਰੀ ਹਰਿਮੰਦਰ ਸਾਹਿਬ ਲਿਆਏ ਸਨ। ਰੋਜ਼ਾਨਾ ਜਿਸ ਕੋਠਾ ਸਾਹਿਬ ਵਿਚ ਬੀੜ ਨੂੰ ਸੁਖਆਸਣ ਕਰਾਇਆ ਜਾਂਦਾ ਸੀ ਉਸ ਕੋਠੇ ਅੰਦਰ ਪਲੰਘ



Sri Satguru Jagjit Singh Ji eLibrary NamdhariElibrary@gmail.com

ਤੇ ਬੀੜ ਸਾਹਿਬ ਤੇ ਆਪ ਨੀਚੇ ਫਰਸ਼ ਤੇ ਚਾਦਰ ਵਿਛਾ ਕੇ ਬਿਰਾਜਿਆ ਕਰਦੇ ਸਨ । ਨਾਮਧਾਰੀ ਸੰਪ੍ਰਦਾਏ ਅੰਦਰ ਤੇ ਖਾਸ ਕਰਕੇ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਵਲੋਂ ਬਾਣੀ ਦਾ ਤੇ ਬਾਣੀ ਦੇ ਕੀਰਤਨ ਦਾ ਇਹ ਆਦਰ ਤੱਕ ਕੇ ਇਹ ਸਾਖੀ ਯਾਦ ਆਉਂਦੀ ਹੈ ।

ਅਸੀਂ 15 ਜਨਵਰੀ 1954 ਨੂੰ ਦਿੱਲੀ ਗੁਰਦੁਆਰਾ ਕਮੇਟੀ ਵਿਚ ਸਰਵਿਸ ਕਰ ਲਈ ਸੀ । 1955–56 ਵਿਚ ਮਹਾਰਾਜ ਜੀ ਦੇ ਸ਼ਰਧਾਲੂ ਸੇਵਕ, ਸ਼ਾਇਦ ਉਨ੍ਹਾਂ ਦਾ ਨਾਮ ਭਗਤ ਜਸਵੰਤ ਸਿੰਘ ਸੀ, ਅਕਾਲ ਚਲਾਣਾ ਕਰ ਗਏ ਸਨ । ਉਨ੍ਹਾਂ ਦੇ ਉਠਾਲੇ ਸਮੇਂ ਕਰੋਲ ਬਾਗ਼ ਕੀਰਤਨ ਦੀ ਸੇਵਾ ਲਈ ਸਾਨੂੰ ਬੁਲਾਇਆ ਗਿਆ ਸੀ । ਸ੍ਰੀ ਮਹਾਰਾਜ ਜੀ ਭੀ ਆਏ ਹੋਏ ਸਨ । ਉਸੇ ਤਰ੍ਹਾਂ ਮਰਿਯਾਦਾ ਮੁਤਾਬਿਕ ਕੀਰਤਨ ਹੋਇਆ । ਜੋ ਕੁਝ ਸਿੱਖਿਆ ਸੀ ਉਸ ਵਿਚੋਂ ਹੀ ਗਾਂਵਿਆ । ਉਠਾਲੇ ਦੇ ਸਮਾਗਮ ਦੀ ਸਮਾਪਤੀ ਤੋਂ ਬਾਅਦ ਸਾਨੂੰ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਸ਼ਬਦ ਰੀਤ ਦਾ ਕਾਫ਼ੀ ਭੰਡਾਰ ਤੁਹਾਨੂੰ ਵਿਰਸੇ ਵਿਚ ਮਿਲਿਆ ਹੋਇਆ ਹੈ । ਇਸ ਭੰਡਾਰ ਨੂੰ ਲਿਖਤੀ ਰੂਪ ਵਿਚ ਲਿਆਉਣਾ ਚਾਹੀਦਾ ਹੈ । ਸਾਰਾ ਖਰਚ ਤੇ ਸਾਰਾ ਪ੍ਰਬੰਧ ਅਸੀਂ ਕਰ ਦੇਵਾਂਗੇ ਤਾਂ ਕਿ ਇਹ ਪੁਰਾਤਨ ਸ਼ਬਦ ਰੀਤ ਤੇ ਕੀਰਤਨ ਦੀ ਸ਼ੈਲੀ ਗੁੰਮ ਨਾ ਹੋ ਜਾਵੇ । ਬਹੁਤ ਸਾਰੇ ਵਿਦਵਾਨਾਂ ਦੇ ਨਾਲ ਹੀ ਇਹ ਵਿਦਿਆ ਗੁੰਮ ਹੋ ਚੁਕੀ ਹੈ । ਜਿਤਨੀ ਸੰਭਾਲੀ ਜਾ ਸਕੇ ਸੰਭਾਲ ਲੈਣ ਦਾ ਸਾਡਾ ਮਨੋਰਥ ਹੈ । ਕਈ ਮਜ਼ਬੂਰੀਆਂ, ਰੁਝੇਵਿਆਂ ਕਰਕੇ ਅਸਾਂ ਉਹਨਾਂ ਦੇ ਸ਼ਰੀਰ ਦੇ ਹੁੰਦਿਆਂ ਇਹ ਕਾਰਜ ਨਹੀਂ ਕਰ ਸਕੇ ਪਰ ਕੁਝ ਸਾਲ ਬਾਅਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਅਧਿਐਨ ਵਿਭਾਗ ਦੇ ਮੁੱਖੀ ਡਾਕਟਰ ਤਾਰਨ ਸਿੰਘ ਜੀ ਤੇ ਉਹਨਾਂ ਦੀ ਸਲਾਹਕਾਰ ਕਮੇਟੀ, ਇਸ ਵਿਚ ਭਾਈ ਸਾਹਿਬ ਜੋਧ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਦੇ ਰਹਿ ਚੁਕੇ ਪ੍ਰਿੰਸੀਪਲ ਪੂਜਨੀਕ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਾਗੜੀਆਂ ਵਾਲੇ, ਮਹਾਨ ਸੰਗੀਤਕਾਰ ਡਾ: ਸੋਹਣ ਸਿੰਘ ਇਤਿਆਦਿਕ ਸਨ, ਦੀ ਪ੍ਰੇਰਨਾ ਨਾਲ ਪੰਜਾਬੀ ਯੂਨੀਵਰਸਿਟੀ ਨੂੰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਕਰੀਬਨ ਪੰਜ ਸੋ ਸ਼ਬਦ ਰੀਤ ਗਾਇਨ ਕਰਕੇ ਤੇ ਲਿਖ ਕੇ ਦੇ ਦਿਤੇ ਜੋ ਉਨ੍ਹਾਂ ਨੇ ਦੋ ਭਾਗਾਂ ਵਿਚ ਛਪਵਾ ਦਿਤੇ । ਸਾਨੂੰ ਪੂਰਨ ਵਿਸ਼ਵਾਸ਼ ਹੈ ਇਹ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦਾ ਹੀ ਸੰਕਲਪ ਪੂਰਾ ਹੋਇਆ ਹੈ । "ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨ" ਵਾਲੀ ਬਾਤ ਹੋਈ ਹੈ ਇਹ. ਉਪਰ ਲਿਖੀਆਂ ਘਟਨਾਵਾਂ ਦਾ ਜ਼ਿਕਰ ਕਰਨ ਵਿਚ ਮੇਰਾ ਆਪਣੇ ਘਰਾਣੇ ਜਾਂ ਆਪਣੇ ਜੱਥੇ ਬਾਰੇ ਇਸ਼ਤਿਹਾਰ ਬਾਜੀ ਦਾ ਮਨੋਰਥ ਨਹੀਂ ਹੈ, ਇਹ ਇਸ ਲਈ ਲਿਖਿਆ ਹੈ ਕਿ ਮਹਾਰਾਜ ਜੀ ਬਾਰੇ ਜੋ ਅਸਾਂ ਹੋਰ ਵਿਦਵਾਨਾਂ, ਕੀਰਤਨੀਆਂ ਪਾਸੋਂ ਸੁਣਿਆ ਸੀ ਉਹ ਅੱਖੀਂ ਦੇਖਿਆ ਵੀ ਹੈ ਤੇ ਅਸਾਂ ਨੂੰ ਹੋਰ ਵਿਦਵਾਨਾਂ ਦੇ ਕਥਨ ਦੀ ਸੱਚਾਈ ਤੋਂ ਇਨਕਾਰ ਕਰਨ ਦੀ ਕੋਈ ਗੁੰਜਾਇਸ਼ ਨਹੀਂ ਰਹੀ ।

ਉਸ ਵਕਤ ਦੇ ਸ਼ਾਸਤਰੀ ਸੰਗੀਤ ਦੇ ਮਹਾਨ ਵਿਦਵਾਨ, ਹਿੰਦੂ ਗਵਈਏ ਤੇ ਮੁਸਲ-ਮਾਨ ਗਵਈਏ, ਸਾਰੇ ਕਲਾਕਾਰ ਕਰੀਬਨ ਕਰੀਬਨ ਮਹਾਰਾਜ ਜੀ ਤੋਂ ਸਤਿਕਾਰ ਪ੍ਰਾਪਤ ਕਰਦੇ ਰਹੇ ਸਨ । ਸ਼ਾਸਤਰੀ ਸੰਗੀਤਕਾਰਾਂ ਦੀ ਹੌਸਲਾ ਅਫਜ਼ਾਈ ਤੋਂ ਇਲਾਵਾ ਇਕ



Sri Satguru Jagjit Singh Ji eLibrary NamdhariElibrary@gmail.com

ਵਾਰ ਸ੍ਰੀ ਭੈਣੀ ਸਾਹਿਬ ਵਿਖੇ ਕੀਰਤਨ ਮੁਕਾਬਲੇ ਦਾ ਭੀ ਸੰਮੇਲਨ ਹੋਇਆ ਸੀ, ਉਸ ਵਿਚ ਵਿਦਵਾਨ ਸਿੱਖ ਕੀਰਤਨੀਏ ਤੇ ਰਬਾਬੀਆਂ ਤੋਂ ਇਲਾਵਾ ਸਿੰਘ ਨਜੇ ਹੋਏ ਤੇ ਰਬਾਬੀ ਕੀਰਤਨੀਏ ਸਾਰਿਆਂ ਨੂੰ ਬੁਲਾਇਆ ਗਿਆ ਸੀ। ਮੇਰੇ ਪਿਤਾ ਜੀ ਪਹਿਲਾਂ ਪਹਿਲਾਂ ਇਹਨਾਂ ਕੀਰਤਨ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਰਹੇ ਸਨ ਪਰ ਫਿਰ ਕੀਰਤਨ ਨੂੰ ਨਿਰੋਲ ਭਗਤੀ ਸਮਝ ਕੇ ਇਸ ਮੁਕਾਬਲੇ ਨੂੰ ਪਸੰਦ ਨਹੀਂ ਸੀ ਕਰਦੇ, ਇਸ ਲਈ ਉਹ ਸ਼ਾਮਲ ਨਹੀਂ ਸੀ ਹੋਏ। ਉਹਨਾਂ ਦੇ ਗੁਰਭਾਈ ਭਾਈ ਹਰਨਾਮ ਸਿੰਘ ਜੀ ਟਿੱਬੇ ਵਾਲੇ ਸ਼ਾਮਲ ਹੋਏ ਸਨ ਤੇ ਉਹਨਾਂ ਪਹਿਲੇ ਦਰਜੇ ਦਾ ਇਨਾਮ ਪ੍ਰਾਪਤ ਕੀਤਾ ਸੀ। ਇਸ ਸਮਾਗਮ ਦੇ ਕਰਣ ਦਾ ਭੀ ਮਹਾਰਾਜ ਜੀ ਨੂੰ ਇਸੇ ਲਈ ਖਿਆਲ ਆਇਆ ਸੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਸਤਿਗੁਰੂ ਸਾਹਿਬਾਨ ਦੇ ਵਕਤ ਤੋਂ ਗੁਰਮਤਿ ਕੀਰਤਨ ਦੀ ਚਲੀ ਆ ਰਹੀ ਮਰਿਯਾਦਾ ਨੂੰ ਜੀਵਤ ਰਖਣਾ ਚਾਹੁੰਦੇ ਸਨ। ਇਸੇ ਮੰਤਵ ਲਈ ਉਹ ਸਦਾ ਹੀ ਵਿਦਵਾਨ ਰਾਗੀ ਸਿੰਘਾਂ ਦੀ ਹੌਂਸਲਾ ਅਫ਼ਜਾਈ ਕਰਦੇ ਰਹਿੰਦੇ ਸਨ। ਉਸ ਸਮਾਗਮ ਵਿਚ ਕੀਰਤਨੀਆਂ ਨੂੰ ਵਿਦਵਾਨ ਬਣਨ ਦੀ ਪ੍ਰੇਰਨਾ ਦਾ ਹੀ ਸੰਕਲਪ ਸੀ।

ਸ਼ਾਮ ਚੁਰਾਸੀ ਦਾ ਇਕ ਕਰੀਮ ਬਖ਼ਸ਼ ਸੰਗੀਤ ਵਿਦਿਆ ਵਿਚ ਮਾਹਿਰ ਸੀ। ਉਸ ਦਾ ਗਲਾ ਅਤੀ ਸੁਰੀਲਾ ਸੀ। ਉਮਰ ਦੇ ਆਖਰੀ ਹਿੱਸੇ ਵਿਚ ਉਹ ਦਰਵੇਸ਼ ਹੀ ਬਣ ਗਿਆ ਸੀ। ਉਹ ਖਾਸ ਕਰਕੇ ਇਹ ਬੋਲ ਗਾਉਂਦਾ ਰਹਿੰਦਾ ਸੀ "ਹਰ ਵੇਲੇ ਰਾਂਝਣ ਰੈਂਹਦਾ ਮੇਰੀਆਂ ਅੱਖਾਂ ਦੇ ਸਾਹਮਣੇ"। ਉਸ ਪਾਸੋਂ ਧਨਾਢ ਲੋਕ ਸੰਗੀਤ ਸੁਣਨ ਲਈ ਭਾਵੇਂ ਵੱਡੀਆਂ ਵੱਡੀਆਂ ਰਕਮਾਂ ਦਾ ਲਾਲਚ ਦੇਂਦੇ ਸਨ ਪਰ ਉਹ ਕਿਸੇ ਦੇ ਹੁਕਮ ਵਿਚ ਨਹੀਂ ਸੀ ਤੇ ਨਾ ਹੀ ਉਸ ਨੂੰ ਇਨਾਮ ਦਾ ਲਾਲਚ ਮੋਂਹਦਾ ਸੀ ਪਰ ਜਦੋਂ ਕਦੇ ਮਹਾਰਾਜ ਜੀ ਨਾਲ ਉਸ ਦੀ ਭੇਂਟ ਹੋ ਜਾਂਦੀ ਤਾਂ ਉਹ ਉਹਨਾਂ ਦਾ ਹੁਕਮ ਨਹੀਂ ਸੀ ਮੋੜਦਾ। ਇਕ ਵਾਰੀ ਬਾਬਾ ਜੀ ਨੇ ਉਸ ਤੋਂ ਪੁਛਿਆ "ਖਾਂ ਸਾਹਿਬ, ਉਸ ਰਾਂਝਣ ਦਾ ਕਦੇ ਪ੍ਰਤੱਖ ਭੀ ਦੀਦਾਰ ਕੀਤਾ ਹੈ ?" ਤਾਂ ਉਸ ਨੇ ਉੱਤਰ ਦਿਤਾ ਕਿ "ਕਭੀ ਕਭੀ।"

ਮਹਾਰਾਜ ਬਾਬਾ ਪਰਤਾਪ ਸਿੰਘ ਜੀ ਗੁਰਮਤਿ ਕੀਰਤਨ ਤੇ ਸੰਗੀਤ ਵਿਚ ਨਿਪੁੰਨਤਾ ਤੇ ਇਸ ਕਲਾ ਦੀ ਕਦਰ ਕਰਦੇ ਹੋਏ ਗੁਰਮਤਿ ਕੀਰਤਨ ਦੀ ਪੁਰਾਤਨ ਸ਼ੈਲੀ ਨੂੰ ਜੀਵਤ ਰਖਣ ਦੀ ਪ੍ਰੇਰਨਾ ਕਰਦੇ ਹੋਏ ਅਤੇ ਹੋਰ ਪਰਉਪਕਾਰ ਦੇ ਮਹਾਨ ਕਾਰਜ ਕਰਕੇ ਆਪ ਜੋਤੀ ਜੋਤ ਸਮਾ ਚੁਕੇ ਹਨ। ਹੁਣ ਉਹਨਾਂ ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਪਰਮ-ਪੂਜਨੀਕ ਮਹਾਰਾਜ ਬਾਬਾ ਜਗਜੀਤ ਸਿੰਘ ਜੀ ਸੰਗਤਾਂ ਨੂੰ ਆਤਮਕ ਉਪਦੇਸ਼ ਭੀ ਦੇ ਰਹੇ ਹਨ ਤੇ ਸ਼ਾਸਤਰੀ ਸੰਗੀਤ ਅਥਵਾ ਗੁਰਮਤ ਕੀਰਤਨ ਵਿਦਿਆ ਵਿਚ ਖੁਦ ਭੀ ਨਿਪੁੰਨ ਹਨ ਤੇ ਭਰਪੂਰ ਕਦਰ ਭੀ ਕਰਦੇ ਹੋਏ ਵਿਦਵਾਨ ਕੀਰਤਨੀਏ ਬਣਨ ਦੀ ਪ੍ਰੇਰਨਾ ਕਰ ਰਹੇ ਹਨ। ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦੀ ਅਦੁੱਤੀ ਸ਼ਖਸੀਅਤ ਬਾਰੇ ਬੇਅੰਤ ਗੁਣਾਂ ਵਿਚੋਂ ਕਿਣਕਾ ਮਾਤਰ ਲਿਖ ਕੇ ਦਾਸ ਆਪਣੇ ਧੰਨ ਭਾਗ ਸਮਝਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਗੁਰਮਤ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀ ਸੰਭਾਲ

—ਮੀਰਾਂ ਮਦਾਨ, ਚੰਡੀਗੜ੍ਹ

ਸੰਗੀਤ ਈਸ਼ਵਰ ਦੀ ਦੇਣ ਹੈ। ਇਸ ਦੇਣ ਨੂੰ ਆਦਿ ਸਤਿਗੁਰੂ ਨਾਨਕ ਦੇਵ ਜੀ ਨੇ ਗਹਿਨ ਰੂਪ ਵਿਚ ਅਨੁਭਵ ਕੀਤਾ ਅਤੇ ਆਪਣੇ ਜੀਵਨ ਦਾ ਇਕ ਵਿਸ਼ੇਸ਼ ਅੰਗ ਬਣਾਇਆ। ਭਾਈ ਮਰਦਾਨੇ ਨੂੰ ਰਬਾਬ ਵਜਾਉਣ ਦਾ ਸੰਕੇਤ ਕਰਦੇ ਅਤੇ ਸਤਿਗੁਰੂ ਈਸ਼ਵਰ ਦੀ ਬਾਣੀ ਨੂੰ ਸ਼ਬਦਾਂ ਅਤੇ ਅੱਖਰਾਂ ਦਾ ਰੂਪ ਦੇ ਦਿੰਦੇ ਸੀ। ਗੁਰੂ ਨਾਨਕ ਦੇਵ ਜੀ ਦੀਆਂ ਜ਼ਿਆਦਾਤਰ ਰਚਨਾਵਾਂ ਸੰਗੀਤ ਦੇ ਸੁਰ ਤਾਲਾਂ ਵਿਚ ਰਚੀਆਂ ਸਨ। ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਇਹ ਸਾਰੀ ਵਿਵਸਥਾ ਗੁਰੂ ਗੱਦੀ ਦੇ ਨਾਲ-ਨਾਲ ਸਤਿਗੁਰੂਆਂ ਦੇ ਲਈ ਇਕ ਪ੍ਰੰਪਰਾ ਦੇ ਰੂਪ ਵਿਚ ਪ੍ਰਚਲਿਤ ਹੋ ਗਈ।

ਮਹਾਨ, ਉੱਜਵਲ, ਸ਼ਰਧਾਵਾਨ, ਸੂਰਜ ਸਮਾਨ ਤੇਜ਼ ਵਾਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਾਮਧਾਰੀ ਸੰਪਰਦਾਏ ਮੁਕਤੀਦਾਤਾ ਸ੍ਰੀ ਸਤਿਗੁਰੂ ਦੇ ਰੂਪ ਵਿਚ ਮੰਨਦੇ ਹਨ। ਆਪ ਜੀ ਦਾ ਜਨਮ ਭੈਣੀ ਸਾਹਿਬ ਵਿਚ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਵਿਚ ਹੋਇਆ। ਆਪਣੇ ਬਚਪਨ ਕਾਲ ਵਿਚ ਹੀ ਇਨ੍ਹਾਂ ਨੇ ਸੰਗੀਤ ਦਾ ਗਿਆਨ ਹਾਸਲ ਕੀਤਾ ਅਤੇ 9 ਸਾਲ ਦੀ ਉਮਰ ਵਿਚ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕਲੇ ਹੀ ਭੋਗ ਪਾਉਣ ਲਈ ਸੋਚ ਲਿਆ ਸੀ। ਬਚਪਨ ਤੋਂ ਹੀ ਇਹ ਸਵੇਰੇ ਦੋ ਵਜੇ ਉਠ ਕੇ ਇਸ਼ਨਾਨ ਕਰਕੇ 'ਆਸਾ ਦੀ ਵਾਰ' ਦੇ ਕੀਰਤਨ ਵਿਚ ਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰਕੇ ਉਹਨਾਂ ਦੇ ਪਿੱਛੇ ਬੈਠ ਜਾਂਦੇ ਸੀ। ਸ਼ਾਮ ਦੇ ਦੀਵਾਨ ਵਿਚ ਇਹ ਜੋਟੀਆਂ ਦੇ ਸ਼ਬਦ ਪੜ੍ਹਦੇ ਸਨ।

ਸੰਗੀਤ ਦੀ ਪ੍ਰੰਪਰਾ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪੂਰਵ ਸਤਿਗੁਰੂਆਂ ਦੀ ਤਰ੍ਹਾਂ ਹੀ ਪ੍ਰੇਮ ਪੂਰਵਕ ਹਾਸਲ ਕੀਤਾ। ਸੰਗੀਤ ਦੇ ਪ੍ਰਤੀ ਜ਼ਿਆਦਾ ਪਿਆਰ ਹੋਣ ਕਾਰਣ ਇਹਨਾਂ ਨੇ ਭਾਈ ਮਸਤਾਨ ਸਿੰਘ ਜੀ ਪਟਿਆਲਾ ਵਾਲੇ ਅਤੇ



Sri Satguru Jagjit Singh Ji eLibrary NamdhariElibrary@gmail.com

ਭਾਈ ਕਾਲੂ ਜੀ ਨਾਰੋਵਾਲ ਵਾਲਿਆਂ ਤੋਂ ਸੁਚੱਜੇ ਢੰਗ ਨਾਲ ਸੰਗੀਤ ਵਿਦਿਆ ਪ੍ਰਾਪਤ ਕੀਤੀ। ਦਿਲਰੁਬਾ ਇਹਨਾਂ ਦਾ ਹਰਮਨ ਪਿਆਰਾ ਸਾਜ ਰਿਹਾ ਹੈ। ਆਪਣੇ ਪਿਤਾ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਆਪ ਸੰਗੀਤਕਾਰਾਂ ਦੇ ਦੁਆਰਾ ਕੀਤੀਆਂ ਗਈਆਂ ਈਸ਼ਵਰ ਦੀਆਂ ਵੰਦਨਾਂ ਆਪ ਜੀ ਪ੍ਰਤੀ ਦਿਨ ਦੇ ਦੀਵਾਨਾਂ ਵਿਚ ਸੁਣਦੇ ਰਹਿੰਦੇ ਸੀ ਅਤੇ ਗੁਰੂਗੱਦੀ ਦੇ ਉਤੇ ਬਿਰਾਜਮਾਨ ਹੋਣ ਤੋਂ ਮਗਰੋਂ ਆਪ ਜੀ ਦੀ ਸੰਗੀਤਕ ਪ੍ਰਤੀਭਾ ਅਤੇ ਸੰਗੀਤ ਪ੍ਰੇਮ ਹੋਰ ਵੀ ਨਿੱਖਰ ਕੇ ਸਾਹਮਣੇ ਆਇਆ। ਕਈ ਕਲਾਕਾਰਾਂ ਨੂੰ ਆਪ ਜੀ ਨੇ ਸਨਮਾਨ ਪੂਰਵਕ ਆਪਣੇ ਦੀਵਾਨਾਂ ਵਿਚ ਸਥਾਨ ਦਿੱਤਾ ਤੇ ਕਈਆਂ ਨੂੰ ਭੈਣੀ ਸਾਹਿਬ ਵਿਖੇ ਬੁਲਵਾ ਕੇ ਆਦਰ ਸਾਹਿਤ ਉਹਨਾਂ ਤੋਂ ਬਾਣੀ ਨੂੰ ਸੁਣਿਆ। ਕਈ ਦਰਵੇਸ਼ ਕਲਾਕਾਰਾਂ ਨਾਲ ਆਪ ਜੀ ਦੇ ਬਹੁਤ ਚੰਗੇ ਨਜ਼ਦੀਕੀ ਸੰਬੰਧ ਸਨ ਜਿਸ ਤਰ੍ਹਾਂ ਕਿ ਪੰਡਿਤ ਵਿਸ਼ਨੂੰ ਦਿਗੰਬਰ ਪੁਲਸਕਰ ਜੀ ਨੂੰ ਬੁਲਾ ਕੇ ਜਾਂ ਉਹਨਾਂ ਦੇ ਕੋਲ ਜਾ ਕੇ ਆਪਣੀ ਸੰਗੀਤਕ ਪਿਆਸ ਨੂੰ ਸ਼ਾਂਤ ਕੀਤਾ। ਨਜ਼ਾਕਤ ਅਲੀ ਤੇ ਸਲਾਮਤ ਅਲੀ ਆਪਣੇ ਬਚਪਨ ਤੋਂ ਹੀ ਹਜ਼ੂਰ ਦੇ ਦਰਬਾਰ ਵਿਚ ਹਾਜ਼ਰੀ ਭਰਦੇ ਸਨ।

ਸਤਿਗੁਰੂ ਜੀ ਨੂੰ ਧਰੁਪਦ, ਧਮਾਰ ਪ੍ਰਤੀ ਅਥਾਹ ਰੁਚੀ ਸੀ। ਸਤਿਗੁਰੂ ਜੀ ਸਿਤਾਰ, ਸਾਰੰਦਾ ਅਤੇ ਦਿਲਰੁਬਾ ਨਾਮਕ ਤੰਤ੍ਰੂ ਸਾਜ ਬੜੀ ਕੁਸ਼ਲਤਾ ਨਾਲ ਵਜਾਉਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਤੰਤ੍ਰੂ ਵਾਦਨ ਤੋਂ ਇਲਾਵਾ ਪਖਾਵਜ ਵਾਦਨ ਵਿਚ ਵੀ ਬੜੀ ਕੁਸ਼ਲਤਾ ਰੱਖਦੇ ਸੀ। ਆਪ ਜੀ ਸਵੇਰੇ ਅੰਮ੍ਰਿਤ ਵੇਲੇ ਉਠ ਕੇ 'ਆਸਾ ਦੀ ਵਾਰ' ਦਾ ਕੀਰਤਨ ਕਰਦੇ ਸੀ ਜਿਸ ਵਿਚ ਸਮੇਂ ਅਨੁਸਾਰ ਸਾਰੇ ਰਾਗ ਅਲੱਗ ਅਲੱਗ ਸ਼ਬਦਾਂ ਵਿਚ ਅਲੱਗ-ਅਲੱਗ ਢੰਗ ਦੇ ਨਾਲ ਉਹਨਾਂ ਦਾ ਉਚਾਰਣ ਕਰਦੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਲਿਖਿਤ ਰਾਗਾਂ ਨੂੰ ਗਾਉਣ ਦਾ ਢੰਗ ਪੜਤਾਲ ਪੌੜੀ ਮਿਲਾ ਕੇ ਗਾਉਣਾ ਆਦਿ, ਵੱਲ ਸਤਿਗੁਰੂ ਜੀ ਦਾ ਆਪਣੇ ਸਮੇਂ ਵਿਚ ਵਿਸ਼ੇਸ਼ ਧਿਆਨ ਰਿਹਾ ਹੈ। ਆਪ ਜੀ ਕਠਿਨ ਤੋਂ ਕਠਿਨ ਵਿਲੰਮਬਿਤ ਲੈਅ ਦੇ ਵਿਚ ਆਸਾਨੀ ਨਾਲ ਲੈ ਬੱਧ ਹੋ ਕੇ ਗਾ ਲੈਂਦੇ ਸਨ। ਧਮਾਰ, ਤੀਨਤਾਲ, ਪੰਜਾਬੀ ਠੇਕਾ ਇਹ ਇਹਨਾਂ ਦੇ ਮਨ ਪਸੰਦ ਤਾਲ ਸਨ। ਪ੍ਰਸਿੱਧ ਗਾਇਕ ਸਿੰਘ ਬੰਧੂ, ਸਰਦਾਰ ਸੁਰਿੰਦਰ ਸਿੰਘ ਜੀ ਦੇ ਅਨੁਸਾਰ "ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਸੰਗੀਤਕ ਆਤਮਾ ਸਨ।" ਆਪ ਖੁਦ 'ਤਾਊਸ' ਵਜਾਉਂਦੇ ਸਨ ਤੇ ਆਪਣੇ ਸਿੱਖਾਂ ਨੂੰ ਕੀਰਤਨ ਮਰਿਯਾਦਾ ਦੇ ਵਿਚ ਉਹਨਾਂ ਦੀ ਅਗਵਾਈ ਕਰਦੇ ਸਨ। ਸਤਿਗੁਰੂ ਜੀ ਇਕ ਮਹਾਨ ਗਿਆਨੀ, ਸਰਪ੍ਰਸਤ ਤੇ ਪੰਜਾਬੀ ਸੰਗੀਤਕਾਰਾਂ ਦਾ ਇਕ ਕੇਂਦਰ ਬਿੰਦੂ ਬਣ ਗਏ ਸਨ।

ਸੰਗੀਤ ਵਿਚ ਸਤਿਗੁਰੂ ਜੀ ਦੀ ਰੁਚੀ ਇਸ ਹੱਦ ਤਕ ਸੀ ਕਿ ਉਹਨਾਂ ਨੂੰ ਜਿਥੇ ਤੇ ਜਦੋਂ ਵੀ, ਕੋਈ ਵੀ ਸੰਗੀਤਕਾਰ ਮਿਲ ਜਾਂਦਾ ਤਾਂ ਸਤਿਗੁਰੂ ਜੀ ਉਸ ਨਾਲ ਬੈਠ ਕੇ ਇਕਾਗਰਚਿਤ ਹੋ ਕੇ ਸੁਣਦੇ ਤੇ ਸਮਝਦੇ ਸੀ। ਪੰਜਾਬ ਦੇ ਕਿਸੇ ਵੀ ਸਾਧਾਰਣ ਤੋਂ ਸਾਧਾਰਣ ਸ਼ਬਦ ਕੀਰਤਨ ਵਾਲੇ ਤੋਂ ਪੁੱਛਿਆ ਜਾਵੇ ਤਾਂ ਉਹ ਆਪ ਜੀ ਦੀ ਗੁਣ ਗ੍ਰਹਿਣਤਾ ਤੋਂ ਬਲਿਹਾਰੀ ਹੋ ਜਾਂਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਚਾਰ ਅਨੁਸਾਰ ਜਿਹੜਾ ਮਨੁੱਖ ਸੰਗੀਤ ਵਿਦਿਆ



Sri Satguru Jagjit Singh Ji eLibrary NamdhariElibrary@gmail.com

ਤੋਂ ਅਣਭਿੱਜ ਹੈ ਉਹ ਜੀਵਨ ਦਾ ਸੱਚਾ ਸੁੱਖ ਅਨੁਭਵ ਨਹੀਂ ਕਰ ਸਕਦਾ। ਗੁਰੂਮੱਤ ਸੰਗੀਤ ਕਲਾ ਦੇ ਨਾਲ ਅਤੇ ਨਾਮ ਬਾਣੀ ਦੇ ਪ੍ਰਚਾਰ ਦੇ ਲਈ ਸਤਿਗੁਰੂ ਜੀ ਦੀ ਇਕ ਵਿਸ਼ੇਸ਼ ਲਗਨ ਸੀ, ਉਹਨਾਂ ਦੀ ਸਦਾ ਹੀ ਇਹ ਇੱਛਾ ਪ੍ਰਬਲ ਰਹੀ ਹੈ ਕਿ ਸਿੱਖਾਂ ਦੇ ਵਿਚ ਗੁਰੂ ਮੁੱਖਤਾ ਦਾ ਪ੍ਰਕਾਸ਼ ਜਗਦੀ ਜੋਤ ਦੀ ਤਰ੍ਹਾਂ ਪ੍ਰਜਵਲਿਤ ਹੁੰਦਾ ਰਹੇ।

## 1. ਗੁਰਮੱਤ ਸੰਗੀਤ

ਮੱਧ ਕਾਲ ਭਗਤੀ ਯੁੱਗ ਦੇ ਵਿਚ ਸੰਤ ਸੰਗੀਤਕਾਰਾਂ ਦੀਆਂ ਲੱਗ ਭੱਗ ਰਚਨਾਵਾਂ ਸੰਗੀਤਕ ਗੁਣਾਂ ਨਾਲ ਭਰਪੂਰ ਸੀ ਜਿਹਨਾਂ ਵਿਚ ਸਿੱਖ ਗੁਰੂਆਂ ਨੇ ਵਿਸ਼ੇਸ਼ ਰੂਪ ਵਿਚ ਸੰਗੀਤ ਕਲਾ ਨੂੰ ਮਹੱਤਵ ਦਿੱਤਾ ਤੇ ਆਪਣੀਆਂ ਰਚਨਾਵਾਂ ਨੂੰ ਰਾਗ ਬੱਧ ਕਰਕੇ ਗਾਉਣ ਦੀ ਇਕ ਅਜਿਹੀ ਸ਼ੈਲੀ ਨੂੰ ਜਨਮ ਦਿੱਤਾ ਜਿਸ ਨੂੰ ਅੱਜ ਅਸੀਂ 'ਗੁਰਬਾਣੀ ਸੰਗੀਤ' ਕਹਿੰਦੇ ਹਾਂ ਜਿਸ ਨੂੰ ਭਾਈ ਵੀਰ ਸਿੰਘ, ਡਾ. ਚਰਨ ਸਿੰਘ ਅਤੇ ਡਾ. ਬਲਬੀਰ ਸਿੰਘ ਜੀ ਨੇ 'ਗੁਰਮੱਤ ਸੰਗੀਤ' ਦਾ ਨਾਂ ਦਿੱਤਾ ਹੈ।

ਗੁਰਬਾਣੀ ਸਾਹਿਤ ਦੀ ਇਕ ਵੱਡੀ ਵਿਸ਼ੇਸਤਾ ਇਹ ਹੈ ਕਿ ਇਸ ਦਾ ਪੱਖ ਸੰਗੀਤਕ ਹੈ ਅਤੇ ਇਸ ਦਾ ਅੰਗ ਵੀ ਸੰਗੀਤਕ ਹੈ। ਪੰਜਾਬ ਦੇ ਸੰਤ ਕਵੀਆਂ ਨੂੰ ਸੰਗੀਤ ਦੇ ਨਾਲ ਇਕ ਵਿਸ਼ੇਸ਼ ਲਗਾਉ ਹੋਣ ਦੇ ਕਾਰਣ ਉਹਨਾਂ ਨੇ ਸੰਗੀਤ ਨੂੰ ਇਕ ਪੰਥਕ ਪ੍ਰਤਿਸ਼ਠਾ ਪ੍ਰਦਾਨ ਕੀਤੀ। ਸਾਰੇ ਗੁਰੂਆਂ ਨੇ ਬਾਣੀ ਦੀ ਰਚਨਾ ਨੂੰ ਰਾਗ ਬੱਧ ਕਰਕੇ ਆਪਣੇ ਦਰਬਾਰਾਂ ਵਿਚ ਕੀਰਤਨ ਦੀ ਇਸ ਪ੍ਰੰਪਰਾ ਨੂੰ ਪਹਿਲਾ ਸਥਾਨ ਦਿੱਤਾ। ਉਹਨਾਂ ਨੇ ਇਸ ਨੂੰ ਕੇਵਲ ਸਾਧਨ ਹੀ ਨਹੀਂ ਮੰਨਿਆ ਬਲਕਿ ਇਸ ਨੂੰ ਉੱਚਾ ਉਠਾ ਕੇ ਜੀਵਨ ਦਾ ਇਕ ਅੰਗ ਬਣਾਇਆ। ਕੀਰਤਨ ਨੂੰ ਗੁਰਬਾਣੀ ਦੇ ਵਿਚ ਅੰਮ੍ਰਿਤ ਮਹਾਂਰਸ ਅਤੇ ਮੁਕਤੀ ਦਾਇਕ ਕਿਹਾ ਗਿਆ ਹੈ।

ਗੁਰਮਤ ਸੰਗੀਤ ਦਾ ਆਧਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਰੱਬੀ ਬਾਣੀ ਦਾ ਰਾਗ-ਬੱਧ ਹੋਣਾ ਹੈ। ਗੁਰਮਤ ਸੰਗੀਤ ਵਿਚ ਅਕਾਲ ਪੁਰਖ ਦੇ ਪ੍ਰਤੀ ਪ੍ਰਸ਼ੰਸਾ ਦੇ ਬੋਲ ਉਸ ਨੂੰ ਆਪਣੇ ਸਾਹਮਣੇ ਸਮਝ ਕੇ ਤੇ ਮਹਿਸੂਸ ਕਰਕੇ ਰਾਗ ਵਿਚ ਗਾਉਣ ਦੀ ਕ੍ਰਿਆ ਨੂੰ ਕੀਰਤਨ ਕਿਹਾ ਜਾਂਦਾ ਹੈ ਅਤੇ ਬੋਲ (ਸ਼ਬਦ) ਗਾਏ ਜਾਂਦੇ ਹਨ। ਉਹਨਾਂ ਵਿਚ ਆਤਮਾ ਨੂੰ ਪ੍ਰਮਾਤਮਾ ਨਾਲ ਪਹੁੰਚਾ ਦੇਣ ਵਾਲੇ ਅਤੇ ਜੀਵਨ ਨੂੰ ਹਰ ਪਹਿਲੂ ਤੇ ਸੰਪੂਰਨ ਬਣਾ ਦੇਣ ਵਾਲੇ ਉਪਦੇਸ਼ ਗਾਉਣ ਅਤੇ ਸੁਣਨ ਵਾਲਿਆਂ ਨੂੰ ਪ੍ਰਾਪਤ ਹੋਣ ਵਾਲੇ ਗਾਇਨ ਵਿਧੀ ਨੂੰ ਕੀਰਤਨ ਕਿਹਾ ਜਾਂਦਾ ਹੈ। ਗੁਰੂ ਘਰ ਵਿਚ ਕੀਰਤਨ ਕਰਨਾ ਤੇ ਸੁਣਨਾ ਬਹੁਤ ਹੀ ਪ੍ਰਸ਼ੰਸਾ ਯੋਗ ਹੈ।

ਕੀਰਤਨ ਦੀ ਮਰਿਆਦਾ ਨੂੰ ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਤ ਕੀਤਾ ਤੇ ਉਹਨਾਂ ਤੋਂ ਮਗਰੋਂ ਸਾਰੇ ਗੁਰੂਆਂ ਨੇ ਇਸ ਮਰਿਆਦਾ ਅਨੁਸਾਰ ਹੀ ਜਗਤ ਜੀਵਾਂ ਨੂੰ ਪ੍ਰਭੂ ਭਗਤੀ ਦੀ ਇਕ ਰਾਹ ਦੱਸੀ ਅਤੇ ਵਾਹਿਗੁਰੂ ਦੀ ਪ੍ਰਾਪਤੀ ਦੇ ਲਈ ਸਿਮਰਨ ਤੇ ਭਗਤੀ ਦਾ ਸੁੰਦਦਾਇਕ, ਢੰਗ ਕੀਰਤਨ ਪ੍ਰਚਲਿਤ ਕੀਤਾ।

ਕੀਰਤਨ ਕਰਨ ਵਾਲੇ ਰਾਗੀ ਤੇ ਰਬਾਬੀ ਸੰਗੀਤ ਕਲਾ ਵਿਚ ਪਰਵੀਨ ਹੁੰਦੇ



Sri Satguru Jagjit Singh Ji eLibrary NamdhariElibrary@gmail.com

ਸਨ ਪਰ ਸਤਿਗੁਰੂ ਜੀ ਦੇ ਢੰਗ ਅਨੁਸਾਰ ਕੀਰਤਨ ਦੇ ਵਿਚ ਮੁੱਖ 'ਗੁਰੂ' ਸ਼ਬਦ ਨੂੰ ਹੀ ਪ੍ਰਮੁੱਖਤਾ ਦਿੰਦੇ ਸਨ ਗੁਰਬਾਣੀ ਦਾ ਗਾਇਨ ਰਾਗ ਰੀਤਾਂ ਦੇ ਵਿਚ ਕੀਤਾ ਜਾਂਦਾ ਸੀ ਜਿਨ੍ਹਾਂ ਦੇ ਵਿਚ ਗੁਰੂ ਸਾਹਿਬਾਨ ਆਪ ਜਾਂ ਉਹਨਾਂ ਦੇ ਦਰਬਾਰ ਵਿਚ ਕੀਰਤਨ ਕਰਨ ਵਾਲੇ ਰਬਾਬੀ ਤੇ ਰਾਗੀ ਕੀਰਤਨ ਕਰਦੇ ਸਨ।

ਪੰਜਾਬ ਦੇ ਆਧੁਨਿਕ ਕਾਲ ਦਾ ਸੰਗੀਤ ਗੁਰੂ ਸਾਹਿਬਾਨ ਦੀ ਦਾਤ ਹੈ। ਗੁਰੂ ਸਾਹਿਬਾਨ ਦੇ ਦਰਬਾਰੀ ਸੰਗੀਤ ਦਾ ਇਤਿਹਾਸ ਰੀਤਾਂ ਦੇ ਸੰਗ੍ਰਹਿ ਵਿਚ ਅੰਕਿਤ ਹੈ। ਇਹ ਨਿਸ਼ਚਿਤ ਹੈ, ਕਿ ਆਤਮਾ ਤਕ ਪਹੁੰਚ ਸਕਣ ਵਾਲੇ ਸੰਗੀਤ ਦਾ ਸਰੋਤ ਸ਼ਾਸਤਰੀ ਸੰਗੀਤ ਜਾਂ ਪੁਰਾਣੀਆਂ ਰੀਤਾਂ ਹੀ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਤੇ ਮਾਨਤਾ ਪ੍ਰਾਪਤ ਰਹੀ ਹੈ।

ਮਰਿਯਾਦਾ ਦੇ ਨਾਲ ਕੀਰਤਨ ਕਰਨ ਦਾ ਢੰਗ ਜਿਹੜਾ ਸਭ ਤੋਂ ਪਹਿਲਾਂ ਹੈ ਕਿ ਰਾਗੀ "ਸ਼ਾਨ" ਵਜਾਉਂਦੇ ਹਨ। ਸ਼ਾਨ ਜਿਸ ਰਾਗ ਦੇ ਵਿਚ ਬਾਣੀ ਦਾ ਗਾਇਨ ਕਰਨਾ ਹੋਵੇ ਉਸੇ ਰਾਜ ਨੂੰ ਤੰਤਰੀ ਸਾਜ਼ਾਂ ਵਿਚ ਵਜਾਉਣ ਦੀ ਕ੍ਰਿਆ ਨੂੰ 'ਸ਼ਾਨ' ਜਾਂ 'ਲਹਿਰਾ' ਕਹਿੰਦੇ ਹਨ। ਇਸ ਦੇ ਨਾਲ ਰਾਗ ਦਾ ਵਾਤਾਵਰਣ ਗਾਇਕ ਦੇ ਦਿਲ ਦਿਮਾਗ ਤੇ ਛਾ ਜਾਂਦਾ ਹੈ। ਇਹ ਪ੍ਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਹੀ ਚਲੀ ਆ ਰਹੀ ਹੈ।

## 2. ਮੰਗਲਾ ਚਰਨ

ਇਸ ਦੇ ਵਿਚ ਬੇਨਤੀ ਤੇ ਪ੍ਰਭੂ ਦੇ ਪ੍ਰਤੀ ਪ੍ਰਸੰਸਾ ਰਚਿਤ ਹੁੰਦੀ ਸੀ ਇਸ ਨੂੰ ਸ਼ਾਨ ਤੋਂ ਮਗਰੋਂ ਕਿਹਾ ਜਾਂਦਾ ਸੀ ਇਸ ਦੇ ਵਿਚ ਧਮਾਰ ਜਾਂ ਚਾਰ ਤਾਲ ਦਾ ਠੇਕਾ ਲਗਾ ਕੇ ਹੀ ਇਸ ਨੂੰ ਕੀਤਾ ਜਾਂਦਾ ਸੀ।

## 3. ਧਰੁਪਦ ਜਾਂ ਕਿਸੇ ਵੱਡੇ ਤਾਲ ਵਿਚ ਰੀਤ ਗਾਉਣਾ :

ਮੰਗਲਾ ਚਰਨ ਤੋਂ ਬਾਅਦ ਕੋਈ ਪੜਤਾਲ ਜਾਂ ਕਿਸੇ ਵੀ ਵੱਡੇ ਤਾਲ ਵਿਚ ਰੀਤ ਜਾਂ ਧਰੁਪਦ ਗਾਇਆ ਜਾਂਦਾ ਸੀ। ਧਰੁਪਦ ਨੂੰ ਚਾਰ ਹਿੱਸਿਆਂ ਵਿਚ ਗਾਉਂਦੇ ਸੀ ਜੋੜੀ ਵਾਲੇ (ਤਬਲਾ) ਜਾਂ ਪਖ਼ਾਵਜ ਸੰਗਤਕਾਰ ਰਾਤ ਜਾਂ ਸੰਗਤ ਖੁੱਲੇ ਹੱਥਾਂ ਨਾਲ ਬੋਲ ਵਜਾ ਕੇ ਕੁਝ ਲੜਾਂ, ਪਰਨਾਂ ਆਦਿ ਵਜਾਉਂਦੇ ਸਨ। ਬਰਾਬਰ, ਦੁਗੁਣ, ਤਿਗੁਣ, ਚੋਗੁਣ, ਆੜ, ਕੁਆੜ ਲੈਅ ਨੂੰ ਬਦਲਣਾ ਤੇ ਆਖਰ ਵਿਚ ਬਹੁਤ ਹੀ ਨਵੇਕਲੇ ਢੰਗ ਨਾਲ ਤਿਹਾਈ ਜਾਂ ਤੋੜਾ ਵਜਾਉਂਦੇ ਸਨ।

4. ਧਰੁਪਦ ਤੋਂ ਬਾਅਦ ਕੋਈ ਆਸਾਨ ਸਰਲ ਜਿਹੀ ਰੀਤ ਤੀਨ ਤਾਲ ਆਦਿ ਦੇ ਵਿਚ ਗਾਈ ਜਾਂਦੀ ਸੀ ਤੇ ਵਿਚ ਵਿਚ ਜ਼ਰੂਰਤ ਅਨੁਸਾਰ ਕਿਸੇ ਸਾਖੀ ਆਦਿ ਦੀ ਵਿਆਖਿਆ ਵੀ ਉਸੇ ਰਾਗ ਦੇ ਵਿਚ ਅਲਾਪ ਦੇ ਨਾਲ ਕਰਦੇ ਸਨ ਤਾਂ ਕਿ ਸਰੋਤਿਆਂ ਦਾ ਧਿਆਨ ਗੁਰੂ ਸ਼ਬਦ ਦੇ ਨਾਲ ਜੁੜਿਆ ਰਹੇ।

5. ਆਖਰ ਵਿਚ ਉਸੇ ਰਾਗ ਦੀ ਪੌੜੀ ਗਾ ਕੇ ਕੀਰਤਨ ਦੀ ਸਮਾਪਤੀ ਕੀਤੀ



Sri Satguru Jagjit Singh Ji eLibrary NamdhariElibrary@gmail.com

ਜਾਂਦੀ ਸੀ ਕੀਰਤਨ ਦੇ ਸਮੇਂ ਰਾਗੀ ਲੈਅ ਬੱਧ ਰੀਤਾਂ ਨੂੰ ਹੀ ਜ਼ਿਆਦਾਤਰ ਗਾਉਂਦੇ ਸਨ ।

ਸੱਚ ਤਾਂ ਇਹ ਹੈ ਕਿ ਕੀਰਤਨ ਦੀ ਪੁਰਾਤਨ ਮਰਿਆਦਾ ਜੇ ਕਿਤੇ ਪਾਈ ਜਾਂਦੀ ਹੈ ਤੇ ਉਹ ਹੈ :

"ਨਾਮਧਾਰੀ ਸਿੱਖ ਸਮਾਜ" ਵਿਚ । ਨਾਮਧਾਰੀ ਸਮਾਜ ਦੇ ਵਿਚ ਗੁਰੂ ਰਾਮ ਸਿੰਘ ਜੀ ਨੇ ਸਿੱਖ ਗੁਰੂਆਂ ਵਾਲੀ ਆਨਸ਼ਾਨ ਨੂੰ ਸਥਾਪਿਤ ਕੀਤਾ ਜਿਸ ਦਾ ਇਕ ਜ਼ਰੂਰੀ ਅੰਗ ਸੀ ਸੰਗੀਤ ਅਥਵਾ ਕੀਰਤਨ । ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਦੇ ਵਿਚ ਦੋਨੋਂ ਸਮੇਂ ਦਾ ਦੀਵਾਨ ਲਗਦਾ ਸੀ ਜਿਸ ਵਿਚ ਕੀਰਤਨ ਮਰਿਆਦਾ ਨਾਲ ਹੁੰਦਾ ਸੀ ਉਹਨਾਂ ਦੇ ਸਾਹਮਣੇ ਤੇ ਨਾਲ ਕਈ ਕਈ ਜੋੜੀਆਂ ਰਾਗੀਆਂ ਨਾਲ ਹੁੰਦੀਆਂ ਸਨ ਜੋ "ਤਾਊਸ" ਵਜਾਉਂਦੇ ਸਨ ਤੇ ਸ਼ਬਦ ਪੜ੍ਹਦੇ ਸਨ ।

## ਗੁਰਮਤ ਸੰਗੀਤ ਅਤੇ ਸੰਗੀਤ ਪ੍ਰੰਪਰਾ ਨੂੰ ਸੰਭਾਲਣ ਦੇ ਉਪਰਾਲੇ ਤੇ ਯਤਨ :

ਸਮੇਂ ਅਨੁਸਾਰ ਪੁਰਾਣੀਆਂ ਬੰਦਿਸ਼ਾਂ, ਸ਼ਬਦ ਰੀਤਾਂ, ਪੁਰਾਤਨ ਕੀਤਰਨੀਆਂ ਦੇ ਨਾਲ ਹੀ ਅਲੋਪ ਹੁੰਦੀਆਂ ਦੇਖ ਕੇ ਇਸ ਅਮੋਲਕ ਖਜ਼ਾਨੇ ਦੇ ਗੁੰਮ ਹੋ ਜਾਣ ਦਾ ਡਰ ਗੁਰੂ ਸਿੱਖ ਪਵਿੱਤਰ ਆਤਮਾਵਾਂ ਨੇ ਮਹਿਸੂਸ ਕੀਤਾ ਤੇ ਉਨ੍ਹਾਂ ਨੇ ਇਸ ਖਜ਼ਾਨੇ ਨੂੰ ਸੰਭਾਲਣ ਦੀ ਕੋਸ਼ਿਸ ਕੀਤੀ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੰਗੀਤ ਨਾਲ ਵੀ ਡਾਢਾ ਲਗਾਉ ਸੀ । ਗੁਰੂ ਘਰ ਵਿਚ ਰਾਗੀਆਂ ਰਬਾਬੀਆਂ ਤੋਂ ਚਲੀ ਆ ਰਹੀ ਕੀਰਤਨ ਪ੍ਰਥਾ ਦੀ ਹਾਨੀ ਹੁੰਦੀ ਦੇਖ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਸੰਪਰਦਾਏ ਦੇ ਪ੍ਰਸਿੱਧ ਵਿਦਵਾਨ ਭਾਈ ਤਾਬ੍ਹਾ ਜੀ ਅਤੇ ਭਾਈ ਨਸੀਰ ਜੀ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਹੁਤ ਵਾਰੀ ਕਈ ਹੋਰ ਰਬਾਬੀਆਂ ਨੂੰ ਵੀ ਅੰਮ੍ਰਿਤਸਰੋਂ ਬੁਲਵਾ ਕੇ ਉਹਨਾਂ ਪਾਸੋਂ ਪੁਰਾਤਨ ਰੀਤਾਂ ਚੌਕੀਆਂ ਦੇ ਢੰਗ ਅਤੇ ਗੁਰਬਾਣੀ ਦੇ ਕਈ ਸ਼ਬਦ ਸੁਣਦੇ ਰਹਿੰਦੇ ਸੀ । ਆਪ ਨੇ ਆਪਣੇ ਦੋਹਾਂ ਸਾਹਿਬ-ਜਾਦਿਆਂ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜਾ ਬੀਰ ਸਿੰਘ ਜੀ ਨੂੰ ਸ਼ਾਸਤ੍ਰੀ ਅਤੇ ਸ਼ਬਦ ਗਾਇਨ ਦੀਆਂ ਪੁਰਾਤਨ ਰੀਤਾਂ ਦਾ ਵਿਰਸਾ ਪ੍ਰਾਪਤ ਕਰਨ ਲਈ (ਅੱਜ ਕੱਲ) ਪਾਕਿਸਤਾਨ ਵਿਚ ਕਈ ਰਾਗੀਆਂ ਰਬਾਬੀਆਂ ਦੀ ਮਦਦ ਵੀ ਲਈ । ਮਹਾਰਾਜ ਬੀਰ ਸਿੰਘ ਜੀ ਨੂੰ ਵਿਸ਼ੇਸ਼ ਕਰਕੇ ਪੰਜਾਬੀ ਅੰਗ ਦੇ ਤਬਲੇ ਦੀ ਸਿਖਿਆ ਭਾਈ ਕਾਦਰ ਬਖ਼ਸ਼ ਤੋਂ ਦਿਵਾਈ ।

ਵਿਦਿਆਰਥੀਆਂ ਨੂੰ ਗੁਰਮਤ ਸੰਗੀਤ ਦੀ ਸਿਖਿਆ ਦਿਵਾਉਣ ਵਾਸਤੇ ਆਪ ਜੀ ਨੇ ਵਿਸ਼ੇਸ਼ ਧਿਆਨ ਦਿਤਾ ਅਤੇ ਭੈਣੀ ਸਾਹਿਬ ਵਿਖੇ ਆਪਣਾ ਇਕ ਵਿਦਿਆਲਾ ਵੀ ਜਾਰੀ ਕੀਤਾ । ਸਿੱਖਾਂ ਵਿਚ ਸੰਗੀਤਕ ਰੁਚੀ ਪੈਦਾ ਕਰਨ ਅਤੇ ਗਿਆਨ ਦੇਣ ਲਈ ਸੰਗੀਤਾਚਾਰੀਆ ਭਾਈ ਸ੍ਰੀ ਹਰਨਾਮ ਸਿੰਘ ਜੀ ਚਾਵਿੰਡ ਵਾਲੇ ਨੂੰ ਸਰਵ ਪ੍ਰਥਮ ਅਧਿਆਪਕ ਦੇ ਤੌਰ ਤੇ ਨਿਯੁਕਤ ਕੀਤਾ । ਜਿਨ੍ਹਾਂ ਦੇ ਨਾਲ ਇਸ ਵਿਦਿਆਲੇ ਵਿਚ



Sri Satguru Jagjit Singh Ji eLibrary NamdhariElibrary@gmail.com

ਉਸਤਾਦ ਉਦੋਂ ਖਾਂ ਕੁਝ ਦੇਰ ਉਹਨਾਂ ਦੇ ਪੁੱਤਰ ਰਹੀਮ ਬਖਸ਼ ਭਾਈ ਤਾਬ੍ਹਾਂ, ਭਾਈ ਨਸੀਰ ਜੀ ਆਦਿ ਬੱਚਿਆਂ ਦੇ ਗਲੇ ਸੁਰ ਕਰਕੇ ਸੰਗੀਤ ਦੀ ਝਰਨਾਹਟ ਛੇੜ ਦਿੰਦੇ ਸਨ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਪ੍ਰਸਿੱਧ ਰਾਗੀਆਂ ਦੇ ਸੰਗੀਤਕਾਰਾਂ ਨੂੰ ਬੁਲਾਉਂਦੇ, ਰਾਗ ਸੁਣਦੇ ਤੇ ਬੱਚਿਆਂ ਨੂੰ ਸੰਗੀਤ ਦੀ ਸਿਖਿਆ ਦਿਵਾਉਂਦੇ ਸਨ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗੀਤ ਵਿਦਿਆਰਥੀਆਂ ਨੂੰ ਜੋ ਸਿਖਿਆ ਦਿਵਾਈ ਉਸ ਦੀ ਆਪ ਸਮੇਂ ਸਮੇਂ ਪ੍ਰੀਖਿਆ ਲੈਂਦੇ ਰਹਿੰਦੇ ਸਨ । ਹਰ ਤਿੰਨ ਮਹੀਨੇ ਬਾਅਦ ਬੱਚਿਆਂ ਦੀਆਂ ਪ੍ਰੀਖਿਆਵਾਂ ਉਸਤਾਦਾਂ ਕੋਲ ਹੁੰਦੀਆਂ ਸਨ । ਹਰ ਇਕ ਸਾਲ ਬਾਅਦ ਸਤਿਗੁਰੂ ਜੀ ਆਪ ਪ੍ਰੀਖਿਆ ਲੈਂਦੇ ਸੀ । ਸ੍ਰੀ ਸਤਿਗੁਰੂ ਜੀ ਨੇ ਪ੍ਰੀਖਿਆ ਲੈਣ ਵਾਸਤੇ ਚਾਰ ਨਿਯਮ ਰੱਖੇ ਸਨ : (1) ਸੁਰ (2) ਤਾਲ (3) ਸ਼ਬਦ (4) ਲੈਆ । ਪ੍ਰੀਖਿਆ ਦੇਣ ਵਾਲੇ ਹਰ ਵਿਦਿਆਰਥੀ ਨੂੰ ਇਹਨਾਂ ਚਾਰ ਨਿਯਮਾਂ ਵਿਚ ਵੱਧ ਤੋਂ ਵੱਧ ਨੰਬਰ ਲੈਣ ਨਾਲ ਉਹ ਵੱਧ-ਯੋਗ ਮੰਨਿਆ ਜਾਂਦਾ ਸੀ । ਪਹਿਲੀ ਪ੍ਰੀਖਿਆ ਵੇਲੇ ਇਕੱਲੇ ਵਿਦਿਆਰਥੀ ਕੋਲੋਂ ਇਕਾਂਤ ਵਿਚ ਕੇਵਲ ਜੋੜੀ ਵਾਲੇ ਦੀ ਸੰਗਤ ਨਾਲ ਪ੍ਰੀਖਿਆ ਲਈ ਜਾਂਦੀ ਸੀ । ਬਾਅਦ ਵਿਚ ਸ੍ਰੀ ਸਤਿਗੁਰੂ ਜੀ ਨੇ ਸਾਰੇ ਵਿਦਿਆਰਥੀਆਂ ਨੂੰ ਕੋਲ ਬਿਠਾ ਕੇ ਪ੍ਰੀਖਿਆ ਲੈਣੀ ਸ਼ੁਰੂ ਕੀਤੀ ਅਤੇ ਕੋਲ ਬੈਠੇ ਵਿਦਿਆਰਥੀਆਂ ਨੂੰ ਵੀ ਨੰਬਰ ਲੈਣ ਵਾਸਤੇ ਪਰਚੇ ਦੇ ਦਿਤੇ ਜਾਂਦੇ ਸੀ ਤਾਂ ਕਿ ਉਹਨਾਂ ਦੀ ਇਕ ਯੋਗਤਾ ਦਾ ਪਤਾ ਵੀ ਲੱਗ ਸਕੇ । ਇਮਤਿਹਾਨ ਦੇਣ ਵਾਲੇ ਨੂੰ ਸੁਰ, ਤਾਲ, ਸ਼ਬਦ ਅਤੇ ਲੈਅ ਵਿਚ ਉਹ ਕਿੰਨੇ ਕਿੰਨੇ ਨੰਬਰ ਦਿੰਦੇ ਹਨ ਲੈਅ ਦੀ ਪ੍ਰੀਖਿਆ ਨਾਲ ਕੀਤੀ ਜਾਂਦੀ ਸੀ ।

ਸ੍ਰੀ ਭੈਣੀ ਸਾਹਿਬ ਸ਼ੁਰੂ ਤੋਂ ਹੀ ਗੁਰਮਤ ਸੰਗੀਤ ਦਾ ਕੇਂਦਰ ਰਿਹਾ ਹੈ । ਅਨੇਕਾਂ ਸੰਗੀਤ ਸਮਾਗਮ ਇਸ ਧਰਤੀ ਤੇ ਹੋ ਚੁੱਕੇ ਹਨ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਮਸ਼ਹੂਰ ਹਜ਼ੂਰੀ ਰਬਾਬੀ ਕੀਰਤਨੀਏ ਭਾਈ ਲਾਲ, ਭਾਈ ਸੁੰਦਰ, ਭਾਈ ਸੰਦਲ, ਭਾਈ ਮੈਂਡੂ ਪ੍ਰੰਪਰਾ ਨਾਲ ਕੀਰਤਨ ਕਰਦੇ ਸਨ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੰਮ੍ਰਿਤਸਰੀ ਰਬਾਬੀਆਂ ਭਾਈ ਤਾਬ੍ਹਾ, ਭਾਈ ਇਕਾਇਤ, ਭਾਈ ਦੋਸਾ ਆਦਿ ਨੂੰ ਕਈ ਵਾਰ ਉਹਨਾਂ ਪਾਸੋਂ ਕਈ ਪੁਰਾਣੀਆਂ ਰੀਤਾਂ ਸੁਣ ਕੇ ਉਹਨਾ ਨੂੰ ਸੰਭਾਲਣ ਦਾ ਯਤਨ ਵੀ ਕੀਤਾ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1933 ਈ. (1990 ਬਿ:) ਅੱਸੂ ਦੇ ਮਹੀਨੇ ਸ੍ਰੀ ਭੈਣੀ ਸਾਹਿਬ ਵਿਚ ਗੁਰਮਤ ਸੰਗੀਤ ਸੰਮੇਲਨ ਕਰਵਾਇਆ । ਜਿਸ ਵਿਚ ਇਨਾਮੀ ਪ੍ਰਤੀਯੋਗਤਾ ਵੀ ਕਰਵਾਈ ਗਈ । ਪ੍ਰਤੀਯੋਗਤਾ ਦੇ ਨਿਯਮ ਸਨ, ਕਿ ਜਿਸ ਰਾਗ ਵਿਚ ਬਾਣੀ ਉਚਾਰੀ ਗਈ ਹੈ ਉਸੇ ਰਾਗ ਵਿਚ ਹੀ ਗਾਈ ਜਾਏ ਦੂਸਰਾ ਤੰਤੂ ਸਾਜਾਂ ਦੀ ਹੀ ਵਰਤੋਂ ਹੋਵੇਗੀ । ਇਸ ਪ੍ਰਤੀਯੋਗਤਾ ਦੇ ਜੱਜ ਸਨ : ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ, ਸ: ਮੁਕੰਦ ਸਿੰਘ, ਅੰਬਾਲਾ, ਸੰਤ ਹੀਰਾ ਸਿੰਘ ਜੀ ਅਤੇ ਬਾਬਾ ਨਿਹਾਲ ਸਿੰਘ ਜੀ । ਭਾਈ ਮਲੰਗ ਤੇ ਭਾਈ ਨਸੀਰ ਜੀ ਇਸ ਸੰਮੇਲਨ ਦੇ ਪਖੋਜੀ ਸਨ । ਪਹਿਲਾ ਇਨਾਮ ਭਾਈ ਹਰਨਾਮ ਸਿੰਘ ਠੱਠਾ ਜ਼ਿਲਾ ਫਿਰੋਜ਼ਪੁਰ ਵਾਲੇ, ਦੂਸਰਾ ਇਨਾਮ ਭਾਈ ਲਾਲ ਜੀ ਰਬਾਬੀ ਸ੍ਰੀ ਅੰਮ੍ਰਿਤਸਰ, ਤੀਜਾ ਇਨਾਮ ਭਾਈ ਸੁੰਮਦ ਸਿੰਘ ਜੀ ਰਾਗੀ ਨਨਕਾਣਾ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਦੇ ਹਿੱਸੇ ਆਇਆ। ਹੋਰ ਆਏ ਰਾਗੀਆਂ ਨੂੰ ਨਕਦ ਇਨਾਮ ਤੇ ਸਰੋਪੇ ਦਿੱਤੇ ਗਏ।

ਅਨੇਕਾਂ ਪੱਖ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਨੁੱਖੀ ਸ਼ਖ਼ਸੀਅਤ ਦੇ ਅੰਗ ਰਹੇ ਹਨ। ਇਨ੍ਹਾਂ ਵਿਚੋਂ ਇਕ ਅੰਗ ਸੰਗੀਤ ਦਾ ਹੈ ਜਿਸ ਦੇ ਆਪ ਮਹਾਂ ਵਿਦਵਾਨ ਤੇ ਕਦਰਦਾਨ ਸਨ। ਉਨ੍ਹਾਂ ਨੇ ਗੁਰੂ ਘਰ ਦੀ ਪੁਰਾਤਨ ਕੀਰਤਨ ਸ਼ੈਲੀ ਨੂੰ ਵੀ ਸੰਭਾਲੀ ਰਖਿਆ ਤੇ ਪ੍ਰਚਾਰ ਕੀਤਾ। ਨਾਲ ਹੀ ਸ਼ਾਸਤਰੀ ਸੰਗੀਤ ਦੀਆਂ ਨਵੀਨ ਸ਼ੈਲੀਆਂ ਦਾ ਵੀ ਸਤਿਕਾਰ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦੇ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀ ਪੁਰਾਤਨ ਰੀਤਾਂ ਦਾ ਇਕ ਬਹੁਤ ਵੱਡਾ ਖ਼ਜ਼ਾਨਾ ਹੈ। ਹੋਲਾ ਮਹੱਲਾ 1985 ਦਿੱਲੀ ਵਿਚ, ਮਹਾਰਾਜ ਬੀਰ ਸਿੰਘ ਜੀ ਦੀ ਨਿਗਰਾਨੀ ਦੇ ਵਿਚ ਮਨਾਇਆ ਗਿਆ ਉਸ ਜਗ੍ਹਾ ਤੇ ਆਸਾ ਦੀ ਵਾਰ ਦੇ ਕੀਰਤਨ ਦੇ ਵਿਚ ਰਾਗੀ ਜੱਥਿਆਂ ਵੱਲੋਂ ਮਰਿਆਦਾ ਵਿਚ ਕੀਰਤਨ ਕਰਨ ਤੇ ਉਹਨਾਂ ਵੱਲੋਂ ਵਜਾਈ ਗਈ ਸ਼ਾਨ ਦਾ ਇਕ ਨਮੂਨਾ ਸੁਣਾ ਰਹੇ ਹਾਂ ਜਿਸ ਵਿਚ ਸੰਤ ਖ਼ਜ਼ਾਨ ਸਿੰਘ, ਬਲਜੀਤ ਸਿੰਘ, ਸੰਤ ਦਰਸ਼ਨ ਸਿੰਘ ਜੀ ਦੇ ਸਪੁੱਤਰ ਹਰਬੰਸ ਸਿੰਘ ਜੀ ਘੁਲਾ, ਸ: ਗੁਰਦੇਵ ਸਿੰਘ ਜੀ ਤੇ ਉਨ੍ਹਾਂ ਦੇ ਭਾਈ ਹਰਭਜਨ ਸਿੰਘ ਜੀ ਸੁਖਵਿੰਦਰ ਸਿੰਘ ਜੀ ਇਤਿਆਦਿ। ਇਸ ਜੱਥੇ ਨੇ ਪਹਿਲਾਂ ਸ਼ਾਨ ਨੂੰ ਵਜਾਇਆ। ਮੰਗਲਾਚਰਨ ਦੇ ਵਿਚ ਡੰਡੌਤ ਬੰਦਨ ਕੀਤੀ। ਡੰਡੌਤ ਬੰਦਨ ਤੋਂ ਬਾਅਦ ਸ਼ਕਾ ਪੜ੍ਹਿਆ। ਸ਼ਕਾ ਪੜ੍ਹਨ ਤੋਂ ਬਾਅਦ ਸਲੋਕ ਦਾ ਉਚਾਰਨ ਕੀਤਾ। ਬਾਅਦ ਫਿਰ ਪੌੜੀ ਪੜ੍ਹੀ ਤੇ ਫਿਰ ਸ਼ਬਦ ਕਿਹਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੀ ਅਪਾਰ ਕ੍ਰਿਪਾ ਦੇ ਨਾਲ ਸ਼ਾਸਤਰੀ ਗੁਰਮਤ ਸੰਗੀਤ ਦੇ ਅਨੁਸਾਰ ਨਾਮਧਾਰੀ ਬੱਚਿਆਂ ਨੇ 400 ਸਾਲਾ ਸਥਾਪਨਾ ਸਮਾਰੋਹ ਦੇ ਵਿਚ ਕੀਰਤਨ ਕੀਤਾ ਜਿਹੜਾ ਕਿ ਸੰਗੀਤ ਵਿਦਵਾਨਾਂ ਦੇ ਦੁਆਰਾ ਬਹੁਤ ਹੀ ਪ੍ਰਸੰਸਾ ਯੋਗ ਰਿਹਾ। ਇਹ ਸਭ ਕੁਝ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਭਾਲ ਦੇ ਸਦਕਾ ਹੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਭਾਲ ਸਦਕਾ ਅੱਜ ਬਾਣੀ ਦੇ ਕੁਝ ਰਾਗ ਆਸਾ, ਮਾਂਝ, ਸੂਹੀ, ਵਡਹੰਸ ਆਦਿ ਗਰਮ ਦੀ ਗਾਇਕੀ ਜਿਹੜੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦੇ ਅੰਮ੍ਰਿਤਸਰ ਦੇ ਰਬਾਬੀਆਂ ਤੋਂ ਸਿੱਖੀ ਸੀ ਉਹ ਅੱਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਦੇ ਵਿਚ ਸੁਣੀ ਜਾ ਸਕਦੀ ਹੈ। ਪੁਰਾਣੀਆਂ ਰੀਤਾਂ, ਛੰਦ, ਪੜਤਾਲਾਂ, ਅਲਾਹੁਣੀਆਂ, ਵਾਰਾਂ ਆਦਿ ਦੀਆਂ ਅਨੇਕਾਂ ਧੁਨਾਂ ਅੱਜ ਵੀ ਨਾਮਧਾਰੀ ਕੇਂਦਰ ਵਿਚ ਸੁਣੀਆਂ ਜਾ ਸਕਦੀਆਂ ਹਨ। ਜਿਹੜੀਆਂ ਕਿ ਸਤਿਗੁਰੂ ਜੀ ਦੇ ਸਮੇਂ ਵਿਚ ਹੀ ਇਹਨਾਂ ਸਭ ਦੀ ਸੰਭਾਲ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦੁਆਰਾ ਕੀਤੀ ਗਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਰਾਗੀ ਤੇ ਹਜ਼ੂਰੀ ਸੇਵਕਾਂ ਦਾ ਵਰਨਣ ਇਸ ਪ੍ਰਕਾਰ ਹੈ। ਸੰਤ ਖ਼ਜ਼ਾਨ ਸਿੰਘ ਰਾਗੀ, ਸੰਤ ਪ੍ਰੀਤਮ ਸਿੰਘ ਵਾਰੇ ਵਾਲੇ, ਪ੍ਰਸਿੱਧ ਵਿਦਵਾਨ ਸੰਤ ਨਿਧਾਨ ਸਿੰਘ ਆਲਮ, ਪੰਡਿਤ ਗੋਪਾਲ ਸਿੰਘ ਜੀ, ਸੂਬਾ ਦਸੌਂਦਾ ਸਿੰਘ, ਸੰਤ ਪੂਰਨ ਸਿੰਘ ਜੀ ਪਧਾਨਾ, ਗਿਆਨੀ ਗਿਆਨ ਸਿੰਘ ਢੋਲਕ ਵਾਲੇ, ਸੰਤ



Sri Satguru Jagjit Singh Ji eLibrary NamdhariElibrary@gmail.com

ਦਿਆਲ ਸਿੰਘ ਲੋਹਾਰਾ ਵਾਲੇ, ਸੰਤ ਅਜੀਤ ਸਿੰਘ, ਸੰਤ ਦਰਸ਼ਨ ਸਿੰਘ ਰਾਗੀ, ਸੰਤ ਗਿਆਨ ਸਿੰਘ ਜੀ, ਸੰਤ ਸੇਵਾ ਸਿੰਘ ਜੀ ਅਤੇ ਸੰਤ ਮੋਹਨ ਸਿੰਘ ਜੀ ਸਨ । ਇਨ੍ਹਾਂ ਵਿਚੋਂ ਸ਼ਾਸਤਰੀ ਕੀਰਤਨ ਵਿਚ ਸੰਤ ਦਰਸ਼ਨ ਸਿੰਘ, ਖ਼ਜ਼ਾਨ ਸਿੰਘ ਦਾ ਜੱਥਾ ਬਹੁਤ ਰਸਾਤਮਿਕ ਤੇ ਪ੍ਰਭਾਵਿਤ ਹੁੰਦਾ ਸੀ । ਇਹ ਜਦੋਂ ਪਹਾੜੀ ਰਾਗ ਦੇ ਵਿਚ ਗਾਉਂਦੇ ਸੀ ਤੇ ਮਸਤਾਨੇ ਘੁੰਮ ਘੁੰਮ ਕੇ ਨੱਸਣਾ ਸ਼ੁਰੂ ਕਰ ਦਿੰਦੇ ਸੀ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਨੂੰ ਤੰਤਰੀ ਸਾਜਾਂ ਨਾਲ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ । ਮਹਾਰਾਜ ਬੀਰ ਸਿੰਘ ਜੀ ਧ੍ਰੁਰੱਪਦ ਵਾਲੀ ਗਾਇਨ ਸ਼ੈਲੀ ਅਤੇ ਪਖਾਵਜ ਵਾਦਨ ਦੀ ਸ਼ੈਲੀ ਨੂੰ ਪ੍ਰਾਚੀਨ ਸ਼ੁੱਧ ਰੂਪ ਦੇ ਵਿਚ ਸੰਭਾਲੇ ਬੈਠੇ ਹੋਏ ਹਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਗੁਰਮਤ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀ ਮਰਿਆਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਨਾਮਧਾਰੀ ਦਰਬਾਰ ਵਿਚ ਪੂਰੀ ਤਰ੍ਹਾਂ ਕਾਇਮ ਰੱਖੀ ਹੋਈ ਹੈ । ਸਤਿਗੁਰੂ ਜਗਜੀਤ ਸਿੰਘ ਜੀ ਇਸ ਮਰਿਆਦਾ ਅਨੁਸਾਰ ਗਾਇਨ ਅਤੇ ਵਾਦਨ ਬਹੁਤ ਹੀ ਸੁੰਦਰ ਢੰਗ ਨਾਲ ਕਰਦੇ ਹਨ ਅਤੇ ਆਪ ਜੀ ਦੀ ਕ੍ਰਿਪਾ ਨਾਲ ਕਈ ਸੰਗੀਤ ਵਿਦਿਆਰਥੀ ਇਸ ਪ੍ਰੰਪਰਾ ਤੋਂ ਸਿਖਿਆ ਲੈ ਰਹੇ ਹਨ । ਭਾਵੇਂ ਇਹ ਪ੍ਰੰਪਰਾ ਆਪਣੇ ਮੂਲ ਸਥਾਨ ਤੋਂ ਅਸਤ ਵਿਅਸਤ ਹੋ ਚੁੱਕੀ ਹੈ ਪਰ ਸਤਿਗੁਰੂ ਜੀ ਦੇ ਦਰਬਾਰ ਵਿਚ ਜਿਉਂ ਦੀ ਤਿਉਂ ਹੈ ।



Sri Satguru Jagjit Singh Ji eLibrary NamdhariElibrary@gmail.com

# ਗੁਰਬਾਣੀ ਵਿਚ ਗੁਰੂ ਦਾ ਸੰਕਲਪ, ਸਿੱਖ ਰਹਿਤ ਮਰਯਾਦਾ ਤੇ ਨਾਮਧਾਰੀ ਸਮਾਜ ਵਲੋਂ ਇਸ ਦੀ ਸੇਵਾ ਸੰਭਾਲ

—ਕਿਰਪਾਲ ਸਿੰਘ 'ਕਸੇਲ'

## ਅਰੰਭਕ ਵਿਚਾਰ

ਪਰਮ ਪੂਜ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਾਵਨ ਪਰਥਮ ਸ਼ਤਾਬਦੀ ਵਰਸ਼ ਦੇ ਸ਼ੁਭ ਅਵਸਰ ਉਤੇ ਮੇਰਾ ਇਹ ਨਿਬੰਧ ''ਗੁਰਬਾਣੀ ਵਿਚ ਗੁਰੂ ਦਾ ਸੰਕਲਪ, ਸਿੱਖ ਰਹਿਤ ਮਰਯਾਦਾ ਤੇ ਨਾਮਧਾਰੀ ਸਮਾਜ ਵੱਲੋਂ ਇਸ ਦੀ ਸੇਵਾ ਸੰਭਾਲ'' ਦੇ ਵਿਸ਼ੇ ਉਤੇ ਸਾਧ ਸੰਗਤ ਦੀ ਸੇਵਾ ਵਿਚ ਸਮਰਪਿਤ ਹੈ।

ਸਾਡੇ ਵਿਚ ਹਾਲੇ ਵੀ ਅਜਿਹੇ ਹਜ਼ਾਰਾਂ ਸੁਭਾਗੇ ਵਿਅਕਤੀ, ਸੰਤ-ਪੁਰਸ਼, ਨਰ-ਨਾਰੀ ਮੌਜੂਦ ਹਨ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਾਵਨ ਦਰਸ਼ਨ ਕਰਕੇ ਆਪਣੇ ਤਪਦੇ ਮਨਾਂ ਨੂੰ ਸਦਾ ਸਦਾ ਲਈ ਸ਼ਾਂਤ ਕਰ ਲਿਆ ਹੈ ਅਤੇ ਉਨ੍ਹਾਂ ਦੇ ਉਪਦੇਸ਼ ਦੁਆਰਾ ਨਾਮ ਦੇ ਰਤਨ ਪਦਾਰਥ ਨੂੰ ਪ੍ਰਾਪਤ ਕਰਕੇ, ਸਕੇਸ਼ ਇਸ਼ਨਾਨ ਕਰ, ਅੰਮ੍ਰਿਤ ਵੇਲੇ ਰਸਨਾ ਦੁਆਰਾ ਉਸ ਦਾ ਜਾਪ ਕਰਕੇ ਆਤਮਕ ਮੁਕਤੀ ਪ੍ਰਾਪਤ ਕੀਤੀ ਹੈ। ਇਥੇ ਹੀ ਬਸ ਨਹੀਂ ਉਨ੍ਹਾਂ ਦੀ ਦੱਸੀ ਹੋਈ ਰਹਿਤ ਮਰਯਾਦਾ, ਜੋ ਵਾਸਤਵ ਵਿਚ ਗੁਰਸਿੱਖੀ ਦੀ ਰੂੜ੍ਹੀਗਤ ਜੀਵਨ ਜੁਗਤੀ ਹੈ, ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਸਚਿਆਰਾ ਤੇ ਗੁਰੂ ਸਵਾਰਿਆ ਬਣਾ ਲਿਆ ਹੈ।

ਨਾ ਕੇਵਲ ਆਪ ਹੀ ਆਤਮਕ ਉੱਨਤੀ ਦੀਆਂ ਉੱਚੀਆਂ ਮੰਜ਼ਲਾਂ ਨੂੰ ਛੂਹਿਆ ਹੈ ਸਗੋਂ ਸਮੁੱਚੇ ਸਮਾਜ, ਦੇਸ਼ ਅਤੇ ਕੌਮ ਦੇ ਨਿਰਮਾਣ ਵਿਚ ਵੀ ਯਥਾਸ਼ਕਤ ਯੋਗਦਾਨ ਪਾ ਕੇ ਨਵੀਨ ਅਧਿਆਤਮ ਮਾਣ ਮਰਿਯਾਦਾ ਨੂੰ ਸਥਾਪਤ ਕੀਤਾ ਹੈ।

ਵਰਤਮਾਨ ਸਤਿਗੁਰੂ ਜੀ ਵੀ, ਜਿਨ੍ਹਾਂ ਦੇ ਪਵਿੱਤਰ ਦਰਸ਼ਨ ਕਰਦਿਆਂ ਸਾਡਾ ਮਨ ਕਦੀ ਤਰਿਪਤਦਾ ਨਹੀਂ, ਉਸੇ ਨਾਮਧਾਰੀ ਪੰਥ ਦੇ ਆਦਰਸ਼ਾਂ ਦੀ ਸੇਵਾ-ਸੰਭਾਲ ਕਰਕੇ, ਉਨ੍ਹਾਂ ਨੂੰ ਦ੍ਰਿੜ੍ਹਾ ਰਹੇ ਹਨ, ਜਿਨ੍ਹਾਂ ਦਾ ਅਰੰਭ ਤਾਂ ਗੁਰੂ ਨਾਨਕ ਦੇਵ ਜੀ ਦੇ



Sri Satguru Jagjit Singh Ji eLibrary NamdhariElibrary@gmail.com

ਆਗਮਨ ਨਾਲ ਹੀ ਹੋ ਗਿਆ ਸੀ ਅਤੇ ਜਿਨ੍ਹਾਂ ਨੂੰ 13 ਅਪ੍ਰੈਲ 1857 ਨੂੰ ਵਿਸਾਖੀ ਦੇ ਸ਼ੁਭ ਅਵਸਰ ਤੇ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੇ ਰੂਪ ਵਿਚ ਪੁਨਰ ਨਿਰਮਤ ਕੀਤਾ ਸੀ। ਧੰਨ ਹਨ ਉਹ ਮਨੁੱਖ, ਜੋ ਕਲਜੁਗ ਦੇ ਇਸ ਅੰਧਕਾਰ ਵਿਚ ਵੀ ਸ੍ਰੀ ਸਤਿਗੁਰੂ ਜੀ ਦੀ ਸ਼ਰਨ ਲੈਂਦੇ ਹਨ। ਉਨ੍ਹਾਂ ਦੀ ਸਾਜੀ ਨਿਵਾਜੀ ਸਾਧ ਸੰਗਤ ਵਿਚ ਜਾ ਕੇ ਸਤਿਗੁਰੂ ਦੇ ਆਪਣੇ ਨੇਤਰਾਂ ਨਾਲ ਪਰਤਖ ਰੂਪ ਵਿਚ ਦਰਸ਼ਨ ਕਰਦੇ ਹਨ ਅਤੇ ਸਤਿਗੁਰੂ ਜੀ ਦੀ ਕਥਨੀ ਅਤੇ ਕਰਨੀ ਨੂੰ ਆਦਰਸ਼ ਮੰਨ ਕੇ ਆਪਣੇ ਵਿਅਕਤੀਗਤ ਆਚਰਣ, ਸਪਸ਼ਟੀਗਤ ਵਿਵਹਾਰ ਨੂੰ ਸਤਿਗੁਰੂ ਦੀ ਨਦਰਿ ਕਰਮ ਦੁਆਰਾ ਢਾਲਣ ਦਾ ਯਤਨ ਕਰਦੇ ਹਨ। ਉਨ੍ਹਾਂ ਦੀ ਸੋਭਾ ਅਤੇ ਕੀਰਤੀ ਦੀ ਭਿੰਨੀ ਸੁਗੰਧੀ ਸੰਸਾਰ ਵਿਚ ਧਰਮ ਅਤੇ ਨਿਆਇ ਉਤੇ ਅਧਾਰਤ ਆਦਰਸ਼ ਮਨੁੱਖੀ ਭਾਈਚਾਰੇ ਦਾ ਥਾਨ੍ਹਣੂ ਬੰਨ੍ਹਦੀ ਹੈ।

ਨਾਮਧਾਰੀ ਪੰਥ ਦੇ ਅਨੁਆਈਆਂ ਲਈ ਤਾਂ ਸਤਿਗੁਰੂ ਦੇ ਆਦਰਸ਼ ਸਰੂਪ ਦੇ ਦਰਸ਼ਨ ਅਤੇ ਸਤਿਗੁਰੂ ਜੀ ਵੱਲੋਂ ਦਰਸਾਏ ਜੀਵਨ ਮਾਰਗ (ਅਰਥਾਤ ਰਹਿਤ ਮਰਯਾਦਾ) ਦੇ ਬੋਧ ਲਈ ਤਾਂ ਇਤਨਾ ਕੁਝ ਹੀ ਕਾਫ਼ੀ ਹੈ ਪਰ ਆਧੁਨਿਕ ਮਨੁੱਖ ਦੀ ਬੌਧਿਕ ਜਗਿਆਸਾ ਦੀ ਤ੍ਰਿਪਤੀ ਲਈ ਸਿੱਖੀ ਜੀਵਨ ਮਾਰਗ ਦੇ ਉਪਰੋਕਤ ਦੋ ਪ੍ਰਮੁੱਖ ਘਟਕਾਂ (ਗੁਰੂ ਤੇ ਸਿੱਖ) ਦੇ ਸੰਕਲਪਗਤ ਸਰੂਪ ਨੂੰ ਜਾਨਣਾ ਵੀ ਲੋੜੀਂਦਾ ਪ੍ਰਤੀਤ ਹੁੰਦਾ ਹੈ। ਇਨ੍ਹਾਂ ਦੋ ਉਪਰੋਕਤ ਘਟਕਾਂ ਦਾ ਇਕ ਸਿਰਾ ਗੁਰੂ ਜਾਂ ਸਤਿਗੁਰੂ ਦੇ ਕੇਂਦਰ ਬਿੰਦੂ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਗੁਰੂ ਦੇ ਸੱਚੇ ਸਿੱਖ ਨਾਲ। ਸਤਿਗੁਰੂ ਜੀ ਵੱਲੋਂ ਦੱਸੀ ਗਈ ਅਤੇ ਸਿੱਖ ਵੱਲੋਂ ਅਪਣਾਈ ਗਈ 'ਜੀਵਨ ਜੁਗਤ' ਹੀ ਆਦਰਸ਼ਕ ਰਹਿਤ ਮਰਯਾਦਾ ਹੋ ਨਿਬੜਦੀ ਹੈ। ਸਤਿਗੁਰੂ ਦਾ ਪ੍ਰਤਾਪ ਤਾਂ ਇਤਨਾ ਵੱਡਾ ਹੈ ਕਿ ਉਸ ਨੂੰ ਨਿਜੀ ਪਾਰਸ ਛੁਹ ਤੇ ਕ੍ਰਿਪਾ-ਦ੍ਰਿਸ਼ਟੀ ਨਾਲ ਧਰਤੀ ਅਤੇ ਜੀਵ ਜੰਤ ਦੋਵੇਂ ਹੀ ਹਰਿਆਵਲੇ ਹੋ ਜਾਂਦੇ ਹਨ :—

"ਸਾ ਧਰਤਿ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ।
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ।"

(ਆਦਿ ਗ੍ਰੰਥ, ਪੰਨਾ 310)

ਸੋ ਇਸ ਵਿਚਾਰ ਲੜੀ ਵਿਚ, ਜਿਸ ਦਾ ਵਿਸ਼ਾ-ਵਸਤੂ ਅਧਿਆਤਮਕ ਤੱਤਵ ਦਰਸ਼ਨ ਦੇ ਅੰਤਰਗਤ ਆਉਂਦਾ ਹੈ, ਦੀਆਂ ਦੋ ਪ੍ਰਮੁੱਖ ਕੜੀਆਂ ਦਾ ਵਿਸ਼ਲੇਸ਼ਣਾਤਮਕ ਵਿਵਰਨ ਦਾ ਹੀ ਇਥੇ ਯਤਨ ਕੀਤਾ ਗਿਆ ਹੈ। ਉਹ ਵੀ ਉਨ੍ਹਾਂ ਸੀਮਾਵਾਂ ਵਿਚ ਰਹਿ ਕੇ, ਜਿਸ ਦਾ ਬੋਧ ਸ੍ਰੀ ਸਤਿਗੁਰੂ ਜੀ ਦੀ ਨਦਰਿ ਕਰਮ ਦੁਆਰਾ ਦਾਸ ਨੂੰ ਹੋਇਆ ਹੈ।

## I

## ਗੁਰਬਾਣੀ ਅਨੁਸਾਰ ਗੁਰੂ ਦਾ ਸੰਕਲਪਗਤ ਸਰੂਪ

ਸਿੱਖ ਦਰਸ਼ਨ ਨੂੰ ਸਿੱਖ ਵਿਦਵਾਨਾਂ ਤੇ ਚਿੰਤਕਾਂ ਨੇ ਗੁਰਮਤਿ[1] ਦੀ ਸੰਗਿਆ ਦਿੱਤੀ ਹੈ। ਸਿੱਖ ਧਰਮ ਦਾ ਸਾਰ ਤੱਤ ਉਹ ਵਿਚਾਰਧਾਰਕ ਸੰਕਲਪ ਤੇ ਧਾਰਨਾਵਾਂ ਹਨ, ਜੋ



Sri Satguru Jagjit Singh Ji eLibrary NamdhariElibrary@gmail.com

ਜਾਂ ਤਾਂ ਗੁਰਬਾਣੀ ਵਿਚ ਉਧਰਿਤ ਹਨ, ਜਾਂ ਜਿਨ੍ਹਾਂ ਦੇ ਪ੍ਰਮਾਣ ਗੁਰੂ ਸਾਹਿਬਾਨ ਦੇ ਆਪਣੇ ਜੀਵਨ ਵਿਚੋਂ ਪ੍ਰਾਪਤ ਹੁੰਦੇ ਹਨ। ਇਸੇ ਤਰ੍ਹਾਂ ਗੁਰੂ ਵਰੋਸਾਏ ਸਿੱਖ ਸੰਤ, ਮਹਾਂਪੁਰਸ਼, ਗਿਆਨੀ, ਬ੍ਰਹਮ ਗਿਆਨੀ, ਨਾਮ ਰਸੀਏ ਜਿਨ੍ਹਾਂ ਦਾ ਜੀਵਨ ਪੂਰਨ ਰੂਪ ਵਿਚ ਗੁਰੂ ਸਿਧਾਂਤਾਂ ਅਨੁਸਾਰ ਢਲ ਚੁਕਾ ਹੁੰਦਾ ਹੈ, ਉਨ੍ਹਾਂ ਵਿਚੋਂ ਵੀ ਕਦੀ ਕਦੀ ਇਨ੍ਹਾਂ ਦੇ ਇਤਿਹਾਸਕ ਪ੍ਰਮਾਣ ਲਭ ਜਾਂਦੇ ਹਨ। ਪਰ ਮੁੱਖ ਰੂਪ ਵਿਚ ਗੁਰਮਤ ਦੇ ਸਿਧਾਂਤਕ ਅਧਾਰ ਤੇ ਦਾਰਸ਼ਨਿਕ ਸੰਕਲਪ ਗੁਰਬਾਣੀ ਵਿਚੋਂ ਹੀ ਪ੍ਰਾਪਤ ਹੁੰਦੇ ਹਨ। ਅਰਥਾਤ ਦੂਸਰੇ ਸ਼ਬਦਾਂ ਵਿਚ ਗੁਰਮਤ ਦੇ ਦਾਰਸ਼ਨਿਕ ਸੰਕਲਪ ਆਪਣੇ ਸ਼ੁਧ ਸਰੂਪ ਵਿਚ ਗੁਰਬਾਣੀ ਵਿਚੋਂ ਹੀ ਉਪਲਬਧ ਹੁੰਦੇ ਹਨ।

ਸਿੱਖ ਧਰਮ ਦੇ ਧਾਰਮਿਕ ਗਰੰਥਾਂ ਵਿਚੋਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਪਦਵੀ ਗੁਰਬਾਣੀ ਦੀ ਦਰਿਸ਼ਟੀ ਤੋਂ ਸਰਬ ਸ਼ਰੋਮਣੀ ਹੈ। ਇਸ ਉਪਰੰਤ ਦਸਮ ਗਰੰਥ, ਭਾਈ ਗੁਰਦਾਸ ਜੀ ਦੀ ਬਾਣੀ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਨੂੰ ਭੀ ਧਰਮ ਸ਼ਾਸਤਰ ਦੇ ਰੂਪ ਵਿਚ ਪਰਮਾਣ ਵਜੋਂ ਸਵੀਕਾਰ ਕਰ ਲਿਆ ਜਾਂਦਾ ਹੈ।

ਦੂਜੇ ਇਤਿਹਾਸਕ ਗਰੰਥ (ਗੁਰੂ ਬਿਲਾਸ, ਗੁਰੂ ਪ੍ਰਤਾਪ ਸੂਰਜ ਗਰੰਥ ਆਦਿ) ਦੇ ਪ੍ਰਮਾਣ ਨੂੰ ਪੌਰਾਣਿਕ ਹਵਾਲਿਆਂ ਵਜੋਂ ਵਰਤ ਲਿਆ ਜਾਂਦਾ ਹੈ। ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਪੌਰਾਣਿਕ ਗਰੰਥਾਂ ਦੇ ਪ੍ਰਮਾਣ ਸਦਾ ਦੁਤੀਆ ਗੌਰਵ ਦੇ ਹੀ ਧਾਰਨੀ ਮੰਨੇ ਜਾਂਦੇ ਹਨ। ਗੁਰਬਾਣੀ ਵਿਚ ਇਨ੍ਹਾਂ ਦਾਰਸ਼ਨਿਕ ਸੰਕਲਪਾਂ ਦੇ ਸੂਤ੍ਰਕ ਤੇ ਸੰਕੇਤਿਕ ਹਵਾਲੇ ਤੇ ਪ੍ਰਮਾਣ ਮਿਲਦੇ ਹਨ ਅਤੇ ਦੂਸਰੇ ਗਰੰਥਾਂ ਵਿਚ ਇਨ੍ਹਾਂ ਦੀ ਸ਼ਾਸਤਰੀ ਵਿਆਖਿਆ ਉਪਲਬਧ ਹੁੰਦੀ ਹੈ। ਅਸੀਂ ਗੁਰਬਾਣੀ ਦੇ ਮੂਲ ਪ੍ਰਮਾਣਾਂ ਦੁਆਰਾ ਹੀ 'ਗੁਰੂ' ਦੀ ਵਿਆਖਿਆ ਕਰਨ ਦਾ ਯਤਨ ਕਰਾਂਗੇ। ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਗੁਰਮਤ ਦਰਸ਼ਨ ਵਿਚ 'ਗੁਰ ਪਦ' ਕੁੰਜੀਗਤ ਸੰਕਲਪ ਹੈ ਕਿਉਂ ਜੋ ਸਾਰੇ ਗੁਰੂਮਤ, ਸਾਰੇ ਸਿੱਖ ਅਧਿਆਤਮਵਾਦ ਵਿਚ, ਸਾਰੀ ਵਿਚਾਰ ਦਾ ਕੇਂਦਰ ਬਿੰਦੂ "ਗੁਰੂ" ਹੈ। ਇਸ ਤੋਂ ਬਿਨਾ ਗੁਰਬਾਣੀ ਦੇ ਅਧਿਆਤਮ ਤੱਤਵ ਦਰਸ਼ਨ ਦਾ ਬੋਧ ਸੰਭਵ ਹੀ ਨਹੀਂ ਹੈ। ਇਸੇ ਲਈ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਅਰੰਭ ਵਿਚ ਅੰਕਿਤ ਮੂਲ ਮੰਤਰ

> "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
> ਅਜੂਨੀ ਸੈਭੰ ਗੁਰਪ੍ਰਸਾਦਿ"

ਅਤੇ ਇਸ ਦਾ ਸੰਖਿਪਤ ਰੂਪ

> "ੴ ਸਤਿਗੁਰ ਪ੍ਰਸਾਦਿ"

ਮੂਲ ਸੰਕਲਪਗਤ ਧਾਰਨਾਵਾਂ ਹਨ ਜਿਨ੍ਹਾਂ ਦਾ ਸਰਲ ਭਾਵ ਅਰਥ ਇਹੋ ਹੀ ਹੈ ਕਿ ਗੁਰੂ ਦੀ ਕ੍ਰਿਪਾ ਤੋਂ ਬਿਨਾ ਅਸੀਂ ੴ ਜਾਂ ਅਕਾਲ ਪੁਰਖੁ ਦੀ ਪ੍ਰਾਪਤੀ ਜਾਂ ਉਸ ਤਕ ਪਹੁੰਚ ਨਹੀਂ ਕਰ ਸਕਦੇ।

ਉਸ ਪਾਰਬ੍ਰਹਮ ਪ੍ਰਮਾਤਮਾ ਜੋ ਸਦਾ ਸਲਾਮਤ ਨਿਰੰਕਾਰ ਹੈ, ਦੀ ਪ੍ਰਾਪਤੀ ਹੀ



Sri Satguru Jagjit Singh Ji eLibrary NamdhariElibrary@gmail.com

ਸਭ ਅਧਿਆਤਮਕ ਦਰਸ਼ਨਾਂ ਦਾ ਸਰਬ ਉੱਚ ਲੱਕਸ਼ ਹੈ। ਇਸ ਉੱਚਤਮ ਲੱਕਸ਼ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਅਰਥਾਤ ਗੁਰੂ ਦੇ ਪ੍ਰਸਾਦਿ ਕਰਮ ਤੋਂ ਬਿਨਾ ਸੰਭਵ ਨਹੀਂ ਹੈ। ਮੂਲ ਮੰਤਰ ਅਤੇ ਇਸ ਦੇ ਸੰਖਿਪਤ ਰੂਪ

"ੴ ਸਤਿਗੁਰ ਪ੍ਰਸਾਦਿ"

ਵਿਚ 'ਗੁਰਪ੍ਰਸਾਦਿ' ਤੇ 'ਸਤਿਗੁਰ ਪ੍ਰਸਾਦਿ' ਪਦ ਸਮਾਨਅਰਥਕ ਰੂਪ ਵਿਚ ਹੀ ਵਰਤੇ ਗਏ ਹਨ ਜੋ ਗੁਰੂ ਅਤੇ ਸਤਿਗੁਰੂ ਨੂੰ ਸਮਾਨਅਰਥਕ ਪਦ ਸਿਧ ਕਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਜੀ ਵੀ ਸਾਡੀ ਇਸ ਧਾਰਨਾ ਦੀ ਪੁਸ਼ਟੀ 'ਗੁਰਮਤ ਮਾਰਤੰਡ'[3] ਅਤੇ 'ਮਹਾਨ ਕੋਸ਼' ਗਰੰਥਾਂ[4] ਵਿਚ ਇਸ ਤਰ੍ਹਾਂ ਕਰਦੇ ਹਨ। ਇਨ੍ਹਾਂ ਅਨੁਸਾਰ ਗੁਰਬਾਣੀ ਵਿਚ ਗੁਰ, ਗੁਰੁ, ਅਤੇ ਗੁਰੂ ਸ਼ਬਦ ਦੇ ਇਕ ਹੀ ਅਰਥ ਆਏ ਹਨ :—ਗੁਰ-ਸੰਗਯਾ-ਇਹ ਸ਼ਬਦ ਗ੍ਰੀ ਤੋਂ ਬਣਿਆ ਹੈ। ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ। ਜੋ ਅਗਯਾਨ ਨੂੰ ਖਾ ਜਾਂਦਾ ਹੈ। ਸਿੱਖ ਨੂੰ ਤੱਤਵਗਯਾਨ ਸਮਝਾਉਂਦਾ ਹੈ ਉਹ ਗੁਰੂ ਹੈ।

ਗੁਰਮਤ ਮਾਰਤੰਡ[5] ਵਿਚ ਭਾਈ ਸਾਹਿਬ ਇਨ੍ਹਾਂ ਮੂਲ ਪਦਾਂ ਬਾਰੇ ਇੰਜ ਅੰਕਿਤ ਕਰਦੇ ਹਨ :—

ਗੁਰ—ਸਤਿਗੁਰੁ—ਗੁਰੁ—ਗੁਰੂ

"ਅਗਯਾਨ ਵਿਨਾਸ਼ਕ, ਸਤੱਯ ਅਤੇ ਹਿਤ ਉਪਦੇਸ਼ਟਾ ਦਾ ਨਾਉਂ ਗੁਰੁ ਹੈ। ਪਰ ਇਸ ਸ਼ਬਦ ਦੀ ਗੁਰੂ ਨਾਨਕ ਦੇਵ ਵਿਚ ਰੂਢੀ ਸ਼ਕਤਿ ਹੈ। ਜੋ ਕਰਤਾਰ ਵੱਲੋਂ ਸੰਸਾਰ ਮਾਤਰ ਦੇ ਉਧਾਰ ਵਾਸਤੇ ਜਗਤ ਗੁਰੂ ਥਾਪੇ ਗਏ ਹਨ।"

ਇਸੇ ਪ੍ਰਥਾਏ ਹੀ ਗੁਰਬਾਣੀ ਵਿਚ ਹੋਰ ਗੁਰੂ ਸਾਹਿਬਾਨ ਵੀ ਗੁਰੂ ਨਾਨਕ ਦੇਵ ਜੀ ਨੂੰ ਆਤਮ ਸਰੂਪ ਮੰਨ ਕੇ ਉਨ੍ਹਾਂ ਨੂੰ ਵੀ ਅਕਾਲ ਪੁਰਖ ਜਾਂ ਨਰਾਇਣ ਦਾ ਮਨੁੱਖੀ ਸਰੂਪ ਪਰਵਾਨ ਕੀਤਾ ਗਿਆ ਹੈ।

"ਆਪਿ[5] ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।"

ਅਤੇ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿਚ ਮਥਰਾ ਭੱਟ ਦਾ ਇਹ ਕਥਨ ਵੀ ਏਸੇ ਸੰਦਰਭ ਵਿਚ ਵਰਨਣ ਯੋਗ ਹੈ :—

"ਧਰਨਿ[6] ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ।
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ।"

ਗੁਰੂ ਨਾਨਕ ਬਾਣੀ ਵਿਚ ਹੀ ਗੁਰੂ ਦੇ ਸੰਕਲਪਗਤ ਸਵਰੂਪ ਬਾਰੇ ਸੰਕੇਤ ਤੇ ਵੇਰਵੇ ਮਿਲ ਜਾਂਦੇ ਹਨ। ਜਿਨ੍ਹਾਂ ਤੋਂ ਗੁਰੂ ਜਾਂ ਸਤਿਗੁਰੂ ਦੇ ਮਹੱਤਵ ਦਾ ਬੋਧ ਸਹਿਜੇ ਹੀ ਹੋ ਜਾਂਦਾ ਹੈ।

ਜਿਵੇਂ 'ਜਪੁ' ਵਿਚ

"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।
ਗੁਰੁ ਈਸਰੁ, ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।"



Sri Satguru Jagjit Singh Ji eLibrary NamdhariElibrary@gmail.com

ਉਪਰੋਕਤ ਅਨੁਸਾਰ ਗੁਰੂ ਦੇ ਉਪਦੇਸ਼ ਦੁਆਰਾ ਧਿਆਨ, ਗਿਆਨ ਤੇ ਪ੍ਰੇਮਾ ਭਗਤੀ ਦਾ ਬੋਧ ਹੁੰਦਾ ਹੈ ਅਤੇ ਗੁਰੂ ਵਿਚ ਵਿਸ਼ਨੂੰ, ਸ਼ਿਵ, ਬ੍ਰਹਮਾ ਅਤੇ ਅਕਾਲ ਪੁਰਖੁ ਦੀ ਆਦਿ ਸ਼ਕਤੀ ਪਾਰਬਤੀ ਵਾਲੇ ਗੁਣ ਵਿਦਮਾਨ ਹਨ। ਪਰ ਗੁਰੂ ਨਾਨਕ ਦੇਵ ਜੀ ਗੁਰੂ ਪਾਸੋਂ ਇਕੋ ਗੱਲ ਦੀ ਸੋਝੀ ਮੰਗਦੇ ਹਨ ਕਿ ਉਹ ਜੋ ਸਭਨਾਂ ਜੀਆਂ ਦਾ ਦਾਤਾ (ਕਰਤਾ ਪੁਰਖ) ਹੈ, ਉਹ ਮੈਥੋਂ ਨਾ ਵਿਸਰੇ :—

> "ਗੁਰਾ ਇਕ ਦੇਹਿ ਬੁਝਾਈ।
> ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ।"

ਇਸ ਗੱਲ ਦੀ ਸੋਝੀ ਵੀ, ਉਸ ਪ੍ਰਭੂ ਪ੍ਰੀਤਮ ਦੀ ਪ੍ਰਾਪਤੀ ਵੀ ਗੁਰੂ ਤੋਂ ਬਿਨਾ ਨਹੀਂ ਹੋ ਸਕਦੀ। ਆਪ ਆਸਾ ਦੀ ਵਾਰ ਦੀ ਛੇਵੀਂ ਪਉੜੀ ਵਿਚ ਫ਼ੁਰਮਾਉਂਦੇ ਹਨ :—

> "ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ।
> ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।
> ... ... ... ...ਜਗ ਜੀਵਨੁ ਦਾਤਾ ਪਾਇਆ ॥" 6 ॥
>
> (ਆਦਿ ਗ੍ਰੰਥ, ਪੰਨਾ 466)

ਸੋ ਗੁਰੂ ਦੇ ਤੱਤਰੂ ਸ੍ਵਰੂਪ ਬਾਰੇ ਵਿਚਾਰ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੀ ਹੋ ਗਿਆ ਸੀ। ਇਥੇ ਅਸੀਂ ਉਸ ਚਰਚਾ ਵਿਚ ਨਹੀਂ ਪੈਣਾ ਚਾਹੁੰਦੇ ਜੋ ਅਨੇਕ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਕ-ਗੁਰੂ ਬਾਰੇ ਕੀਤੀ ਹੈ। ਪਰ ਇਸ ਗੱਲ ਵਲ ਧਿਆਨ ਦਿਵਾਉਣਾ ਵੀ ਅਵਸ਼ੱਕ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿਚ ਗੁਰੂ ਨੂੰ ਲੋੜੀਂਦੀ ਮਹੱਤਤਾ ਦਿੱਤੀ ਗਈ ਹੈ। ਪ੍ਰਮੁੱਖ ਸਿੱਖ ਵਿਦਵਾਨ ਤੇ ਗੁਰਮਤ ਅਚਾਰੀਆ ਡਾ: ਭਾਈ ਜੋਧ ਸਿੰਘ ਜੀ, ਇਸ ਸੰਬੰਧ ਵਿਚ ਇੰਜ ਲਿਖਦੇ ਹਨ :—

> "ਸਿੱਖ ਇਤਿਹਾਸ ਤੇ ਸਿੱਖ ਧਰਮ ਦਾ ਵਿਚਾਰ ਕਰਦੇ ਹੋਏ ਬਾਜ਼ੇ ਲੇਖਕਾਂ ਲਿਖਿਆ ਹੈ ਕਿ ਆਤਮ ਉੱਨਤੀ ਦੇ ਰਾਹ ਵਿਚ ਸਤਿਗੁਰੂ ਜੀ ਦੀ ਲੋੜ ਪੁਰ ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਦੂਜੇ ਗੁਰੂ ਸਾਹਿਬਾਂ ਨੇ ਜ਼ੋਰ ਦਿੱਤਾ ਹੈ। ਪਰ ਇਹ ਸਾਨੂੰ ਭੁੱਲ ਜਾਪਦੀ ਹੈ।"
> ਅਤੇ ਸਾਫ਼ ਪ੍ਰਗਟ ਹੈ, "ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਸਿਧਾਂਤ ਨੂੰ ਉਪਦੇਸਿਆ ਬਾਕੀ ਸਤਿਗੁਰੂ ਇਸ ਦੀ ਵਿਆਖਿਆ ਤੇ ਪ੍ਰੋੜਤਾ ਕਰਦੇ ਰਹੇ।"[੧]

ਸਾਰੇ ਗੁਰੂ ਸਾਹਿਬਾਨ ਨੇ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ, ਆਪਣੀ ਆਪਣੀ ਬਾਣੀ ਵਿਚ ਗੁਰੂ ਦੇ ਮਹੱਤਵ ਨੂੰ ਪ੍ਰਵਾਨ ਕੀਤਾ ਹੈ। ਆਮ ਤੌਰ ਤੇ ਅਧਿਆਤਮਕ ਦਰਸ਼ਨ ਵਿਚ ਚਿੰਤਕਾਂ ਨੇ ਬ੍ਰਹਮ (ਪ੍ਰਮਾਤਮਾ), ਆਤਮਾ, ਜੀਵ, ਜਗਤ ਆਦਿ ਮੁੱਖ ਮੁੱਦਿਆਂ ਉਤੇ ਵਿਚਾਰ ਕੀਤਾ ਹੈ ਪਰ ਗੁਰਮਤ ਦਰਸ਼ਨ ਵਿਚ



Sri Satguru Jagjit Singh Ji eLibrary NamdhariElibrary@gmail.com

'ਗੁਰੂ' ਨੂੰ ਵੀ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਆਪਣੀ ਬਾਣੀ ਵਿਚ ਥਾਂ ਪਰ ਥਾਂ 'ਗੁਰੂ' ਅਤੇ 'ਸਤਿਗੁਰੂ' ਸੰਬੰਧੀ ਸਿਧਾਂਤਕ ਅਤੇ ਨਿਜੀ ਅਨੁਭਵ ਉਪਰ ਅਧਾਰਿਤ ਮਾਰਮਿਕ ਵਿਆਖਿਆ ਕੀਤੀ ਹੈ। ਇਥੇ ਅਸੀਂ ਪ੍ਰਮੁੱਖ ਗੁਰੂ ਸਾਹਿਬਾਨ ਦੀਆਂ ਵਿਸ਼ੇਸ਼ ਬਾਣੀਆਂ ਦੇ ਅੰਦਰ ਕਿਤਨੀ ਮਾਤਰਾ ਵਿਚ ਗੁਰੂ ਅਤੇ ਸਤਿਗੁਰੂ ਸ਼ਬਦ ਦਾ ਉਲੇਖ ਹੈ, ਬਾਰੇ ਹੇਠਾਂ ਇਕ ਸਾਰਣੀ ਦੇ ਰਹੇ ਹਾਂ ਤਾਂ ਜੋ ਸਾਡੇ ਉਪਰਲੇ ਕਥਨ ਦੀ ਸਹਿਜੇ ਹੀ ਪੁਸ਼ਟੀ ਹੋ ਸਕੇ :

(i) ਗੁਰੂ ਨਾਨਕ ਦੇਵ ਦੀ ਬਾਣੀ 'ਜਪੁ' ਵਿਚ ਗੁਰੂ ਸ਼ਬਦ ਦਾ ਜ਼ਿਕਰ 9 ਥਾਂਵਾਂ ਤੇ ਆਇਆ ਹੈ। ਭਾਵੇਂ ਅੰਤਮ ਸਲੋਕ 'ਪਵਨ ਗੁਰੂ' ਵਿਚ ਗੁਰੂ ਦੇ ਅਰਥ ਵੱਡੇ ਦੇ ਹਨ।

(ii) ਆਸਾ ਦੀ ਵਾਰ ਵਿਚ ਜਿਸ ਦੀਆਂ 24 ਪਉੜੀਆਂ ਹਨ, ਗੁਰੂ ਅਤੇ ਸਤਿਗੁਰੂ ਦੀ ਸੰਕਲਪਗਤ ਵਿਆਖਿਆ 15 ਪਉੜੀਆਂ ਵਿਚ ਕੀਤੀ ਗਈ ਹੈ। ਭਾਵੇਂ ਸ਼ਲੋਕ ਵਿਚ ਭਾਵੇਂ ਪਉੜੀ ਵਿਚ।

(iii) ਗੁਰੂ ਅਮਰਦਾਸ ਜੀ ਦੀ ਬਾਣੀ ਰਾਮਕਲੀ ਮਹਲਾ ਤੀਜਾ 'ਅਨੰਦ' ਦੇ 40 ਬੰਦਾਂ ਵਿਚੋਂ 28 ਬੰਦਾਂ ਵਿਚ ਗੁਰੂ ਦਾ ਜ਼ਿਕਰ ਕੀਤਾ ਗਿਆ ਹੈ।

(iv) ਗੁਰੂ ਰਾਮ ਦਾਸ ਜੀ ਦੇ ਆਸਾ ਰਾਗ ਦੇ ਛੰਤਾਂ ਵਿਚ ਜਿਨ੍ਹਾਂ ਦਾ ਕੀਰਤਨ ਆਸਾ ਦੀ ਵਾਰ ਦੇ ਗਾਇਨ ਸਮੇਂ ਸਥਾਈ ਵਿਧਾਨ ਵਜੋਂ ਹੀ ਕੀਤਾ ਜਾਂਦਾ ਹੈ, ਦੇ 24 ਬੰਦਾਂ ਵਿਚੋਂ 16 ਵਿਚ ਗੁਰੂ ਜਾਂ ਸਤਿਗੁਰੂ ਦੀ ਦਾਰਸ਼ਨਿਕ ਅਤੇ ਰਹੱਸਵਾਦੀ ਵਿਆਖਿਆ ਕੀਤੀ ਗਈ ਹੈ।

(v) ਗੁਰੂ ਅਰਜਨ ਦੇਵ ਜੀ ਦੀ ਪ੍ਰਮੁੱਖ ਬਾਣੀ 'ਗਉੜੀ ਸੁਖਮਣੀ' ਵਿਚ ਜਿਥੇ ਸਲੋਕਾਂ ਅਤੇ ਅਸਟਪਦੀਆਂ ਵਿਚ 'ਗੁਰੂ' ਅਤੇ 'ਸਤਿਗੁਰੂ' ਦੀ ਤਾਤ੍ਵਿਕ ਵਿਆਖਿਆ ਕੀਤੀ ਗਈ ਹੈ, ਉਥੇ 18ਵੀਂ ਅਸ਼ਟਪਦੀ ਨਿਰੋਲ ਸਤਿਗੁਰੂ, ਸਿੱਖ ਅਤੇ ਸਤਿਪੁਰਖ ਦੀ ਸਿਧਾਂਤਕ ਵਿਆਖਿਆ ਨਾਲ ਸੰਬੰਧਿਤ ਹੈ ਜੋ ਸਤਿਗੁਰੂ ਦੇ ਵਿਰਾਟ ਤੇ ਯਥਾਰਥ ਸਵਰੂਪ ਦੀ ਵਿਆਖਿਆ ਹਿਤ ਹੀ ਰਚੀ ਗਈ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਮ ਭਾਗ ਵਿਚ ਪੰਨਾ 1385 ਤੋਂ 1406 ਤਕ ਭੱਟ ਕਵੀਆਂ ਦੁਆਰਾ ਗੁਰੂ ਸਾਹਿਬਾਨ ਦੇ ਪ੍ਰਤਖ ਹਜ਼ੂਰੀ ਸਰੂਪ ਬਾਰੇ ਬਹੁਤ ਸੁੰਦਰ ਕਾਵਿ ਮਈ ਵਰਣਨ ਕੀਤਾ ਗਿਆ ਹੈ। ਹੋਰ ਬਾਣੀਆਂ ਵਿਚ ਵੀ ਥਾਂ ਪਰ ਥਾਂ ਗੁਰੂ ਦੇ ਸ਼ਬਦ, ਉਪਦੇਸ਼, ਨਾਮ, ਸਰੂਪ ਤੇ ਕਰਤੱਵ ਬਾਰੇ ਵੇਰਵੇ ਮਿਲ ਜਾਂਦੇ ਹਨ। ਇਥੇ ਅਸੀਂ ਕ੍ਰਮਵਾਰ ਉਪਰੋਕਿਤ ਚੋਣਵੀਆਂ ਬਾਣੀਆਂ ਦੇ ਅਧਾਰ ਉਤੇ ਗੁਰੂ ਅਤੇ ਸਤਿਗੁਰੂ ਦੇ ਸੰਕਲਪਗਤ ਸਰੂਪ ਦਾ ਵਰਨਣ ਉਦਾਹਰਨਾਂ ਸਹਿਤ ਕਰਨ ਦਾ ਯਤਨ ਕਰਾਂਗੇ ਤਾਂ ਜੋ ਗੁਰਬਾਣੀ ਦੇ ਦ੍ਰਿਸ਼ਟਾਂਤਾਂ ਦੀ ਸਹਾਇਤਾ ਨਾਲ ਗੁਰੂ ਦੇ ਯਥਾਰਥ ਸਰੂਪ ਉਤੇ ਪ੍ਰਕਾਸ਼ ਪਾਇਆ ਜਾ ਸਕੇ।



Sri Satguru Jagjit Singh Ji eLibrary NamdhariElibrary@gmail.com

## (ੳ) ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਦੀ ਪ੍ਰਮੁੱਖ ਬਾਣੀ "ਆਸਾ ਦੀ ਵਾਰ" ਵਿਚ ਗੁਰੂ ਅਤੇ ਸਤਿਗੁਰੂ ਬਾਰੇ ਹੇਠ ਲਿਖੇ ਹਵਾਲੇ ਵਰਨਣ ਯੋਗ ਹਨ :—

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ । 1 ।

(ਆਦਿ ਗ੍ਰੰਥ, ਪੰਨਾ 462)

"ਨਾਨਕ ਗੁਰੂ ਨਾ ਚੇਤਨੀ ਮਨਿ ਆਪਣੈ ਸੁਚੇਤ ।
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ 3 ॥

(ਆਦਿ ਗ੍ਰੰਥ, ਪੰਨਾ 463)

## (ਅ) ਗੁਰੂ ਅੰਗਦ ਦੇਵ ਜੀ

ਗੁਰੂ ਅੰਗਦ ਦੇਵ ਜੀ ਇਕ ਸਲੋਕ ਵਿਚ ਗੁਰੂ ਦੇ ਪ੍ਰਕਾਸ਼ ਨੂੰ ਸੌ ਚੰਦਾਂ ਤੇ ਹਜ਼ਾਰ ਸੂਰਜਾਂ ਤੋਂ ਵਧੇਰੇ ਸਰੇਸ਼ਟ ਦਸਦੇ ਹਨ :—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥

## (ੲ) ਗੁਰੂ ਰਾਮ ਦਾਸ ਜੀ

ਗੁਰੂ ਰਾਮਦਾਸ ਜੀ ਨੂੰ ਗੁਰੂ ਅਮਰਦਾਸ ਜੀ ਸਮਾਨ ਗੁਰੂ ਅਤੇ ਸਿੱਖੀ ਦੇ ਨਿੱਜੀ ਰਿਸ਼ਤੇ ਦਾ ਭਰਪੂਰ ਅਨੁਭਵ ਸੀ। ਇਹ ਦੋਵੇਂ ਗੁਰੂ ਵਿਅਕਤੀ ਗੁਰਤੱਵ ਦੀ ਪ੍ਰਾਪਤੀ ਤੋਂ ਪਹਿਲਾਂ ਅਨਿਨ ਸਿੱਖ ਦੇ ਆਦਰਸ਼ਕ ਕਰਤੱਵ ਦੀ ਵੀ ਗੁਰੂ ਦੀ ਹਜ਼ੂਰੀ ਵਿਚ ਪਾਲਣਾ ਕਰਦੇ ਰਹੇ ਸਨ । ਇਸ ਲਈ ਇਨ੍ਹਾਂ ਦੋਹਾਂ ਗੁਰੂ ਸਾਹਿਬਾਨ ਦੀ ਬਾਣੀ ਵਿਚ ਸਤਿਗੁਰੂ ਦੇ ਤੀਬਰ ਪ੍ਰੇਮ ਦੀ ਸੁੰਦਰ ਅਭਿਵਿਅਕਤੀ ਤਾਤਵਿਕ ਅਤੇ ਰਹੱਸਵਾਦੀ ਰੂਪ ਵਿਚ ਕੀਤੀ ਗਈ ਹੈ ।

"ਹਮ ਭੂਲਿ ਵਿਗਾੜਹ ਦਿਨਸੁ ਗਤਿ ਹਰਿ ਪੈਜ ਰਖਾਏ" ਦੀ ਪੰਗਤੀ ਵਿਚ ਗੁਰੂ ਅਤੇ ਸਿੱਖ ਦਾ ਰਿਸ਼ਤਾ ਪਿਤਾ ਅਤੇ ਪੁੱਤਰ ਵਾਲਾ ਕਲਪਿਤ ਕੀਤਾ ਗਿਆ ਹੈ ।

ਜੋ ਬੱਚਿਆਂ ਦੀਆਂ ਭੁੱਲਾਂ ਨੂੰ ਅੱਖੋਂ ਪਰੋਖੇ ਕਰਕੇ ਮਤ ਦੇ ਕੇ ਸਮਝਾਉਂਦਾ ਤੇ ਸਿੱਧੇ ਰਾਹੇ ਪਾਉਂਦਾ ਹੈ ।

ਇਸ ਤੋਂ ਵੀ ਵਧੇਰੇ ਜਿਸ ਸਥਾਨ ਤੇ ਜਾ ਕੇ ਗੁਰੂ ਬਿਰਾਜਮਾਨ ਹੁੰਦਾ ਹੈ, ਉਹ ਥਾਂ ਸੁਹਾਵਣਾ ਹੋ ਜਾਂਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਦੇ ਆਦਰਸ਼ ਵਿਅਕਤਿੱਤਵ ਬਾਰੇ ਅਤੇ ਸਤਿਗੁਰੂ ਦੀ ਕ੍ਰਿਪਾ ਕਟਾਖ਼ ਦੁਆਰਾ ਪ੍ਰਾਪਤ ਹੋਣ ਵਾਲੇ ਦੁਰਲਭ ਸਦ ਗੁਣਾਂ (ਸਹਿਜ-ਅਨੰਦ) ਅਤੇ ਨਿਰਵੈਰਤਾ ਦਾ ਵਰਨਣ ਉਨ੍ਹਾਂ ਦੀ ਬਾਣੀ ਵਿਚੋਂ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੇ ਕਥਨ ਅਨੁਸਾਰ ਅਜਿਹੀ ਪਤਿਤ ਪਾਵਨ ਹਸਤੀ, ਸਤਿਗੁਰੂ ਦੀ ਸੇਵਾ ਹੀ ਸਿੱਖ ਮਾਤਰ ਲਈ ਅਤੀ ਉੱਤਮ ਕਰਮ ਹੈ।

"ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ।
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ।"

[ਗਉੜੀ ਮਹਲਾ ਚੌਥਾ, ਪੰਨਾ 168]

"ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ।"

[ਵਡਹੰਸ ਮਹਲਾ ਚੌਥਾ, ਪੰਨਾ 594]

## (ਸ) ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਜਿਥੇ ਸਹਿਜ ਸ਼ਾਂਤੀ ਦੇ ਅਸਗਾਹ ਤੇ ਗਹਿਰ ਗੰਭੀਰ ਸਾਗਰ ਹਨ ਉਥੇ ਉਨ੍ਹਾਂ ਦੀ ਬਾਣੀ ਵਿਚ 'ਅਮੁਲੀਕ ਲਾਲ' ਰਤਨਾਂ ਦਾ ਅਖੁਟ ਭੰਡਾਰ ਮੌਜੂਦ ਹੈ। ਸੁਖਮਨੀ ਸਾਹਿਬ ਆਪ ਦੀ ਰਸ ਭਿੰਨੀ ਵਿਆਸ ਮਈ ਕਾਵਿ ਸ਼ੈਲੀ ਦਾ ਅਤਿ ਉੱਤਮ ਉਦਾਹਰਣ ਹੈ। ਆਪ ਜੀ ਨੇ ਸੁਖਮਨੀ ਸਾਹਿਬ ਦੀ 18ਵੀਂ ਅਸ਼ਟਪਦੀ ਵਿਚ 'ਸਤਿਗੁਰ', 'ਸਿੱਖ' ਤੇ 'ਸਤਿਪੁਰਖਿ' ਦੀ ਅਜਿਹੀ ਵਿਸ਼ਲੇਸ਼ਣਾਤਮਕ ਵਿਆਖਿਆ ਕਰ ਦਿਤੀ ਹੈ ਕਿ ਗੁਰਮਤ ਦੇ ਇਨ੍ਹਾਂ ਤਾਤਵਿਕ ਪਦਾਂ ਤੇ ਇਨ੍ਹਾਂ ਨਾਲ ਸੰਬੰਧਤ ਦਾਰਸ਼ਨਿਕ ਤੱਤਾਂ ਤੇ ਗੁਣਾਂ ਦੀ ਸਹਿਜੇ ਹੀ ਸੰਪੂਰਨ ਵਿਆਖਿਆ ਹੋ ਜਾਂਦੀ ਹੈ। ਇਥੇ ਸੁਖਮਨੀ ਸਾਹਿਬ ਦੀ ਇਸ ਅਸ਼ਟਪਦੀ ਦੇ ਉਕਤ ਸਿਰਲੇਖਾਂ ਦੇ ਸਰਲ ਅਰਥ ਦੇਣੇ ਅਨੁਚਿਤ ਪ੍ਰਤੀਤ ਨਹੀਂ ਹੁੰਦੇ।

### (i) ਸਤਿਗੁਰੂ

ਸਤਿਪੁਰਖ ਨੂੰ ਜਾਨਣ ਵਾਲਾ ਸਤਿਗੁਰੂ ਹੈ। ਉਹ ਹਰੀ ਦੇ ਗੁਣਾਂ ਦਾ ਗਾਇਨ ਕਰਨ ਵਾਲਾ ਹੈ। ਜਿਸ ਦੀ ਸੰਗਤ ਵਿਚ ਅਨੇਕ ਸਿੱਖ ਹਰੀ ਦਾ ਗਾਇਨ ਕਰਕੇ ਭਵਜਲ ਤੋਂ ਪਾਰ ਉਤਰ ਜਾਂਦੇ ਹਨ।

ਸਤਿਗੁਰੂ ਆਪਣੇ ਸਿੱਖ ਦੀ ਸਦਾ ਪਾਲਣਾ ਕਰਦਾ ਹੈ ਅਤੇ ਸਿੱਖ ਉਤੇ ਸਦਾ ਦਿਆਲ ਹੁੰਦਾ ਹੈ। ਸਤਿਗੁਰੂ ਸਿੱਖ ਨੂੰ ਨਾਮ ਧਨ ਬਖ਼ਸ਼ਦਾ ਹੈ, ਸਿੱਖ ਦੇ ਲੋਕ ਪ੍ਰਲੋਕ ਨੂੰ ਸੰਵਾਰਦਾ ਹੈ ਅਤੇ ਉਸ ਨੂੰ ਆਪਣੇ ਕੰਠ ਨਾਲ ਲਾ ਕੇ ਰਖਦਾ ਹੈ। ਗੁਰੂ ਸੇਵਕ ਉਤੇ ਕ੍ਰਿਪਾ ਕਰਕੇ ਉਸਨੂੰ ਗੁਰਮਤ (ਗੁਰੂ ਦਰਸ਼ਨ ਦਾ ਤਾਤਵਿਕ ਬੋਧ) ਬਖ਼ਸ਼ਦਾ ਹੈ। ਉਹ ਸਤਿਗੁਰੂ ਹੀ ਹੈ ਜਿਸ ਦੇ ਹਿਰਦੇ ਵਿਚ ਹਰੀ ਦਾ ਨਾਮ ਸਮਾਇਆ ਹੋਇਆ



Sri Satguru Jagjit Singh Ji eLibrary NamdhariElibrary@gmail.com

ਹੈ। ਐਸੇ ਗੁਰੂ ਤੋਂ ਸੌ-ਸੌ ਵਾਰ ਬਲਿਹਾਰੀ ਜਾਣਾ ਚਾਹੀਦਾ ਹੈ। ਸਤਿਗੁਰੂ ਦੇ ਚਰਨ ਪਰਸ ਕੇ ਆਚਾਰ ਸ਼ੁਧ ਹੋ ਜਾਂਦਾ ਹੈ। ਉਸ ਦੀ ਸੰਗਤ ਵਿਚ ਪ੍ਰਭੂ ਨਾਮ ਵਿਚ ਰੰਗੇ ਜਾਈਦਾ ਹੈ। ਪਾਰਬ੍ਰਹਮ ਦੀ ਹਜ਼ੂਰੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰੂ ਦੇ ਬਚਨ ਸੁਣ ਕੇ ਕੰਨ ਤ੍ਰਿਪਤ ਹੋ ਜਾਂਦੇ ਹਨ। ਮਨ ਵਿਚ ਸੰਤੋਖ ਆ ਜਾਂਦਾ ਹੈ। ਅਜਿਹੇ ਗੁਰੂ ਦਾ ਬਖ਼ਸ਼ਿਆ ਹੋਇਆ ਗੁਰਮੰਤਰ ਨਾਸ ਰਹਿਤ ਹੈ। ਸਤਿਗੁਰੂ ਦੀ ਅੰਮ੍ਰਿਤ-ਦ੍ਰਿਸ਼ਟੀ ਨੂੰ ਪ੍ਰਾਪਤ ਕਰਕੇ ਅਤੇ ਉਸ ਦੇ ਦਰਸ਼ਨ ਕਰਕੇ ਪ੍ਰਾਣੀ ਸੰਤ ਹੋ ਜਾਂਦਾ ਹੈ।

ਸਤਿਗੁਰੂ ਵਿਚ ਬਿਅੰਤ ਗੁਣ ਹਨ ਜਿਨ੍ਹਾਂ ਦੀ ਕੀਮਤ ਨਹੀਂ ਪਾਈ ਜਾ ਸਕਦੀ। ਸਤਿਗੁਰੂ ਤੋਂ ਮੈਂ ਸਦ ਬਲਿਹਾਰੀ ਹਾਂ ਜਿਸ ਦੀ ਕ੍ਰਿਪਾ ਨਾਲ ਮੈਂ ਸਤਿਪੁਰਖੁ (ਪ੍ਰਭੂ) ਦੇ ਨਾਮ ਦਾ ਜਾਪ ਕੀਤਾ ਹੈ। ਸਤਿਗੁਰੂ ਹੀ ਪਾਰਬ੍ਰਹਮ ਨਾਲ ਪੂਰਨ ਤੌਰ ਤੇ ਅਭੇਦ ਹੈ ਅਤੇ ਇਸ ਜਗਤ ਉਤੇ ਉਸ ਦਾ ਹੀ ਸਰੂਪ ਹੈ। ਇਸ ਹਰੀ ਨਾਮ ਨੂੰ ਵਿਰਲਾ ਜਨ ਹੀ ਪ੍ਰਾਪਤ ਕਰਦਾ ਹੈ। ਉਹ ਅਮਰ ਹੋ ਜਾਂਦਾ ਹੈ। ਜਿਸ ਪੁਰਖ ਦੇ ਮਨ ਅੰਦਰ ਇਹ ਹਰੀ ਨਾਮ ਦਾ ਖ਼ਜ਼ਾਨਾ ਪ੍ਰਗਟ ਹੋ ਜਾਏ ਉਸ ਦਾ ਕਦੀ ਵਿਨਾਸ਼ ਨਹੀਂ ਹੁੰਦਾ। ਐਸਾ ਪੁਰਖ ਸਤਿਗੁਰੂ ਹੀ ਹੈ। ਜੋ ਅੱਠੇ ਪਹਿਰ ਹਰੀ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ ਅਤੇ ਆਪਣੇ ਸੇਵਕ ਨੂੰ ਵੀ ਅਜਿਹਾ ਹੀ ਉਪਦੇਸ਼ ਦਿੰਦਾ ਹੈ। ਗੁਰੂ ਮੋਹ ਮਾਇਆ ਤੋਂ ਵੀ ਉਚੇਰਾ ਹੈ। ਉਸ ਦੇ ਮਨ ਅੰਦਰ ਇਕੋ ਹਰੀ ਦਾ ਵਾਸ ਹੁੰਦਾ ਹੈ। ਸਤਿਗੁਰੂ ਤਾਂ ਅੰਧਕਾਰ ਵਿਚ ਦੀਪਕ ਦੀ ਨਿਆਈਂ ਹੈ ਜਿਸ ਦੇ ਚਾਨਣ ਤੋਂ ਭਰਮ ਮੋਹ ਅਤੇ ਮਮਤਾ ਦੇ ਦੁੱਖ ਨੱਸ ਜਾਂਦੇ ਹਨ।

ਸਤਿਗੁਰੂ ਸੇਵਕ ਦੇ ਤਪਦੇ ਹਿਰਦੇ ਵਿਚ ਠੰਢ ਵਰਤਾ ਦਿੰਦਾ ਹੈ। ਦੁੱਖ ਦੂਰ ਕਰ ਦਿੰਦਾ ਹੈ। ਸਾਧੂ ਸਰੂਪ ਗੁਰੂ ਦੇ ਉਪਦੇਸ਼ ਦੁਆਰਾ ਜਨਮ ਮਰਨ ਦਾ ਡਰ ਦੂਰ ਹੋ ਜਾਂਦਾ ਹੈ। ਭਉ ਦੂਰ ਹੋ ਜਾਂਦੇ ਹਨ ਅਤੇ ਨਿਰਭੈ (ਅਭੈ) ਪਦ ਪ੍ਰਾਪਤ ਹੁੰਦਾ ਹੈ। ਸਭ ਰੋਗ ਨਾਸ ਹੋ ਜਾਂਦੇ ਹਨ। ਜਿਸ ਪ੍ਰਭੂ ਦਾ ਸਰੂਪ ਸਤਿਗੁਰੂ ਹੁੰਦਾ ਹੈ ਉਸ ਦੀ ਕ੍ਰਿਪਾ ਦੁਆਰਾ ਸਾਧ ਸੰਗਤ ਵਿਚ ਉਸ ਪ੍ਰਭੂ ਨਾਮ ਦਾ ਜਾਪ ਕੀਤਾ ਜਾਂਦਾ ਹੈ। ਹਰੀ ਦਾ ਜਸ ਸਰਵਨਾਂ ਦੁਆਰਾ ਸੁਣ ਕੇ ਮਨ ਵਿਚ ਟਿਕਾਉ ਆ ਜਾਂਦਾ ਹੈ ਅਤੇ ਸਾਰੇ ਭਰਮ ਦੂਰ ਹੋ ਜਾਂਦੇ ਹਨ।

## (ii) ਸੱਤਿਪੁਰਖੁ (ਅਕਾਲ ਪੁਰਖੁ)

ਸਤਿਗੁਰੂ ਨੂੰ ਸੱਤਿ ਪੁਰਖ ਦਾ ਗਿਆਨ ਹੁੰਦਾ ਹੈ। ਪਾਰਬ੍ਰਹਮ ਦੇ ਗੁਣਾਂ ਦਾ ਵਰਨਣ ਇਕ ਜਿਹਬਾ ਨਹੀਂ ਕਰ ਸਕਦੀ ਨਾ ਹੀ ਪੂਰਨ ਵਿਵੇਕ ਦੁਆਰਾ ਉਸ ਦਾ ਭੇਦ ਖੋਲ੍ਹਿਆਂ ਜਾ ਸਕਦਾ ਹੈ। ਪ੍ਰਭੂ ਤਾਂ ਅਗਮ, ਅਗੋਚਰ ਤੇ ਨਿਰਬਾਣ ਸਰੂਪ ਹੈ, ਜਿਸ ਦਾ ਨਿਰਾਲੰਭ ਨਿਰਵੈਰ ਤੇ ਸੁਖ (ਸ਼ਿਵ) ਸਰੂਪ ਹੈ, ਜਿਸ ਦੀ ਕੋਈ ਕੀਮਤ ਨਹੀਂ ਪਾ ਸਕਦਾ। ਅਨੇਕ ਭਗਤ ਉਸ ਦੇ ਨਾਮ ਦੀ ਅਰਾਧਨਾ ਕਰਦੇ ਹਨ। ਉਸ ਦੇ ਚਰਨ ਕਮਲਾਂ ਦਾ ਹਿਰਦੇ ਵਿਚ ਧਿਆਨ ਧਾਰਦੇ ਹਨ। ਪਰ ਸਤਿਗੁਰੂ ਦੁਆਰਾ



Sri Satguru Jagjit Singh Ji eLibrary NamdhariElibrary@gmail.com

ਹੀ ਪਾਰਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦੇ ਨਿਰਗੁਣ ਤੇ ਸਰਗੁਣ ਸਰੂਪ ਇਕੋ ਹੀ ਯਥਾਰਥ ਦੇ ਦੋ ਰੂਪ ਹਨ। ਅਕਾਰਪੁਰਖ ਨੇ ਆਪਣੀ ਕਲਾ ਦੁਆਰਾ ਸਾਰੇ ਬ੍ਰਹਿਮੰਡ ਨੂੰ ਮੋਹਿਆ ਹੋਇਆ ਹੈ। ਉਸ ਪ੍ਰਭੂ ਦੇ ਅਨੇਕ ਚਰਿਤਰ ਹਨ, ਜਿਨ੍ਹਾਂ ਦਾ ਗਿਆਨ ਸਾਧੂ ਸਰੂਪ ਸਤਿਗੁਰੂ ਦੁਆਰਾ ਹੁੰਦਾ ਹੈ। ਪ੍ਰਮਾਤਮਾ ਆਪ ਹੀ ਆਪਣੀ ਕੀਮਤ ਨੂੰ ਜਾਣਦਾ ਹੈ। ਹਰੀ ਸਰਬ ਵਿਆਪਕ ਹੈ ਅਤੇ ਇਕ ਰਸ ਸਭ ਵਿਚ ਸਮਾਇਆ ਹੋਇਆ ਹੈ। ਉਹ ਸਭ ਥਾਂ ਤੇ ਰੂਪਾਂ ਤੇ ਰੰਗਾਂ ਵਿਚ ਵਿਦਮਾਨ ਹੈ। ਪਰ ਉਸ ਦਾ ਪ੍ਰਕਾਸ਼ ਬੋਧ, ਸਾਧੂ ਸਰੂਪ ਸਤਿਗੁਰੂ ਦੁਆਰਾ ਹੀ ਸੰਭਵ ਹੈ।

### (iii) ਗੁਰੂ ਦਾ ਸਿੱਖ

ਗੁਰੂ ਦੇ ਸੰਗ ਸਿੱਖਾਂ ਦਾ ਉਧਾਰ ਹੁੰਦਾ ਹੈ ਅਤੇ ਉਹ ਹਰੀ ਦੇ ਗੁਣਾਂ ਦਾ ਗਾਇਨ ਕਰਦੇ ਹਨ। ਸਿੱਖ ਗੁਰੂ ਦੇ ਬਚਨਾਂ ਦੁਆਰਾ ਹਰੀ ਦੇ ਨਾਮ ਦਾ ਜਾਪ ਕਰਦਾ ਹੈ। ਕਿਉਂ ਜੋ ਉਸ ਨੂੰ ਸਤਿਗੁਰੂ ਵੱਲੋਂ ਨਾਮ ਦੀ ਦਾਤ ਮਿਲ ਜਾਂਦੀ ਹੈ ਤੇ ਉਹ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ। ਇਸ ਲਈ ਸਿੱਖ ਦੀ ਦੁਰਮਤ ਦੂਰ ਹੋ ਜਾਂਦੀ ਹੈ ਅਤੇ ਗੁਰੂ ਆਪ ਹੀ ਉਸ ਦੀ ਰੱਖਿਆ ਕਰਦਾ ਹੈ।

ਜਿਹੜਾ ਸਿੱਖ ਗੁਰੂ ਦੇ ਘਰ ਵਿਚ ਨਿਵਾਸ ਕਰਦਾ ਹੈ, ਗੁਰੂ ਦੀ ਆਗਿਆ ਦਾ ਪਾਲਣ ਕਰਦਾ ਹੈ, ਆਪਣਾ ਅਹੰ ਭਾਵ ਮੇਟ ਦਿੰਦਾ ਹੈ ਤੇ ਹਰੀ ਦੇ ਨਾਮ ਦਾ ਜਾਪ ਕਰਦਾ ਹੈ, ਉਸ ਨੂੰ ਪ੍ਰਭੂ ਪ੍ਰੀਤਮ ਮਿਲ ਜਾਂਦਾ ਹੈ। ਜਿਹੜਾ ਸਿੱਖ ਗੁਰੂ ਦੇ ਸਨਮੁੱਖ ਆਪਣਾ ਮਨ ਅਰਪਣ ਕਰ ਦਿੰਦਾ ਹੈ ਉਸ ਸੇਵਕ ਦੇ ਕਾਰਜ ਰਾਸ ਹੋ ਜਾਂਦੇ ਹਨ। ਜਿਸ ਉਤੇ ਗੁਰੂ ਆਪ ਕ੍ਰਿਪਾ ਕਰਦਾ ਹੈ, ਉਹ ਸਿੱਖ ਹੀ ਗੁਰੂ ਤੋਂ ਦੀਖਿਆ (ਨਾਮ) ਪ੍ਰਾਪਤ ਕਰਦਾ ਹੈ। ਜਿਹੜਾ ਸਿੱਖ ਵੀਹ ਵਿਸਵੇ (ਭਾਵ ਪੂਰਨ ਤੌਰ ਤੇ) ਗੁਰੂ ਦਾ ਹੁਕਮ ਮੰਨਦਾ ਹੈ, ਉਸ ਨੂੰ (ਗੁਰੂ ਕ੍ਰਿਪਾ ਦੁਆਰਾ) ਪ੍ਰਮੇਸ੍ਵਰ ਦਾ ਪ੍ਰਬੋਧ ਹੋ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਰਾਮਕਲੀ ਦੀ ਵਾਰ ਦੇ ਇਕ ਸਲੋਕ ਵਿਚ ਸਤਿਗੁਰੂ ਦੀ ਮਹਿਮਾ ਤੇ ਕਰਤੱਵ ਨੂੰ ਇਸ ਤਰ੍ਹਾਂ ਵਰਨਣ ਕਰਦੇ ਹਨ :—

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ।
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਾਹ ਕਾ ਬਸੀਠੁ।
ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ।
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ।

(ਆਦਿ ਗਰੰਥ, ਪੰਨਾ 957)

ਇਸੇ ਤਰ੍ਹਾਂ ਸੁਖਮਨੀ ਸਾਹਿਬ ਦੀ 23ਵੀਂ ਅਸਟਪਦੀ ਦੇ ਅੰਤਿਮ ਪਦ ਵਿਚ ਆਪ ਨੇ ਸਤਿਗੁਰੁ ਦੇ ਉਪਕਾਰੀ ਸੁਭਾ ਨੂੰ ਇਨ੍ਹਾਂ ਸ਼ਬਦਾਂ ਦੁਆਰਾ ਅੰਕਿਤ ਕੀਤਾ ਹੈ :—

"ਧੰਨੁ ਧੰਨੁ ਧੰਨੁ ਜਨੁ ਆਇਆ।
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ।



Sri Satguru Jagjit Singh Ji eLibrary NamdhariElibrary@gmail.com

ਜਨ ਆਵਨ ਕਾ ਇਹੈ ਸੁਆਉ ।
ਜਨ ਕੈ ਸੰਗਿ ਚਿਤਿ ਆਵੈ ਨਾਉ ।
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ।
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ।"

(ਪੰਨਾ 295)

ਜੈਤਸਰੀ ਵਾਰ ਵਿਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਸਲੋਕ ਵਿਚ ਸਤਿਗੁਰੂ ਦੇ ਸਰੂਪ ਅਤੇ ਕਰਤੱਵ ਬਾਰੇ ਇਸ ਤਰ੍ਹਾਂ ਕਥਨ ਕਰਦੇ ਹਨ :—

"ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ ।
ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ ।"

(ਪੰਨਾ 710)

ਅਰਥਾਤ ਪੂਰਬਲੇ ਲਿਖੇ ਕਰਮਾਂ ਅਨੁਸਾਰ ਗੁਰੂ ਦੇ ਚਰਨਾਂ ਉਤੇ ਆਏ ਹਾਂ ਅਤੇ ਇਸ ਅਸਗਾਹ ਭਵਜਲ ਸਾਗਰ ਤੋਂ ਬੋਹਿਥ ਰੂਪੀ ਗੁਰੂ ਨੇ ਪਾਰ ਉਤਾਰ ਲਿਆ ਹੈ ।

## (ਕ) ਸੱਤਾ ਬਲਵੰਡ ਤੇ ਹੋਰ ਭੱਟ ਕਵੀ

ਸੱਤਾ ਤੇ ਬਲਵੰਡ ਜੋ ਗੁਰੂ ਘਰ ਦੇ ਰਬਾਬੀ ਤੇ ਜਸ ਗਾਇਕ ਸਨ ਅਤੇ ਆਦਿ ਗਰੰਥ ਸਾਹਿਬ ਦੇ ਭੱਟ ਕਵੀ ਜਿਨ੍ਹਾਂ ਨੇ ਪਹਿਲੇ ਪੰਜ ਸਤਿਗੁਰਾਂ ਦੇ ਸਰਗੁਣ ਸਰੂਪ ਨੂੰ ਆਪਣੇ ਨੇਤਰਾਂ ਨਾਲ ਨਿਹਾਰਿਆ ਹੈ ਅਤੇ ਉਨ੍ਹਾਂ ਦੀ ਹਜ਼ੂਰੀ ਸੰਗਤ ਤੇ ਹਜ਼ੂਰੀ ਪ੍ਰਕਾਸ਼ ਦੀ ਮਹਿਮਾ ਦਾ ਆਪਣੀਆਂ ਰਚਨਾਵਾਂ ਵਿਚ ਵਰਨਣ ਕੀਤਾ ਹੈ, ਸਤਿਗੁਰੂ ਦੇ ਸਰਗੁਣ ਸਰੂਪ ਦੀ ਮਹਿਮਾ ਨੂੰ ਉਜਾਗਰ ਕਰਨ ਵਾਲੇ ਬਾਣੀਕਾਰ ਹਨ । ਇਨ੍ਹਾਂ ਰਚਨਾਵਾਂ ਤੋਂ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਅਦੁੱਤੀ ਮਹਿਮਾ ਤੇ ਅਲੌਕਿਕ ਸ਼ਾਨ ਦਾ ਬੋਧ ਹੁੰਦਾ ਹੈ । ਸਤਿਗੁਰੂ ਦੇ ਸਰੂਪ ਵਰਨਣ ਤੇ ਬਖਸ਼ਿੰਦ ਦਰਿਸ਼ਟੀ ਦੇ ਪੱਖ ਤੋਂ ਗੁਰੂ ਗਰੰਥ ਸਾਹਿਬ ਦੀਆਂ ਇਹ ਬਾਣੀਆਂ ਬਹੁਤ ਹੀ ਮਹੱਤਵਪੂਰਨ ਹਨ । ਕਿਸ ਤਰ੍ਹਾਂ ਅਕਾਲ ਪੁਰਖ ਦਾ ਜੋਤੀ ਸਰੂਪ ਇਨ੍ਹਾਂ ਸਤਿਗੁਰਾਂ ਵਿਚ ਅਵਤ੍ਰਿਤ ਹੁੰਦਾ ਹੈ ਅਤੇ ਕਿਸ ਤਰ੍ਹਾਂ ਇਹ ਗੁਰੂ ਜੋਤ ਅਗਲੇ ਗੁਰੂ ਵਿਚ ਪਰਵਿਸ਼ਟ ਹੁੰਦੀ ਹੈ, ਇਸ ਦੇ ਮਰਮ ਨੂੰ ਇਨ੍ਹਾਂ ਗੁਰੂ ਵਿਰੋਸਾਏ ਜਸ ਗਾਇਕਾਂ ਨੇ ਜਾਣਿਆ ਅਤੇ ਵਿਖਿਆਣਿਆ ਹੈ, ਜਿਵੇਂ :—

"ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ"

ਅਰਥਾਤ ਗੁਰੂ ਨਾਨਕ ਦੇਵ ਜੀ ਨੇ ਇਸ ਅਧਿਆਤਮਕ ਰਾਜ ਨੂੰ (Spiritual Kingdom) ਸਥਾਪਤ ਕਰ ਦਿੱਤਾ ਹੈ, ਜਿਸ ਦੇ ਸੱਚ ਦੇ ਕੋਟ (ਕਿਲ੍ਹੇ) ਦੀਆਂ ਨੀਹਾਂ ਬੜੀਆਂ ਪੱਕੀਆਂ ਅਤੇ ਬਲਵਾਨ ਹਨ । ਸਤਿਗੁਰੂ (ਜੋ ਸੱਚਾ ਪਾਤਸ਼ਾਹ ਹੈ) ਦੇ ਸਿਰ ਉਪਰ ਨਿਰੰਜਨੀ ਛਤਰ ਝੁਲਦਾ ਹੈ ਅਤੇ ਇਕ ਗੁਰੂ ਵਿਅੰਕਤੀ ਅਗਲੇ ਗੁਰੂ ਨੂੰ—



Sri Satguru Jagjit Singh Ji eLibrary NamdhariElibrary@gmail.com

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ।"

(ਪੰਨਾ 966)

ਦੇ ਰਹੱਸ ਨੂੰ ਕਿਵੇਂ ਪ੍ਰਗਟਾ ਜਾਂਦਾ ਹੈ ।

(i) "ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ।
ਤੁਧੁ ਡਿਠੇ ਸਚੇ ਪਾਤਿਸਾਹ[s] ਮਲੁ ਜਨਮ ਜਨਮ ਦੀ ਕਟੀਐ ।"

(ਪੰਨਾ 967)

ਗੁਰਬਾਣੀ ਦੀਆਂ ਉਪਰੋਕਤ ਪੰਗਤੀਆਂ ਸਭ ਗੁਰੂ ਸਾਹਿਬਾਨ ਦੀ ਕੀਰਤੀ ਨੂੰ ਉਜਾਗਰ ਕਰਨ ਵਾਲੀਆਂ ਹਨ ।

ਭਟ—ਕਵੀਆਂ ਨੂੰ ਜੋ ਇਕ ਸਾਲ ਪੂਰਾ ਮਨ ਦੀ ਸ਼ਾਂਤੀ ਲਈ, ਅਧਿਆਤਮ ਗੁਰੂ ਦੀ ਭਾਲ ਵਿਚ ਭਟਕਦੇ ਫਿਰਦਿਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਥਾਪਤ ਇਸ ਨਿਹਚਲ ਰਾਜ ਦੇ ਸੱਚੇ ਪਾਤਸ਼ਾਹਾਂ ਤੋਂ ਹੀ ਮਾਨਸਿਕ ਅਤੇ ਆਤਮਿਕ ਸ਼ਾਂਤੀ ਮਿਲੀ । ਉਨ੍ਹਾਂ ਨੇ ਪੰਜਾਂ ਗੁਰੂ ਸਾਹਿਬਾਨ ਦੀ ਉਸਤਤੀ ਵਿਚ ਲਿਖੇ ਗਏ ਸਵੱਈਆਂ ਵਿਚ ਸਤਿਗੁਰੂ ਦੇ ਹਜ਼ੂਰੀ ਦਰਸ਼ਨ ਦੀ ਈਸ਼ਵਰੀ ਮਹਿਮਾ ਨੂੰ ਯਥਾਰਥ ਪਰ ਅਤਿ ਦੇ ਕਾਵਿ ਮਈ ਅਤੇ ਸੁਅਲੰਕ੍ਰਿਤ ਰੂਪ ਵਿਚ ਵਰਨਣ ਕੀਤਾ ਹੈ । ਇਨ੍ਹਾਂ ਦੇ ਕੁਝ ਕਾਵਿ ਰਤਨ ਇਥੇ ਪ੍ਰਮਾਣ ਵਜੋਂ ਪੇਸ਼ ਹਨ :

(ii) "ਸਤਿਗੁਰ ਮਤਿ ਗੂੜ੍ਹ ਬਿਮਲ ਸਤ ਸੰਗਤਿ
ਆਤਮੁ ਰੰਗਿ ਚਲੂਲੁ ਭਯਾ ।
ਜਾਗ੍ਯਾ ਮਨੁ ਕਵਲੁ ਸਹਿਜ ਪਰਕਾਸ੍ਯਾ
ਅਭੈ ਨਿਰੰਜਨੁ ਘਰਹਿ ਲਹਾ ।
ਸਤਿਗੁਰਿ ਦਯਾਲਿ ਹਰਿਨਾਮੁ ਦ੍ਰਿੜ੍ਹਾਯਾ
ਤਿਸੁ ਪ੍ਰਸਾਦਿ ਵਸਿ ਪੰਚ ਕਰੇ ।
ਕਵਿ ਕਲ੍ਯ ਠਕੁਰ ਹਰਦਾਸ ਤਨੇ
ਗੁਰ ਰਾਮ ਦਾਸ ਸਰ ਅਭਰ ਭਰੇ ।"

(ਆਦਿ ਗਰੰਥ, ਪੰਨਾ 1396–97)

(iii) "ਗੁਰੁ ਜਿਨ੍ਹ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ।
ਜਿਨ੍ਹ ਜਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ।
ਗੁਰੁ ਜਿਨ੍ਹ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ।
ਜਿਨ੍ਹ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ।
ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ ।
ਸ੍ਰੀ ਗੁਰੂ ਸਰਣਿ ਭਜੁ ਕਲ੍ਯ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ ।"

(ਆਦਿ ਗਰੰਥ, 1398)

ਨਿਮਨ ਲਿਖਤ ਸਵੱਯੇ ਵਿਚ ਭੱਟ 'ਨਲ੍ਯ' ਗੁਰੂ ਵਿਅਕਤੀ ਦੀ ਪਾਵਨ ਪਵਿੱਤਰ



Sri Satguru Jagjit Singh Ji eLibrary NamdhariElibrary@gmail.com

ਪਾਰਸ-ਛੋਹ ਦਾ ਵਰਨਣ ਅਤਿ ਸੁੰਦਰ ਅਲੰਕਾਰਕ ਸ਼ੈਲੀ ਵਿਚ ਕਰ ਰਿਹਾ ਹੈ :—

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ।
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ।
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ।
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ।
ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ, ਦੁਖ ਦਰਿਦ੍ਰ ਤਿਨ ਕੇ ਗਇਅ ।
ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ।

(ਆਦਿ ਗਰੰਥ, ਪੰਨਾ 1399)

ਇਕ ਹੋਰ ਭੱਟ ਕਵੀ ਨੇ ਸਤਿਗੁਰੂ ਦੀ ਵਡਿਆਈ ਦਾ ਕਥਨ ਇਸ ਤਰ੍ਹਾਂ ਕੀਤਾ ਹੈ :—

(v) "ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ।
ਗੁਰਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ।"

(ਆਦਿ ਗਰੰਥ ਪੰਨਾ 1401)

## (ਕ) ਆਦਿ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਬਾਹਰ ਦੇ ਸਿੱਖ ਕਵੀ

ਗੁਰਮਤ ਕਾਵਿ ਵਿਚ ਆਦਿ ਗਰੰਥ ਸਾਹਿਬ ਦੀ ਗੁਰਬਾਣੀ ਤੋਂ ਬਿਨਾਂ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦਾ ਸਰੇਸ਼ਟ ਸਥਾਨ ਹੈ । ਭਾਈ ਗੁਰਦਾਸ ਦੀ ਬਾਣੀ ਵਾਰਾਂ (ਵਾਰਾਂ ਕਬਿੱਤ, ਸਵੱਯੇ ਆਦਿ) ਤਾਂ ਗੁਰੂ ਸਿੱਖ ਦੇ ਅਨੁਰਾਗ ਮਈ ਸੰਬੰਧਾਂ ਅਤੇ ਇਕ ਆਦਰਸ਼ ਸਿੱਖ ਦੀ ਰਹਿਤ ਮਰਯਾਦਾ ਉੱਤੇ ਪੂਰਨ ਭਾਂਤ ਪ੍ਰਕਾਸ਼ ਪਾਉਂਦੇ ਹਨ । ਇਸ ਰਚਨਾ ਨੂੰ ਇਕ ਤਰ੍ਹਾਂ ਨਾਲ ਗੁਰਮਤ ਦੀ ਆਚਾਰ ਸੰਘਤਾ ਵੀ ਪ੍ਰਵਾਨ ਕੀਤਾ ਜਾਂਦਾ ਹੈ । ਇਸੇ ਤਰ੍ਹਾਂ ਭਾਈ ਨੰਦ ਲਾਲ ਜੀ ਦਾ ਬਹੁਤਾ ਕਲਾਮ ਫ਼ਾਰਸੀ ਵਿਚ ਹੈ । ਫਿਰ ਵੀ ਗੁਰੂ ਸਿੱਖ ਦੇ ਆਦਰਸ਼ਕ ਸੰਕਲਪਾਂ ਦੇ ਚਮਤਕਾਰੀ ਰਹੱਸ ਨੂੰ ਸਮਝਾਉਣ ਵਿਚ ਇਸ ਸਰੋਦੀ ਰਚਨਾ ਦੀ ਬੜੀ ਵੱਡੀ ਭੂਮਿਕਾ ਹੈ । ਵਿਸਥਾਰ ਤੋਂ ਸੰਕੋਚ ਕਰਦੇ ਹੋਏ ਇਥੇ ਇਨ੍ਹਾਂ ਆਚਾਰੀਆਂ ਦੇ ਬਚਨ ਸੰਕੇਤ ਹੀ ਦਿੱਤੇ ਜਾਂਦੇ ਹਨ :

"ਸਉਦਾ ਇਕਤੁ ਹਟਿ ਹੈ ਸਾਹੁ ਸਤਿਗੁਰੁ ਪੂਰਾ ।
ਅਉਗੁਣ ਲੈ ਗੁਣ ਵਿਕਣੈ ਵਚਨੈ ਦਾ ਸੂਰਾ ।
ਸਫਲੁ ਕਰੈ ਸਿੰਮਲੁ ਬਿਰਖੁ ਸੋਵਰਨੁ ਮਨੂਰਾ ।
ਵਾਂਸ ਸੁਵਾਸੁ ਨਿਵਾਸੁ ਕਰਿ ਕਾਉਂ ਹੰਸ ਨ ਊਰਾ ।
ਘੁਘੂ ਸੁਝ ਸੁਝਾਇੰਦਾ ਸੰਖ ਮੋਤੀ ਚੂਰਾ ।
ਵੇਦ ਕਤੇਬਹੁ ਬਾਹਰਾ ਗੁਰੂ ਸ਼ਬਦ ਹਜ਼ੂਰਾ ।"

(ਭਾਈ ਗੁਰਦਾਸ, ਵਾਰ 13ਵੀਂ)



Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਿਗੁਣਆਰੇ ।
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ।
ਸੁਖ ਸਾਗਰੁ ਗੁਰ ਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ ।
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ ।
ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ ।
ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ ।
ਸਤਿਗੁਰੁ ਆਗੂ ਜਾਣੀਐ ਬਾਂਹ ਪਕੜ ਅੰਧਲੇ ਉਧਾਰੇ ।
ਮਾਣ ਨਿਮਾਣੇ ਸਦ ਬਲਿਹਾਰੇ ।

(ਭਾਈ ਗੁਰਦਾਸ, ਵਾਰ 26ਵੀਂ)

ਮੁਰਸ਼ਦੇ ਹਰ ਚੀਜ਼ ਮੇ ਬਾਸਤ ਬਸੇ ।
ਮੁਰਸ਼ਦੇ ਕਾਮਿਲ ਕੁਜਾ ਯਾਬਦ ਕਸੇ ?
ਮੁਰਸ਼ਦੇ ਕਾਮਿਲ ਇਲਾਜੇ ਦਿਲ ਕੁਨਦ ।
ਈਂ ਮੁਰਾਦੇ ਦਿਲ ਬਦਿਲ ਹਾਸਲ ਕੁਨਦ ।
ਨਾਮੇਂ ਬੇਮੁਰਸ਼ਦ ਮਯਾਵਰ ਬਰ ਜ਼ਬਾਂ ।
ਮੁਰਸ਼ਦੇ ਕਾਮਿਲ ਦਿਹਦ ਅਜ਼ ਹਕ ਨਿਸ਼ਾਂ ।

(ਜ਼ਿੰਦਗੀਨਾਮਾ)

II

## ਸਤਿਗੁਰੂ ਦੇ ਦਰਸ਼ਨ ਦੀ ਮਹਾਨਤਾ

ਸਿੱਖ ਜਗਤ ਵਿਚ ਸਤਿਗੁਰੂ ਦੇ ਦਰਸ਼ਨ ਦਾ ਬਹੁਤ ਵੱਡਾ ਮਹਾਤਮ ਮੰਨਿਆਂ ਜਾਂਦਾ ਹੈ । ਗੁਰੂ ਦਾ ਸਿੱਖ ਅਕਾਲ ਪੁਰਖ ਦੇ ਦਰਸ਼ਨ ਵੀ ਸਤਿਗੁਰੂ ਦੇ ਸਰਗੁਣ ਸਰੂਪ ਦੁਆਰਾ ਹੀ ਕਰਦਾ ਹੈ । ਗੁਰੂ ਦੇ ਦਰਸ਼ਨ ਲਈ ਸਿੱਖ ਸਦਾ ਤਾਂਘਦਾ ਰਹਿੰਦਾ ਹੈ । ਚਾਤ੍ਰਿਕ ਨੂੰ ਸ੍ਵਾਂਤ ਬੂੰਦ ਮਿਲਣ ਸਮਾਨ ਉਸ ਦੇ ਤਪਦੇ ਮਨ ਨੂੰ ਸ਼ਾਂਤੀ ਉਸ ਸਮੇਂ ਹੀ ਪ੍ਰਾਪਤ ਹੁੰਦੀ ਹੈ, ਜਦੋਂ ਉਹ ਗੁਰੂ ਦੀ ਹਜ਼ੂਰੀ ਵਿਚ ਪਹੁੰਚ ਕੇ ਆਪਣਾ ਮਸਤਕ ਸਤਿਗੁਰੂ ਦੇ ਚਰਨ ਕੰਵਲਾਂ ਉੱਤੇ ਜਾ ਰਖਦਾ ਹੈ । ਗੁਰੂ ਦੇ ਚਰਨ ਕੰਵਲਾਂ ਦੀ ਪ੍ਰੀਤ ਤਾਂ ਉਸ ਨੂੰ ਰਾਜਭਾਗ ਅਤੇ ਮੁਕਤੀ ਦੀ ਪ੍ਰਾਪਤੀ ਤੋਂ ਵੀ ਵਧੇਰੇ[9] ਮੁਲਵਾਨ ਪ੍ਰਤੀਤ ਹੁੰਦੀ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਹਾਲੇ ਗੁਰੂ ਨਹੀਂ ਸਨ ਥਾਪੇ ਗਏ ਅਤੇ ਗੁਰੂ ਪਿਤਾ ਦੀ ਆਗਿਆ ਅਨੁਸਾਰ ਲਾਹੌਰ ਗਏ ਹੋਏ ਸਨ, ਤਾਂ ਉਨ੍ਹਾਂ ਦੀ ਗੁਰੂ ਦਰਸ਼ਨ ਦੀ ਲੋਚਾ ਮਾਝ ਰਾਗ ਦੇ ਚਉਪਦੇ ਵਿਚ ਜਿਸ ਤਰ੍ਹਾਂ ਬਿਰਹਾ ਭਿੱਜੇ ਸਵਰ ਵਿਚ ਅਭਿਵਿਅਕਤ ਹੋਈ ਹੈ ਉਹ ਗੁਰੂ ਦਰਸ਼ਨ ਦੀ ਸਿੱਕ ਦਾ ਅਤਿ ਉੱਤਮ ਉਦਾਹਰਣ ਹੈ ।



Sri Satguru Jagjit Singh Ji eLibrary NamdhariElibrary@gmail.com

(i) "ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ ।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ ।
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰਦਰਸਨ ਸੰਤ ਪਿਆਰੇ ਜੀਉ ।" (ਆਦਿ ਗਰੰਥ, ਪੰਨਾ 96)

ਅਤੇ

(ii) "ਦਰਸਨਿ ਪਰਸਿਐ ਗੁਰੂ ਕੈ
ਅਠਸਠਿ ਮਜਨੁ ਹੋਇ ।" (ਆਦਿ ਗਰੰਥ, ਪੰਨਾ 1392)

ਅਰਥਾਤ ਸਤਿਗੁਰੂ ਦੇ ਦਰਸ਼ਨ ਦਾ ਫਲ ਅਠਾਹਠ ਤੀਰਥਾਂ ਦੇ ਇਸ਼ਨਾਨ ਦੇ ਸਮਾਨ ਹੈ । ਪਰ ਇਹ ਦਰਸ਼ਨ ਪੂਰਨ ਕਰਮ ਅਰਥਾਤ ਗੁਰੂ ਦੀ ਬਖਸ਼ਸ਼ ਦੁਆਰਾ ਹੀ ਹੁੰਦਾ ਹੈ । ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ :—

ਦਰਸਨੁ ਦੇਖਿ ਜੀਵਾ ਗੁਰ ਤੇਰਾ ।
ਪੂਰਨ ਕਰਮੁ ਹੋਇ ਪ੍ਰਭ ਮੇਰਾ ।
ਇਹ ਬੇਨੰਤੀ ਸੁਣਿ ਪ੍ਰਭ ਮੇਰੇ ।
ਦੇਹਿ ਨਾਮੁ ਕਰਿ ਅਪਣੇ ਚੇਰੇ । ਰਹਾਉ ।
ਅਪਣੀ ਸਰਣਿ ਰਾਖੁ ਪ੍ਰਭ ਦਾਤੇ ।
ਗੁਰਪ੍ਰਸਾਦਿ ਕਿਨੈ ਵਿਰਲੈ ਜਾਤੇ ।
ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ।
ਚਰਨ ਕਮਲ ਵਸਹਿ ਮੇਰੈ ਚੀਤਾ ।
ਨਾਨਕੁ ਏਕ ਕਰੈ ਅਰਦਾਸਿ ।
ਵਿਸਰੁ ਨਾਹੀ ਪੂਰਣ ਗੁਣਤਾਸਿ ।
(ਆਦਿ ਗਰੰਥ, ਪੰਨਾ 741-42)

ਗੁਰੂ ਦਾ ਸਿੱਖ ਗੁਰੂ ਦੇ ਦਰਸ਼ਨ ਲਈ ਕਿੰਨਾ ਕਸ਼ਟ ਝੱਲ ਸਕਦਾ ਹੈ ਅਤੇ ਕਿਵੇਂ ਝਖੜਾਂ ਵਿਚ ਸਾਗਰਾਂ ਨੂੰ ਚੀਰ ਕੇ ਗੁਰੂ ਦੇ ਦਰਸ਼ਨਾਂ ਲਈ ਜਾਂਦਾ ਹੈ, ਇਸ ਦਾ ਵਰਨਣ ਗੁਰੂ ਰਾਮ ਦਾਸ ਜੀ ਸੂਹੀ ਰਾਗ ਦੀ ਇਕ ਅਸ਼ਟਪਦੀ ਵਿਚ ਇਸ ਪ੍ਰਕਾਰ ਕਰਦੇ ਹਨ :—

ਝਖੜੁ ਝਾਗੀ ਮੀਹੁ ਵਰਸੈ
ਭੀ ਗੁਰੁ ਦੇਖਣ ਜਾਈ । 13 ।
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ । 14 ।



Sri Satguru Jagjit Singh Ji eLibrary NamdhariElibrary@gmail.com

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿੱਖ ਗੁਰ ਬਿਨੁ ਮਰ ਜਾਈ । 15 ।
ਜਿਉ ਧਰਤੀ ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰ ਮਿਲਿ ਬਿਗਸਾਈ । 16 ।
ਸੇਵਕ ਕਾ ਹੋਇ ਸੇਵਕੁ ਵਰਤਾ
ਕਰਿ ਕਰਿ ਬਿਨਉ ਬੁਲਾਈ । 17 ।
ਨਾਨਕ ਕੀ ਬੇਨੰਤੀ ਹਰਿ ਪਹਿ
ਗੁਰ ਮਿਲਿ ਗੁਰ ਸੁਖੁ ਪਾਈ । 18 ।

(ਆਦਿ ਗਰੰਥ, ਪੰਨਾ 757-58)

ਗੁਰਬਾਣੀ ਦੇ ਉਪਰੋਕਤ ਵਾਕਾਂ ਵਿਚਲੀ ਗੁਰੂ ਦਰਸ਼ਨ ਲਈ ਸਿੱਖ ਦੀ ਬਿਹਬਲਤਾ ਹੋਰ ਵੀ ਪ੍ਰਤਖ ਹੋ ਜਾਂਦੀ ਹੈ ਜਦੋਂ ਅਸੀਂ ਸ੍ਰੀ ਗੁਰੂ ਰਾਮ ਸਿੰਘ ਜੀ ਦੇ ਉਸ ਸਮੇਂ ਦੇ ਸਮਾਚਾਰ ਪੜ੍ਹਦੇ ਹਾਂ, ਜਦੋਂ ਉਨ੍ਹਾਂ ਨੂੰ ਬਰਤਾਨਵੀ ਸਰਕਾਰ ਨੇ 1818 ਦੇ ਰੈਗੂਲੇਸ਼ਨ III ਦੇ ਅਧੀਨ ਨਜ਼ਰ ਬੰਦ ਕਰਕੇ ਜਲਾਵਤਨ ਕਰ ਦਿੱਤਾ ਗਿਆ ਸੀ । ਰੰਗੂਨ ਤੇ ਮਰਗੋਈ ਜਿਥੇ ਉਨ੍ਹਾਂ ਨੇ ਸਾਮਰਾਜੀ ਸਰਕਾਰ ਦੀ ਕੈਦ ਵਿਚ ਲੰਮਾ ਸਮਾਂ ਗੁਜ਼ਾਰਿਆ ਅਤੇ ਉਨ੍ਹਾਂ ਉਤੇ ਸਖ਼ਤ ਪਹਿਰੇ ਰਖੇ ਗਏ । ਉਥੇ ਵੀ ਬਹੁਤ ਸਾਰੇ ਸਿੱਖ ਉਨ੍ਹਾਂ ਦੇ ਦਰਸ਼ਨਾਂ ਲਈ ਪੁਜਦੇ ਰਹੇ । ਅਜਿਹੇ 80 (ਅੱਸੀ) ਸਿੰਘਾਂ ਦੀ ਸੂਚੀ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਪੁਸਤਕਾਂ[10] ਵਿਚ ਦਰਜ ਹੈ । ਜਿਥੇ ਇਨ੍ਹਾਂ ਦੇ ਸਮਾਚਾਰਾਂ ਦੇ ਵੇਰਵੇ ਸਹਿਤ ਹਵਾਲੇ ਦਿੱਤੇ ਗਏ ਹਨ । ਇਨ੍ਹਾਂ ਵਿਚੋਂ ਕਈਆਂ ਉਤੇ ਮੁਕੱਦਮੇ ਚਲੇ ਅਤੇ ਸਜ਼ਾਵਾਂ ਹੋਈਆਂ ਪਰ ਇੰਨੀਆਂ ਰੋਕਾਂ, ਪਾਬੰਦੀਆਂ ਅਤੇ ਪਹਿਰਿਆਂ ਦੇ ਹੁੰਦਿਆਂ ਹੋਇਆਂ ਵੀ ਭਾਈ ਮੀਹਾਂ ਸਿੰਘ ਅਤੇ ਭਾਈ ਸਮੁੰਦ ਸਿੰਘ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਦਰ ਜੇਲ੍ਹ ਵਿਚ ਜਾ ਮਿਲੇ ਸਨ । ਇਨ੍ਹਾਂ ਦਾ ਹਾਲ ਬਹੁਤ ਸੁੰਦਰ ਕਵਿਤਾ ਵਿਚ ਬਾਬਾ ਚੰਦਾ ਸਿੰਘ[11] ਜੀ ਨੇ ਆਪਣੇ ਬਾਰਾਮਾਹ ਵਿਚ ਇਸ ਤਰ੍ਹਾਂ ਲਿਖਿਆ ਹੈ :—

"ਜਿਹੜੇ ਸਿੰਘ ਗੁਰਾਂ ਦੇ ਪਿਆਰੇ । ਲੰਘ ਕੇ ਗਏ ਸਮੁੰਦਰ ਪਾਰੇ ।
ਸਤਿਗੁਰ ਬੈਠੇ ਵਿਚ ਚਉਬਾਰੇ । ਫੇਰਨ ਮਾਲਾ ਤਪ ਨੂੰ ਧਾਰੇ-ਜਪਦੇ ਨਾਮ ਨੂੰ ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਦ ਵਿਛੋੜੇ ਵਿਚ ਜੋ ਹਾਲ ਸਤਿਗੁਰੂ ਹਰੀ ਸਿੰਘ ਜੀ ਦਾ ਹੋਇਆ ਅਤੇ ਜਿਸ ਤਰ੍ਹਾਂ ਸਾਧ ਸੰਗਤ ਨੇ ਸਤਿਗੁਰੂ ਜੀ ਦੇ ਵਿਛੋੜੇ ਦਾ ਸੱਲ ਅਨੁਭਵ ਕੀਤਾ, ਉਸ ਦਾ ਵਰਨਣ ਵੀ ਨਾਮਧਾਰੀ ਕਵੀਆਂ ਨੇ ਬੜੇ ਦਰਦ ਭਿੱਜੇ ਸੁਰ ਵਿਚ ਕੀਤਾ ਹੈ :—

"ਸਤਿਗੁਰੂ ਜਾ ਬੈਠੇ ਪਰਦੇਸ
ਸੰਗਤ ਰਹਿੰਦੀ ਮੈਲੇ ਵੇਸ ।
ਮਨ ਵਿਚ ਚਿੰਤਾ ਕਰਨ ਹਮੇਸ ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਆਵੇਂ ਆਪਣੇ ਦੇਸ।
ਕਿਸੇ ਵਾਰ ਕਰੋ ਪਰਵੇਸ—ਅੰਦਰ ਭਾਵਦੇ।"

ਅਤੇ

"ਗੁਰੂ ਦੀ ਜੁਗ ਜੁਗ ਜੋਤ ਸਵਾਈ।
ਹੁਣ ਤਾਂ ਰੁੱਤ ਮਿਲਣੇ ਦੀ ਆਈ।
ਸੰਗਤ ਦਰਸ਼ਨ ਦੀ ਸਧਰਾਈ।
ਭਰਥ ਵਾਂਗ ਉਡੀਕੇ ਭਾਈ।
ਦਰਸ਼ਨ ਦੇਹੋ ਰਘੂ ਪਤਿ ਰਾਈ—ਕ੍ਰਿਪਾ ਧਾਰ ਕੇ।"

(ਬਾਰਾਂ ਮਾਹ, ਬਾਬਾ ਚੰਦਾ ਸਿੰਘ)

ਪਰ ਸਤਿਗੁਰੂ ਜੀ ਆਪਣੇ ਸਿੱਖਾਂ ਪ੍ਰਤੀ 'ਭਗਤ ਵਛਲ' ਵਾਲਾ ਬਿਰਦ ਪਾਲਦੇ ਹਨ। ਭਾਈ ਗੁਰਦਾਸ ਜੀ ਦਾ ਕਥਨ :—

"ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।"

ਇਸ ਕਥਨ ਦਾ ਪ੍ਰਮਾਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਭਾਈ ਰਾਏ ਸਿੰਘ ਦੇ ਸਮਾਚਾਰਾਂ ਤੋਂ ਮਿਲ ਜਾਂਦਾ ਹੈ, ਕਿ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੀ ਹਜ਼ੂਰ ਸਾਹਿਬ ਦੀ ਲੰਮੀ ਯਾਤਰਾ ਵਿਚ ਸਮੇਂ ਸਮੇਂ ਸਹਾਇਤਾ ਕੀਤੀ ਅਤੇ ਸ੍ਰੀ ਭੈਣੀ ਸਾਹਿਬ ਵਾਪਸ ਪੁਜਣ ਸਮੇਂ ਉਸ ਨੂੰ ਅਗਲਵਾਂਢੀ ਹੋ ਕੇ ਦਰਸ਼ਨ ਦਿੱਤੇ ਅਤੇ ਹਾਲ ਚਾਲ ਪੁੱਛਿਆ।

## III

## ਗੁਰਸਿੱਖ ਦੀ ਰਹਿਤ ਮਰਯਾਦਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰਮਤ ਦੇ ਨੇਮਾਂ ਨੂੰ ਦ੍ਰਿੜ੍ਹਾਉਣ ਲਈ ਸਤਿਗੁਰੂ ਦੀ ਅਗਵਾਈ ਗੁਰਸਿੱਖਾਂ ਨੂੰ ਨਿਰੰਤਰ ਤੇ ਸਦਾ ਪ੍ਰਾਪਤ ਰਹੀ ਹੈ। ਗੁਰਬਾਣੀ ਵਿਚ ਦੱਸੇ ਗਏ ਮਾਰਗ ਦੇ ਆਧਾਰ ਉੱਤੇ ਗੁਰੂ ਸਾਹਿਬਾਨ ਵੱਲੋਂ ਸਮੇਂ ਸਮੇਂ ਦਿੱਤੇ ਗਏ ਆਦੇਸ਼ਾਂ, ਨਿਰਦੇਸ਼ਾਂ ਅਤੇ ਹੁਕਮਨਾਮਿਆਂ ਦੇ ਰੂਪ ਵਿਚ ਇਹ ਅਗਵਾਈ ਗੁਰਸਿੱਖਾਂ ਨੂੰ ਪਿਛਲੀਆਂ ਪੰਜ ਸਦੀਆਂ ਤੋਂ ਪ੍ਰਾਪਤ ਹੁੰਦੀ ਰਹੀ ਹੈ। ਗੁਰਸਿੱਖ ਕਵੀਆਂ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਜੀ ਵਰਗੇ ਗੁਰਮਤ ਆਚਾਰੀਆਂ ਨੇ ਗੁਰਮਤ ਅਨੁਸਾਰ ਗੁਰਸਿੱਖ ਦੀ ਆਦਰਸ਼ਕ ਰਹਿਣੀ-ਬਹਿਣੀ, ਨਿਤ ਕ੍ਰਿਆ ਅਤੇ ਸਮਾਜਿਕ ਵਰਤੋਂ ਵਿਹਾਰ ਦੀ ਵਿਆਖਿਆ ਕੀਤੀ ਹੈ। ਗੁਰੂ ਸਾਹਿਬਾਨ ਦਾ ਆਸ਼ਾ ਤਾਂ ਆਪਣੇ ਸਿੱਖਾਂ, ਸ਼ਹੀਦਾਂ, ਮੁਰੀਦਾਂ ਦੇ ਵਿਅਕਤੀਗਤ ਤੇ ਸੰਗਤੀ ਜੀਵਨ ਨੂੰ ਉਚੇਰੀ ਭਾਂਤ ਦੀ ਆਦਰਸ਼ਕ ਮਰਯਾਦਾ ਤੇ ਗੁਰਮਤ ਵਿਧਾਨ ਅਨੁਸਾਰ ਢਾਲਣਾ ਅਤੇ ਉਸਾਰਨਾ ਸੀ। ਗੁਰੂ ਸਾਹਿਬਾਨ ਦੇ ਸੰਤ ਸਿਪਾਹੀਆਂ ਤੇ ਬਹਾਦਰ ਸਿੰਘਾਂ ਨੇ



Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਵਿਚ ਜਿਹੜੇ ਮਹਾਨ ਕਾਰਨਾਮੇ ਕਰ ਵਿਖਾਏ ਹਨ, ਉਨ੍ਹਾਂ ਦਾ ਆਧਾਰ ਉਹ ਗੁਰਮਰਯਾਦਾ ਹੀ ਹੈ, ਜਿਸ ਨੂੰ ਮੁੱਖ ਰਖ ਕੇ ਗੁਰੂ ਦੇ ਸਿੱਖਾਂ ਨੇ ਗੁਰੂ ਦੀ ਕ੍ਰਿਪਾ ਨਾਲ ਆਪਣੇ ਵਿਅਕਤੀਗਤ ਤੇ ਸਪਸ਼ਟੀਗਤ ਚਰਿੱਤਰ ਨੂੰ ਢਾਲਿਆ ਹੈ।

ਭਾਈ ਗੁਰਦਾਸ ਜੀ ਨੇ ਠੀਕ ਇਸ ਮਰਯਾਦਾ ਨੂੰ :—

"ਗੁਰ ਸਿਖੀ ਬਾਰੀਕ ਹੈ,
ਸਿਲ ਚਟਣ ਅਲੂਣੀ" ਕਿਹਾ ਹੈ।

ਸ੍ਰੀ ਗੁਰੂ ਅਮਰ ਦਾਸ ਜੀ ਵੀ ਸਿੱਖੀ ਦੇ ਇਸ ਮਾਰਗ ਨੂੰ "ਖੰਨਿਅਹੁ ਤਿਖੀ ਵਾਲਹੁ ਨਿਕੀ" ਦੱਸਦੇ ਹਨ। ਅਨੰਦ ਸਾਹਿਬ ਦੇ ਚੌਧਵੇਂ ਬੰਦ ਵਿਚ ਆਪ ਸਿੱਖੀ ਦੇ 'ਏਤ ਮਾਰਗ' ਨੂੰ ਭਗਤਾਂ ਦੀ ਨਿਰਾਲੀ ਚਾਲ ਦਸਦੇ ਹਨ। ਇਸੇ ਬੰਦ ਵਿਚ ਆਪ ਨੇ ਗੁਰਸਿੱਖ ਦੇ ਜੀਵਨ ਲਈ ਕਰੜੇ ਮਾਰਗ ਨੂੰ ਨਿਰਧਾਰਤ ਕਰ ਦਿੱਤਾ ਹੈ :—

"ਭਗਤਾ ਕੀ ਚਾਲ ਨਿਰਾਲੀ।
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾਂ ਬਹੁਤੁ ਨਾਹੀ ਬੋਲਣਾ।
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਰਾਮਕਲੀ ਪਾਤਸ਼ਾਹੀ ਦਸਵੀਂ ਵਿਚ ਸਿੱਖੀ ਮਾਰਗ ਦਾ ਅਜਿਹਾ ਹੀ ਕਰੜਾ ਵਿਧਾਨ ਦੱਸਿਆ ਹੈ :—

"ਰੇ ਮਨ ਐਸੋ ਕਰ ਸੰਨਿਆਸਾ।
ਬਨ ਸੇ ਸਦਨ ਸਬੈ ਕਰਿ ਸਮਝਹੁ
ਮਨ ਹੀ ਮਾਹਿ ਉਦਾਸਾ। 1। ਰਹਾਉ।
ਜਤ ਕੀ ਜਟਾ ਜੋਗ ਕੋ ਮਜਨ ਨੇਮ ਕੇ ਨਖਨ ਬਢਾਓ।
ਗਯਾਨ ਗੁਰੂ ਆਤਮ ਉਪਦੇਸੈ ਨਾਮ ਬਿਭੂਤ ਲਗਾਉ।
ਅਲਪ ਆਹਾਰ ਸੁਲਪਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ।
ਕਾਮ ਕ੍ਰੋਧ ਹੰਕਾਰ ਲੋਭ ਹਠ
ਮੋਹ ਨ ਮਨ ਸਿਉ ਲਯਾਵੈ।
ਤਬ ਹੀ ਆਤਮ ਤਤ ਕੋ ਦਰਸੈ
ਪਰਮ ਪੁਰਖ ਕਹਿ ਪਾਵੈ।"

ਸਰਲ ਰੂਪ ਵਿਚ ਇਹ ਵਿਧਾਨ ਤ੍ਰੈਮੁੱਖੀ ਹੈ। ਯਥਾ ਨਾਮ, ਦਾਨ, ਇਸ਼ਨਾਨ ਅਤੇ ਨਾਮ ਜਪਣਾ, ਕ੍ਰਿਤ ਕਰਨਾ, ਵੰਡ ਛਕਣਾ ਆਦਿ। ਕੁਝ ਅਸੂਲ ਵਿਅਕਤੀਗਤ ਰਹਿਣੀ ਨਾਲ ਸੰਬੰਧ ਰਖਦੇ ਹਨ ਅਤੇ ਦੂਜੇ ਸਮਾਜਿਕ ਵਿਵਹਾਰ ਨਾਲ—ਵਿਸ਼ੇਸ਼ ਕਰਕੇ ਕ੍ਰਿਤ ਕਰਨਾ ਅਤੇ ਵੰਡ ਛਕਣਾ ਆਦਿ।



Sri Satguru Jagjit Singh Ji eLibrary NamdhariElibrary@gmail.com

"ਨਾਮੁ ਦਾਨੁ ਇਸਨਾਨ ਦਿੜ੍ਹ ਮਨ ਬਚ ਕਰਮ ਕਰੈ ਮੇਲਾਣਾ।
ਗੁਰ ਸਿਖ ਥੋੜਾ ਬੋਲਣਾ ਥੋੜਾ ਸਉਣਾ, ਥੋੜਾ ਖਾਣਾ।
ਪਰ ਤਨ ਪਰ ਧਨ ਪਰ ਹਰੈ ਪਰ ਨਿੰਦਾ ਸੁਣਿ ਮਨਿ ਸ਼ਰਮਾਣਾ।
ਗੁਰੁ ਮੂਰਤਿ ਸਤਿਗੁਰੁ ਸਬਦੁ ਸਾਧੂ ਸੰਗਤਿ ਸਮਸਰਿ ਪਰਵਾਣਾ
ਇਕ ਮਨਿ ਇਕੁ ਅਰਾਧਣਾ ਦੂਤੀਆ ਨਾਸਤਿ ਭਾਵੈ ਭਾਣਾ
ਗੁਰਮੁਖਿ ਹੋਂਦੈ ਤਾਣਿ ਨਿਤਾਣਾ।" (ਭਾਈ ਗੁਰਦਾਸ, ਵਾਰ 32)

ਨਾਮ ਦੇ ਮੂਲ ਸੰਕਲਪ ਨਾਲ ਹੀ ਅੰਮ੍ਰਿਤ ਵੇਲੇ ਤੇ ਇਸ਼ਨਾਨ ਦਾ ਵਿਧਾਨ ਜੁੜਿਆ ਹੋਇਆ ਹੈ। ਭਾਰਤੀ ਸੰਸਕ੍ਰਿਤੀ ਵਿਚ ਅੰਮ੍ਰਿਤ ਵੇਲੇ ਦਾ ਵਿਸ਼ੇਸ਼ ਗੌਰਵ ਹੈ। ਇਸ ਦੇ ਨਾਲ ਹੀ ਸੁਚ ਅਤੇ ਸੌਧ ਦਾ ਵਿਚਾਰ "ਸੁਚ ਹੋਵੈ ਤਾਂ ਸਚ ਪਾਈਐ" ਵੀ ਜੁੜਿਆ ਹੋਇਆ ਹੈ।

ਹੇਠ ਲਿਖੇ ਗੁਰੂ ਕਥਨ ਉਦਾਹਰਣ ਮਾਤਰ ਕਾਫ਼ੀ ਹੋਣਗੇ :—

(i) "ਅੰਮ੍ਰਿਤ ਵੇਲਾ ਸਚੁ ਨਾਉ,
ਵਡਿਆਈ ਵੀਚਾਰੁ।" (ਜਪੁ, ਪਉੜੀ ਚੌਥੀ)

(ii) "ਗੁਰ ਸਤਿਗੁਰ ਕਾ ਜੋ ਸਿਖੁ ਅਖਾਏ।
ਸੁ ਭਲਕੇ ਉਠਿ ਹਰਿਨਾਮੁ ਧਿਆਵੈ।
ਉਦਮ ਕਰਕੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿੱਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।"
(ਆਦਿ ਗਰੰਥ, ਪੰਨਾ 305)

ਭਾਈ ਗੁਰਦਾਸ ਵੀ ਆਪਣੀ 12ਵੀਂ ਵਾਰ ਦੀ ਦੂਜੀ ਪਉੜੀ ਵਿਚ ਅੰਮ੍ਰਿਤ ਵੇਲੇ ਦੇ ਜਾਗਣ, ਇਸ਼ਨਾਨ ਤੇ ਨਾਮ ਜਪਣ ਦੇ ਵਿਧਾਨ ਬਾਰੇ ਲਿਖਦੇ ਹਨ :—

(iii) "ਕੁਰਬਾਣੀ ਤਿਨ੍ਹਾਂ ਗੁਰਸਿੱਖਾਂ
ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨ੍ਹਾ ਗੁਰਸਿੱਖਾਂ
ਹੋਇ ਇਕ ਮਨਿ ਗੁਰ ਜਾਪੁ ਜਪੰਦੇ।



Sri Satguru Jagjit Singh Ji eLibrary NamdhariElibrary@gmail.com

ਕੁਰਬਾਣੀ ਤਿਨ੍ਹਾ ਗੁਰਸਿੱਖਾਂ
ਸਾਧੂ ਸੰਗਤਿ ਚਲਿ ਜਾਇ ਜੁੜੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ
ਗੁਰਬਾਣੀ ਨਿਤਿ ਗਾਇ ਸੁਣੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ
ਭਾਇ ਭਗਤਿ ਗੁਰਪਰਬ ਕਰੰਦੇ ।
ਗੁਰ ਸੇਵਾ ਫਲ ਸੁਫਲ ਫਲੰਦੇ ।"

(ਵਾਰ ਭਾਈ ਗੁਰਦਾਸ, 12ਵੀਂ)

ਅਤੇ

(iv) ਕਿਰਤ ਵਿਰਤ ਕਰਿ ਧਰਮੁ ਦੀ
ਲੈ ਪਰਸਾਦ ਆਣਿ ਵਰਤੰਦਾ ।
ਗੁਰਸਿੱਖਾਂ ਨੂੰ ਦੇਇ ਕਰਿ
ਪਿਛੋਂ ਬਚਿਆ ਆਪ ਖਵੰਦਾ । (ਭਾਈ ਗੁਰਦਾਸ, ਵਾਰ 40ਵੀਂ)

(v) ਗੁਰਸਿੱਖ[18] ਰਹਿਤ ਸੁਨਹੁ ਮੇਰੇ ਮੀਤ
ਉਠਿ ਪ੍ਰਭਾਤ ਕਰੇ ਹਿਤ ਚੀਤ
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ
ਕਰ ਇਸਨਾਨ ਪੜੇ ਜਪ ਜਾਪ
ਦਰਸਨ ਕਰੇ ਮੇਰਾ ਪੁਨ ਆਇ ।
ਅਦਬ ਸਿਉਂ ਬੈਠ ਰਹਿਤ ਚਿਤ ਲਾਇ ।
ਤੀਨ ਪਹਿਰ ਜਬ ਬੀਤੇ ਜਾਣ ।
ਕਥਾ ਸੁਨੇ ਗੁਰ ਹਿਤ ਚਿਤ ਠਾਨ ।
ਸੰਧਿਆ ਸਮੇਂ ਸੁਨੇ ਰਹਿਰਾਸ ।
ਕੀਰਤਨ ਕਥਾ ਸੁਨੈ ਹਰਿ ਜਾਸ ।

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਵੀ ਗੁਰੂ ਪ੍ਰਤਾਪ ਸੂਰਜ, ਰਾਸ 1, ਅਧਿਆਏ 64 ਵਿਚ ਗੁਰਸਿੱਖ ਦੀ ਆਦਰਸ਼ਕ ਰਹਿਤ ਮਰਯਾਦਾ ਦਾ ਅਤਿ ਸੁੰਦਰ ਅਤੇ ਮਹੱਤਵਪੂਰਨ ਵਿਵਰਣ ਦਿਤਾ ਹੈ, ਜੋ ਇਸ ਪ੍ਰਕਾਰ ਹੈ :

ਧਰਮ ਕਿਰਤ ਕਰ ਸੰਤਨ ਸੇਵੈ ।
ਪਰ ਤ੍ਰਿਯ ਪਰ ਧਨ ਕਬਹੁੰ ਨਾ ਲੇਵੈ ।
ਨਿੰਦਾ ਝੂਠ ਨਾ ਨਿਠੁਰ ਬਖਾਨੇ ।
ਪਰ ਦੁਖ ਦੁਖ ਪਰ ਸੁਖ ਸੁਖ ਮਾਨੇ ।
ਛੁਧਾ ਬਿਨਾ ਨਹਿ ਪੈਬੋ ਕਰੈ ।
ਨੀਂਦ ਬਿਨਾ ਨਹਿੰ ਸੁਪਤਨ ਪਰੈ ।



Sri Satguru Jagjit Singh Ji eLibrary NamdhariElibrary@gmail.com

ਜੋ ਸੁਪਤਹਿ ਨਿਜ ਅਵਧਿ ਘਟਾਵੈ ।
ਛੁਧ ਬਿਨ ਖਾਇ ਰੋਗ ਉਪਜਾਵੈ ।
ਕਰਹੈ ਸਤਿਨਾਮ ਕੋ ਸਿਮਰਨ ।
ਸਾਸ ਸਾਸ ਜਪ ਬਿਸਰ ਨਾ ਇਕ ਛਿਨ ।
ਪਰਮੇਸੁਰ ਕਾ ਭਾਣਾ ਮਾਨਹਿ ।
ਨਹੀ ਦੋਸ ਪ੍ਰਭੂ ਮਹਿ ਕਬਿ ਠਾਨਹਿ ।
.... ... ... ...
... ... ... ...

## IV

## ਨਾਮਧਾਰੀ ਪੰਥ ਦਾ ਯੋਗਦਾਨ

ਅਠਾਰ੍ਹਵੀਂ ਸਦੀ ਸਿੰਘਾਂ ਲਈ ਕਰੜੀ ਪ੍ਰੀਖਿਆ ਦਾ ਸਮਾਂ ਸੀ । ਜਿਸ ਵਿਚ ਉਨ੍ਹਾਂ ਨੂੰ ਬੜਾ ਸੰਘਰਸ਼ ਕਰਨਾ ਪਿਆ ਅਤੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਬਹੁਤ ਸਾਰੀਆਂ ਕੁਰਬਾਨੀਆਂ ਦੇਣੀਆਂ ਪਈਆਂ । ਪਰ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋ ਗਿਆ ਤਾਂ ਸਿੱਖ ਸਰਦਾਰਾਂ ਅਤੇ ਜਗੀਰਦਾਰਾਂ ਵਿਚ ਅਤੇ ਉਨ੍ਹਾਂ ਦੀ ਰੀਸ ਵਿਚ ਆਮ ਪਰਜਾ ਅਤੇ ਖਾਲਸਾ ਫ਼ੌਜ ਵਿਚ ਵੀ ਸਿੱਖੀ ਦੀ ਰਹਿਤ ਮਰਯਾਦਾ ਦੀ ਉਹ ਕਰੜਾਈ ਨਾ ਰਹੀ । ਫਲਸਰੂਪ ਸਿੱਖ ਸਮਾਜ ਦਾ ਧਾਰਮਿਕ ਤੇ ਨੈਤਿਕ ਦਰਿਸ਼ਟੀ ਤੋਂ ਚੋਖਾ ਪਤਨ ਹੋਇਆ । ਗਿਆਨੀ ਗਿਆਨ ਸਿੰਘ ਜੀ ਨੇ ਨਾਮਧਾਰੀ ਪੰਥ ਬਾਰੇ ਜੋ ਕਬਿਤ ਰਚੇ ਹਨ, ਉਨ੍ਹਾਂ ਵਿਚ ਸਿੱਖਾਂ ਦੇ ਆਚਰਣ ਵਿਚ ਆਈ ਇਸ ਸਮੇਂ ਦੀ ਢਹਿੰਦੀ ਕਲਾ ਦਾ ਬੜੇ ਕਰੁਣਾਮਈ ਸੁਰ ਵਿਚ ਜ਼ਿਕਰ ਕੀਤਾ ਗਿਆ ਹੈ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਆਚਰਣਕ ਗਿਰਾਵਟ ਅਤੇ ਧਾਰਮਿਕ ਗਿਲਾਨੀ ਨੂੰ ਆਪਣੀ ਅੱਖੀਂ ਵੇਖਿਆ । ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਦੀਖਿਆ ਲੈ ਕੇ ਆਪ ਜੀ ਨੇ ਜਦੋਂ ਸੰਤ ਖਾਲਸਾ ਦੀ ਪੁਨਰ ਸਿਰਜਨਾ ਕੀਤੀ ਤਾਂ ਗੁਰੂ ਸਿੱਖੀ ਦੀ ਰਹਿਤਮਰਯਾਦਾ ਨੂੰ ਨਾ ਕੇਵਲ ਸੁਰਜੀਤ ਹੀ ਕੀਤਾ ਸਗੋਂ ਉਸ ਵਿਚ ਕਈ ਪਰੀਵਰਤਨ ਅਤੇ ਵਾਧੇ ਵੀ ਕੀਤੇ ।

ਤਦੋਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਨਾਮਧਾਰੀ ਪੰਥ ਨੂੰ ਆਪਣੇ ਸਤਿਗੁਰੂ ਦੀ ਰਹਿਤ ਮਰਯਾਦਾ ਦੇ ਸੰਬੰਧ ਵਿਚ ਨਿਰੰਤਰ ਅਗਵਾਈ ਮਿਲਦੀ ਆ ਰਹੀ ਹੈ । ਫਲਸਰੂਪ ਅੱਜ ਵੀ ਸਿੱਖੀ ਦੇ ਗੁਰਬਾਣੀ ਤੇ ਗੁਰੂ ਆਸ਼ੇ ਅਨੁਸਾਰ ਜੇ ਸ਼ੁਧ ਸਰੂਪ ਦੇ ਦਰਸ਼ਨ ਕਰਨੇ ਹੋਣ ਤਾਂ ਸਤਿਗੁਰੂ ਜੀ ਦੀ ਹਜ਼ੂਰੀ, ਸਾਧ ਸੰਗਤ ਅਤੇ ਸਤਿਗੁਰੂ ਦੇ ਨਿਵਾਜੇ ਹੋਏ ਸੰਤ ਪੁਰਸ਼ਾਂ ਦੇ ਜੀਵਨ ਦੁਆਰਾ ਹੋ ਸਕਦੇ ਹਨ । ਵਿਸਥਾਰ ਦੇ ਸੰਕੋਚ ਤੋਂ ਬਚਦੇ ਹੋਏ ਇਥੇ ਕੇਵਲ ਅਸੀਂ ਸੰਖੇਪ ਮਾਤਰ ਕੁਝ ਹਵਾਲਿਆਂ ਤੇ ਪ੍ਰਮਾਣਿਕ ਦਸਤਾਵੇਜ਼ਾਂ ਵਲ ਹੀ ਸੰਕੇਤ ਕਰਾਂਗੇ :—



Sri Satguru Jagjit Singh Ji eLibrary NamdhariElibrary@gmail.com

(ੳ) ਇਹ ਹੁਕਮਨਾਮਾ ਜੋ 'ਨਾਮਧਾਰੀ ਨਿਤਨੇਮ' (ਨੌਵਾਂ ਸੰਸਕਰਨ) ਦੇ ਪੰਨਾ 113 ਤੋਂ 117 ਉਤੇ ਦਰਜ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਸ੍ਰੀ ਭੈਣੀ ਸਾਹਿਬ ਤੋਂ ਸਮੂਹ ਸੰਗਤ ਲਈ ਜਾਰੀ ਕੀਤਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਮਨ ਵਿਚ ਜੋ ਗੁਰੂ ਸਿੱਖ ਰਹਿਤ ਮਰਯਾਦਾ ਦੇ ਮੂਲ ਸੰਕਲਪ ਸਨ ਉਹ ਸਾਰੇ ਹੀ ਇਸ ਵਿਚ ਅੰਕਿਤ ਹਨ।

## ਰਹਿਤ ਨਾਮਾ

### ਪਾਤਸਾਹੀ 12

੧ ੴ ਸ੍ਰੀ ਸਤਿਗੁਰ ਪ੍ਰਸਾਦਿ।

ਲਿਖਤੁਮ ਰਾਮ ਸਿੰਘ, ਹੋਰ ਸੰਮੂਹ ਖਾਲਸਾ ਜੀ ਭੈਣੀ ਦਾ ਸੰਮੂਹ ਖਾਲਸੇ ਜੀ ਕੋ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।

ਹੋਰ ਰਹਿਤਨਾਮਾ ਸੰਬੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ। ਪਿਛਲੀ ਰਾਤ ਉਠਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ ਦੋ ਵਾਰੀ ਗੜਵਾ ਮਾਂਜਨਾ ਮਦਾਨ ਬਸਤ੍ਰ ਲਾਹਿ ਕੇ ਜਾਨਾ ਦਾਤਨ ਕਰਨੀ ਫੇਰ ਇਸ਼ਨਾਨ ਕਰਨਾ ਬਾਣੀ ਪੜ੍ਹਨੀ ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ। ਸਰਬ ਮਾਈ ਬੀਬੀ ਸਰਬਨੇ। ਜਪੁ ਜਾਪ ਦੂਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ ਆਰਤੀ ਸੋਹਿਲਾ ਏਤਨੀ ਤਾਂ ਜ਼ਰੂਰ ਹੀ ਕੰਠ ਕਰਨੀ ਤਾ ਸੀਲ ਸੰਤੋਖ ਸਭ ਨੇ ਰਖਨਾ। ਭਜਨ ਅਠੇ ਪਹਿਰ ਕਰਨਾ ਗੁਰੂ ਸਚੇ ਦਾ। ਹੋਰ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕ ਗੁਰੂ ਜੀ ਨੇ ਅੱਗੇ ਹੀ ਲਿਖ ਛਡਿਆ ਹੈ। ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ। ਜੋ ਕੋਈ ਭਜਨ ਪੜਕੇ ਨਾ ਕਰੂਗਾ ਉਸ ਦਾ ਮੂਹ ਦੂਹੀ ਜਹਾਨੀ ਕਾਲਾ ਹੋਊਗਾ। ਹੋਰ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ ਬੋਲ ਕਬੋਲ ਸਹਿ ਜਾਣਾ ਸਭਦਾ। ਜੇ ਕੋਈ ਮਾਰੇ ਕੁਟੂ ਤਾ ਭੀ ਖਿਮਾ ਕਰਨੀ ਤੁਸਾਂ ਦਾ ਰਛਕ ਗੁਰੂ ਹੈ। ਹਰਿ ਵਖਤ ਤੁਸੀ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ। ਹਰਿ ਵਖਤ ਦੁਵਾਨੁ ਲਾਉਣਾ ਹਰਿ ਦਿਨ ਸ਼ਬਦ ਕੀਰਤਨ ਕਰਨਾ। ਜੇ ਕਰ ਜਗ ਕਰਨਾ ਹੋਵੇ ਤਾਂ ਚੋਕਾ ਦੇਣਾ। ਭਾਂਡੇ ਕੋਰੇ ਲਿਆਉਣੇ ਚੋਕੇ ਵਿਚ ਚਰਨ ਧੋਇਕੇ ਬੜਨਾ। ਅਰ ਹੋਮ ਬੀ ਕਰਨਾ। ਪਹਿਲੇ ਚੋਕਾ ਦੇਣਾ ਹੋਮ ਦੀ ਜਗਾ ਲਕੜੀ ਹੋਮ ਵਿਚ ਪਲਾਹ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ ਫੂਕ ਨਹੀਂ ਮਾਰਨੀ, ਹੋਮ ਵਿਚ ਪੋਥੀਆ ਉਤੋਂ ਬਾਣੀ ਪੜਨੀ ਚਉਪਈ ਜਪੁ ਜਾਪ ਚੰਡੀ ਚਰਿਤਰ ਅਕਾਲਉਸਤਤ ਛੇਵਾ ਆਦਮੀ ਅਹੁਤੀਆ ਪਾਵੇ ਸਤਵਾਂ ਮਗਰੋਂ ਨਾਲ ਜਲ ਦਾ ਛਿਟਾ ਦੇਵੇ ਥੋੜਾ ਥੋੜਾ। ਜੇ ਕੋਈ ਮੰਦਾ ਕਰਮ ਕਰੇ ਜਾਰੀ ਚੋਰੀ ਤਾਂ ਕਿਸੇ ਹੀ ਥਾਂ ਦੁਵਾਨ ਵਿਚ ਨਹੀਂ ਵੜਨ ਦੇਣਾ। ਜੇਕਦ ਜੋਰਾਵਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ ਏਹ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ। ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ ਤੁਸੀਂ ਆਪ ਹੀ ਸਭ ਕੁਝ ਸਮਝ ਲੈਣਾ ਜੀ। ਹੋਰ ਜੀ ਸਭ ਨੇ



Sri Satguru Jagjit Singh Ji eLibrary NamdhariElibrary@gmail.com

ਹੱਥ ਜੋੜ ਕੇ ਪਰਮੇਸਰ ਅੱਗੇ ਜੋ ਹੇ ਮਹਾਰਾਜ ! ਸਾਡਾ ਧਰਮ ਬਣਿਆ ਰਹੇ ਜੀ। ਹੋਰ ਕਛਾਂ ਰਖਣੀਆ ਪਉਚਾ ਪਾ ਕੇ ਪਹੁਚਾ ਲਹੁਣਾ ਹੋਰ ਜੀ ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀਂ ਕਿਸੇ ਨੇ ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ ਵਟਾ ਨਹੀਂ ਕਰਨਾ ਸਦਾ ਗੁਰੂ ਗੁਰੂ ਜਪਦੇ ਰਹਿਣਾ। ਦਾਰੂ ਮਾਸ ਨਹੀਂ ਖਾਣਾ ਪੀਣਾ ਖੌਫ ਰਖਣਾ ਗੁਰੂ ਦਾ ਹਰਿ ਦਮ।

(ਅ) ਪੁਸਤਕ 'ਜੁਗ ਪਲਟਾਊ ਸਤਿਗੁਰੂ' ਕਰਤਾ ਸੰਤ ਨਿਧਾਨ ਸਿੰਘ ਜੀ ਆਲਿਮ ਨੇ 33-34 ਸਫੇ ਤੇ ਰਹਿਤ ਮਰਯਾਦਾ ਬਾਰੇ ਇਸ ਤਰ੍ਹਾਂ ਲਿਖਿਆ ਹੈ :—

## ਨਾਮਧਾਰੀ ਅਸੂਲ

(i) **ਸਦਾਚਾਰਕ** :— ਮਾਸ, ਸ਼ਰਾਬ, ਚੋਰੀ, ਯਾਰੀ ਅਤੇ ਝੂਠ ਦਾ ਤਿਆਗ, ਬਿਆਜ ਨਹੀਂ ਲੈਣਾ, ਜਿਨਸ ਦੇ ਕੇ ਸਵਾਈ ਡਿਉੜੀ ਨਹੀਂ ਲੈਣੀ।

(ii) **ਸਮਾਜਕ** :— ਕੁੜੀਆਂ ਮਾਰਨ, ਵੇਚਣ, ਵੱਟੇ ਦੇ ਸਾਕ ਤੇ ਬਾਲ ਵਿਆਹ ਦੀ ਉਕੀ ਮਨਾਹੀ। ਦਾਜ ਦੇ ਰੂਪ ਵਿਚ ਚੀਜ਼ਾਂ ਦੇਣ ਦੀ ਨਿਖੇਧੀ ਅਤੇ ਵਿਧਵਾ ਵਿਆਹਾਂ ਦੀ ਖੁਲ੍ਹ। ਵਹਿੜਕਾ ਖਸੀ ਨਹੀਂ ਕਰਾਣਾ।

(iii) **ਧਾਰਮਿਕ** :— ਅੰਮ੍ਰਿਤ ਵੇਲੇ ਸਣੇ ਕੇਸੀਂ ਇਸ਼ਨਾਨ ਕਰਕੇ ਨਾਮ ਜਪਣਾ ਤੇ ਬਾਣੀ ਦਾ ਪਾਠ ਕਰਨਾ, ਸਾਦੀ ਖੁਰਾਕ, ਸਾਦੀ ਪੁਸ਼ਾਕ, ਸਿਧੀ ਦਸਤਾਰ ਧਾਰਨ ਕਰਨੀ। ਉੱਨ ਦੀ ਮਾਲਾ, ਆਸਣ ਪਉਦੇ ਤੇ ਗੜਵਾ ਰਖਣਾ, ਸੁਚ ਸੰਜਮ ਦੀ ਧਾਰਨਾ, ਅਤਿਥੀ ਸਤਕਾਰ, ਗਊ ਰਖਯਾ, ਯਗ ਹੋਮ ਤੇ ਪੰਜ ਕਕਾਰਾਂ ਦੀ ਮਰਯਾਦਾ ਦਾ ਵਿਧਾਨ। ਅਹਿੰਸਾ ਦੀ ਪਾਲਣਾ।

(iv) **ਰਾਜਨੀਤਿਕ** :— ਸਰਕਾਰੀ ਨੌਕਰੀ ਨਹੀਂ ਕਰਨੀ, ਸਰਕਾਰੀ ਸਕੂਲਾਂ ਵਿਚ ਬੱਚੇ ਨਹੀਂ ਪੜ੍ਹਾਣੇ, ਆਪਸ ਵਿਚ ਦੇ ਮੁਕੱਦਮੇ ਆਪਣੀਆਂ ਪੰਚਾਇਤਾਂ ਵਿਚ ਨਿਬੇੜਨੇ, ਸੁਦੇਸੀ ਚੀਜ਼ਾਂ ਵਰਤਣੀਆਂ, ਡਾਕ ਵਿਚ ਚਿੱਠੀ ਨਹੀਂ ਪਾਣੀ ਅਤੇ ਲਗਦੀ ਵਾਹੇ ਰੇਲ ਤੇ ਨਹੀਂ ਚੜ੍ਹਨਾ।

ਇਸੇ ਮਰਯਾਦਾ ਨੂੰ ਅੱਗੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਾਰੀ ਰਖਿਆ ਹੋਇਆ ਹੈ। ਜਿਥੇ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਸਮੇਂ ਸਿੱਖੀ ਦੇ ਬੂਟੇ ਨੂੰ ਹਰਿਆ ਭਰਿਆ ਰਖਿਆ ਉਥੇ ਸ੍ਰੀ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ ਜੀ ਨੇ "ਨਾਮ ਬਾਣੀ ਤੇ ਸੁਚ ਸੋਧ ਦੇ ਪਰਵਾਹ" ਨੂੰ ਚਲਾ ਕੇ ਨਾਮਧਾਰੀ ਸੰਗਤ ਤੇ ਰਹਿਤ ਮਰਯਾਦਾ ਨੂੰ ਹੋਰ ਪੱਕੇ ਪੈਰਾਂ ਤੇ ਖੜਾ ਕੀਤਾ ਅਤੇ ਇਸ ਵਿਚ ਕਈ ਵਾਧੇ ਕੀਤੇ। ਲੱਖਾਂ ਦੀ ਗਿਣਤੀ ਵਿਚ ਆਦਿ ਗਰੰਥ ਸਾਹਿਬ ਤੇ ਦਸਮ ਗਰੰਥ ਦੇ ਪਾਠ ਕਰਵਾਏ। ਕੇਵਲ 1942-43 ਵਿਚ 1,27,000 ਦੇ ਕਰੀਬ ਆਦਿ ਗਰੰਥ ਦੇ ਪਾਠ ਸੰਪੂਰਨ ਹੋਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਸ੍ਰੀ ਭੈਣੀ ਸਾਹਿਬ ਤੇ ਜੀਵਨ ਨਗਰ ਵਰਨੀਆਂ ਜਾਰੀ ਕਰਵਾਈਆਂ ਜਿਨ੍ਹਾਂ ਦੁਆਰਾ ਹੁਣ ਵੀ ਨਿਰੰਤਰ ਨਾਮ ਸਿਮਰਨ ਅਤੇ ਭਗੌਤੀ ਦੀਆਂ ਮਾਲਾ ਹਵਨ ਸਹਿਤ ਅਖੰਡ ਰੂਪ ਵਿਚ ਚਲ ਰਹੀਆਂ ਹਨ। ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਵੀ ਹਵਨ ਸਹਿਤ 1939 ਵਿਚ ਸੰਪੂਰਨ ਹੋਏ ਸਨ। ਇਹੋ ਪ੍ਰੰਪਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਪ੍ਰਚਲਤ ਹੈ। ਸਗੋਂ ਵਰਨੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਅੱਜ ਕੱਲ ਇਹ ਅਖੰਡ ਵਰਨੀਆਂ 14 ਥਾਈਂ ਹੋ ਰਹੀਆਂ ਹਨ। ਇਕ ਮਹੀਨੇ ਦੇ ਜਪ ਪ੍ਰਯੋਗ ਦੀ ਪਰੰਪਰਾ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ। ਵਾਧੇ ਵਾਲੀ ਗੱਲ ਇਹ ਹੈ ਕਿ ਨਾਮਧਾਰੀ ਸਾਧ ਸੰਗਤ ਵਿਚ ਸਤਿਗੁਰੂ ਜੀ ਦੀ ਆਗਿਆ ਦੁਆਰਾ ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਸੁਚ ਸੋਧ ਦੀ ਮਰਯਾਦਾ ਵਿਚ ਰਹਿ ਕੇ ਕੀਤਾ ਜਾਂਦਾ ਹੈ।

## (ਦ) ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਵਚਨ[18]

23 ਨਵੰਬਰ 1948 ਨੂੰ ਬੈਂਕੋਕ ਦੀ ਯਾਤਰਾ ਸਮੇਂ ਜੋ ਪਰਵਚਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਉਥੋਂ ਦੀ ਸਾਧ ਸੰਗਤ ਨੂੰ ਗੁਰੂ ਉਪਦੇਸ਼ ਦੇ ਰੂਪ ਵਿਚ ਕੀਤੇ ਸਨ। ਉਨ੍ਹਾਂ ਵਿਚ ਆਪ ਜੀ ਨੇ ਗੁਰਸਿਖੀ ਦੀ ਰਹਿਤ ਮਰਯਾਦਾ ਨੂੰ ਆਪਣੇ ਮੁਖਾਰ-ਬਿੰਦ ਤੋਂ ਇਸ ਤਰ੍ਹਾਂ ਸੁਦ੍ਰਿੜ ਕਰਵਾਇਆ ਹੈ :

"ਜਿਤਨਾ ਚਿਰ ਤੁਹਾਡੀ ਆਤਮਾ ਨਾਮ ਜਪ ਕੇ ਤਾਕਤ ਵਾਲੀ ਨਹੀਂ ਬਣ ਜਾਂਦੀ ਤੁਸੀਂ ਕੋਈ ਮੁਲਕ ਦਾ ਕੰਮ, ਕੋਈ ਕੁਰਬਾਨੀ ਦਾ ਕੰਮ, ਕੋਈ ਉਪਕਾਰ ਦਾ ਕੰਮ ਨਹੀਂ ਕਰ ਸਕਦੇ।"

ਅਤੇ

**ਬਿਹੰਗਮ** "ਜਿਹੜਾ ਬਿਹੰਗਮ ਸਾਧ ਹੋਵੇ ਉਹ ਪੰਜ ਪਾਠ ਜਪੁ ਜਾਪੁ ਦੇ ਕਰੇ, ਪੰਜ ਗਰੰਥੀ ਬਾਣੀ ਪੜ੍ਹੇ, ਪੰਜ ਮਾਲਾ ਭਜਨ ਦੀਆਂ ਪੱਕੀਆਂ ਫੇਰੇ, ਇਕ ਮਾਲਾ ਭਗੌਤੀਆਂ ਦੀ ਫੇਰੇ ਅਤੇ ਚੰਡੀ ਦੀ ਵਾਰ ਦਾ ਪਾਠ ਕਰੇ। ਪ੍ਰਸ਼ਾਦਾ ਆਪ ਪਕਾ ਕੇ ਛਕੇ, ਸੌ (100) ਪੱਤਰਾ ਗਰੰਥ ਸਾਹਿਬ ਦਾ ਪੜ੍ਹੇ।"

ਅਤੇ

**ਗ੍ਰਹਸਤੀ** "ਗ੍ਰਹਸਤੀ ਦੀ ਮਰਯਾਦਾ ਇਹ ਭਈ ਘੱਟ ਤੋਂ ਘੱਟ ਜਪੁ, ਜਾਪੁ, ਸ਼ਬਦ ਹਜ਼ਾਰੇ। ਸਤਿਗੁਰਾਂ ਨੇ ਇਉਂ ਲਿਖਿਆ ਹੁਕਮਨਾਮੇ 'ਚ ਭਾਈ ਬਣ



Sri Satguru Jagjit Singh Ji eLibrary NamdhariElibrary@gmail.com

ਆਵੇ ਤਾਂ ਪੰਜ ਗਰੰਥ ਕੰਠ ਕਰਨੇ ਜ਼ਰੂਰ। ਨਹੀਂ ਤੇ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ ਇਹ ਪੰਜ ਜ਼ਰੂਰ ਪੜ੍ਹਨੀਆਂ ਘੱਟ ਤੋਂ ਘੱਟ ਹਰ ਇਕ ਨਾਮਧਾਰੀ ਦਾ ਇਹ ਫ਼ਰਜ਼ ਹੈ। ਔਰ ਇਹ ਬਾਣੀ ਕੰਠ ਹੋਣੀ ਚਾਹੀਦੀ ਹੈ। ਸਤਿਗੁਰਾਂ ਦਾ ਕੰਠ ਕਰਨ ਵਾਸਤੇ ਹੁਕਮ ਹੈ।"

ਅਤੇ

"ਲੜਕੀ ਲੜਕਾ ਕਮ ਸੇ ਕਮ ਜੇ ਪੰਜ ਗਰੰਥੀ ਨਾ ਪੜ੍ਹਿਆ ਹੋਵੇ, ਜਿਥੋਂ ਸਾਡੀ ਮਰਜ਼ੀ ਹੈ ਸੁਣੀਏ, ਅਸੀਂ ਉਸ ਦਾ ਅਨੰਦ ਕਾਰਜ ਨਹੀਂ ਕਰਦੇ ਹੁੰਦੇ।"

ਅਤੇ

"ਜਿਹੜੇ ਇਕ ਘੰਟਾ ਨਿਤਨੇਮ ਨ ਕਰਨਗੇ ਉਹ ਦੁੱਖ ਪਾਉਣਗੇ ਅਗੇਂ ਹੁਣ ਤੁਹਾਡੀ ਮਰਜ਼ੀ ਹੈ।"

ਅਤੇ

"ਜਿਹੜੇ ਆਦਮੀ ਆਸਾ ਦੀ ਵਾਰ ਵਿਚ ਸਣੇ ਕੇਸੀ ਇਸ਼ਨਾਨ ਕਰੇ ਬਿਨਾਂ ਪੜ੍ਹਦੇ ਜਾਂ ਸੁਣਦੇ ਨੇ ਆ ਕੇ, ਉਨ੍ਹਾਂ ਨੂੰ ਫਲ ਦੇ ਥਾਂ ਪਾਪ ਲਗਦਾ ਹੈ।"

ਅਤੇ

ਸਾਧ ਸੰਗਤ ਵਿਚ ਆ ਕੇ ਬੀਬੀਆਂ ਦੇ ਘੁੰਡ ਕੱਢਣ ਬਾਰੇ ਹੁਕਮ ਹੈ:

"ਇਹ ਸਾਧ ਸੰਗਤ ਹੈ। ਜੇ ਤੁਹਾਡੇ ਨੇਤਰ੍ਹਾਂ ਵਿਚ ਸ਼ਰਮ ਐ ਤਾਂ ਸਭੋ ਕੁਝ ਐ। ਜੇ ਨੇਤਰ੍ਹਾਂ ਵਿਚ ਸ਼ਰਮ ਨਹੀਂ ਫੇਰ ਕੁਝ ਨਹੀਂ ਬਣਦਾ।"

ਸੰਤ ਖਾਲਸੇ ਦੇ ਪ੍ਰਕਾਸ਼ ਪਿੱਛੋਂ ਨਾਮਧਾਰੀ ਸਾਧ ਸੰਗਤ ਨੂੰ ਹਰ ਤਰ੍ਹਾਂ ਦੀ ਅਗਵਾਈ ਆਪਣੇ ਸਤਿਗੁਰੂ ਸਾਹਿਬਾਨ ਤੋਂ ਨਿਰੰਤਰ ਮਿਲਦੀ ਆ ਰਹੀ ਹੈ। ਉਨ੍ਹਾਂ ਦੇ ਮਨਾਂ ਉਤੇ ਗੁਰੂ ਦਾ ਵੱਡਾ ਅੰਕੁਸ ਹੈ। ਨਾਮਧਾਰੀ ਸਤਿਗੁਰਾਂ ਦਾ ਜਿਥੇ ਸਾਰੇ ਦੇਸ਼ ਉਤੇ ਸੁਤੰਤਰਤਾ ਸੰਗਰਾਮ ਦੇ ਪੱਖ ਤੋਂ ਵੱਡਾ ਉਪਕਾਰ ਹੈ, ਉਥੇ ਸਿੱਖ ਬੀਬੀਆਂ ਦੇ ਉੱਥਾਨ ਵਲ ਉਨ੍ਹਾਂ ਦਾ ਧਿਆਨ ਵਿਸ਼ੇਸ਼ ਤੌਰ ਤੇ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਹੀ ਬੀਬੀਆਂ ਨੂੰ ਅੰਮ੍ਰਿਤ ਪਾਨ ਕਰਾਉਣ ਅਤੇ ਕਛਹਿਰੇ ਪਵਾਉਣ ਅਤੇ ਪੂਰਨ ਸਿੱਖੀ ਬਾਣਾ ਧਾਰਨ ਕਰਨ ਵਲ ਰੁਚਿਤ ਕੀਤਾ।

ਸਮਾਜ ਨੂੰ ਕੁੜੀਆਂ ਦੇ ਮਾਰਨ, ਵੇਚਣ ਅਤੇ ਵੱਟਾ ਕਰਨ ਦੀ ਲਾਹਣਤ ਤੋਂ ਬਚਾਇਆ ਅਤੇ ਅਨੰਦ ਵਿਆਹ ਦੀ ਮਰਯਾਦਾ 1863 ਤੋਂ ਜਾਰੀ ਕਰਕੇ ਬਿਨਾਂ ਦਾਜ ਦਹੇਜ ਤੋਂ ਸਤਿਗੁਰੂ ਦੀ ਹਜ਼ੂਰੀ ਵਿਚ ਵਿਆਹ ਸ਼ਾਦੀਆਂ ਦਾ ਰਿਵਾਜ ਚਾਲੂ ਕੀਤਾ। ਘੁੰਡ ਦੀ ਪ੍ਰਥਾ ਸਮਾਪਤ ਕੀਤੀ ਅਤੇ ਪੂਜ ਮਾਤਾ ਭੂਪਿੰਦਰ ਕੌਰ ਦੀ ਪ੍ਰੇਰਨਾ ਸਦਕਾ ਉਨ੍ਹਾਂ ਨੂੰ ਸੁਚ ਸੋਧ ਤੇ ਵਰਨੀ ਕਰਨ ਦੀ ਆਗਿਆ ਵੀ ਦਿੱਤੀ। ਉਨ੍ਹਾਂ ਦੀ ਪੜ੍ਹਾਈ ਵਲ ਉਚੇਚਾ ਧਿਆਨ ਦਿੱਤਾ। ਬਹੁਤ ਸਾਰੇ ਹੁਕਮਨਾਮਿਆਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਗੁਰਮੁਖੀ ਅੱਖਰ ਪੜ੍ਹਨ ਤੇ ਬਾਣੀ ਕੰਠ ਕਰਨ ਦੀ ਵਿਸ਼ੇਸ਼ ਤੌਰ ਤੇ ਪ੍ਰੇਰਨਾ ਕੀਤੀ ਹੈ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਸੰਗਤ ਇਸਤਰੀ ਪੁਰਸ਼ ਦੋਹਾਂ ਲਈ ਨਾਮਧਾਰੀ ਪਹਿਰਾਵੇ ਪਹਿਨਣ ਉੱਤੇ ਵਿਸ਼ੇਸ਼ ਤੌਰ ਤੇ ਬਲ ਦਿੱਤਾ ਹੈ। ਇਸੇ ਤਰ੍ਹਾਂ ਹੋਰ ਵੀ ਅਨੇਕ ਪੱਖ ਹਨ। ਜਿਵੇਂ ਗੁਰਬਾਣੀ ਦੇ ਸ਼ੁਧ ਪਾਠ ਤੇ ਸ਼ੁਧ ਉਚਾਰਨ ਵਲ ਉਚੇਚਾ ਧਿਆਨ ਦੇਣਾ। ਗੁਰਮਤ ਸੰਗੀਤ ਤੇ ਕੀਰਤਨ ਦੀ ਸਨਾਤਨੀ ਮਰਯਾਦਾ ਨੂੰ ਸਥਾਪਤ ਰਖਣਾ ਅਤੇ ਇਸ ਵਿਚ ਵਾਧਾ ਕਰਨਾ ਆਦਿ। ਸੱਚ ਤਾਂ ਇਹ ਹੈ ਕਿ 1857 ਈ. ਤੋਂ ਪਿੱਛੋਂ ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਆਦਰਸ਼ਕ ਗੁਰ ਮਰਯਾਦਾ ਤੇ ਸਿੱਖੀ ਰਹਿਤ ਬਹਿਤ ਦੀ ਪਰਿਪਾਟੀ ਨੂੰ ਸਥਿਰ ਅਤੇ ਪੱਕਿਆਂ ਪੈਰਾਂ ਤੇ ਸਥਾਪਿਤ ਕਰ ਦਿੱਤਾ। ਸਮੇਂ ਸਮੇਂ ਸਰਬ ਸਮਰੱਥ ਸਤਿਗੁਰੂ ਜੀ ਇਸ ਮਰਯਾਦਾ ਵਿਚ ਤਰੁਟੀਆਂ ਨੂੰ ਦੇਖ ਕੇ ਇਸ ਵਿਚ ਸੋਧ ਕਰਦੇ ਰਹਿੰਦੇ ਹਨ।

ਵਰਤਮਾਨ ਸਮੇਂ ਵੀ ਗੁਰਸਿੱਖੀ ਦੀ ਆਦਰਸ਼ਕ ਮਰਯਾਦਾ ਸੁਚ-ਸੋਧ, ਨਾਮ-ਬਾਣੀ, ਕਥਾ-ਕੀਰਤਨ, ਗੁਰੂ ਕੇ ਲੰਗਰ ਅਤੇ ਸਾਧ ਸੰਗਤ ਦੇ ਰੂਪ ਵਿਚ ਸਤਿਗੁਰੂ ਤੇ ਸਿੱਖ ਸੰਗਤ ਦੇ ਅਲੌਕਿਕ ਦ੍ਰਿਸ਼ ਨੂੰ ਸਾਖਿਆਤ ਦੇਖਣਾ ਤੇ ਮਾਨਣਾ ਹੋਵੇ ਤਾਂ ਉਹ ਕੇਵਲ ਸਤਿਗੁਰੂ ਦੀ ਹਜ਼ੂਰੀ ਵਿਚ ਸੁਭਾਇਮਾਨ ਨਾਮਧਾਰੀ ਸਾਧ ਸੰਗਤ ਵਿਚ ਹੀ ਵੇਖੀ ਜਾ ਸਕਦੀ ਹੈ।

ਅੱਜ ਵਿਸ਼ਵ ਸ਼ਾਂਤੀ ਹੀ ਸੰਸਾਰ ਦੀ ਸਭ ਤੋਂ ਵੱਡੀ ਲੋੜ ਹੈ ਤੇ ਉਹ ਅਧਿਆਤਮਕ ਸੱਤਾ ਵਿਚ ਵਿਸ਼ਵਾਸ ਰੱਖ ਕੇ ਹੀ ਹੋਂਦ ਵਿਚ ਆ ਸਕਦਾ ਹੈ। ਇਸ ਅੰਧਕਾਰ ਮਈ ਸੀਤ ਯੁਧ ਤੇ ਜੰਗ ਦੇ ਭਿਅੰਕਰ ਵਾਤਾਵਰਣ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਚਲਾਇਆ ਸਤਿਜੁਗੀ ਸਫੈਦ ਨਿਸ਼ਾਨ ਸਾਹਿਬ ਸਭ ਨੂੰ ਸੰਸਾਰਕ ਸੁਖ ਤੇ ਆਤਮਿਕ ਸ਼ਾਂਤੀ ਪ੍ਰਦਾਨ ਕਰ ਸਕਦਾ ਹੈ। ਸਤਿਗੁਰੂ ਨਿਰਭਉ ਤੇ ਨਿਰਵੈਰ ਹੈ। ਉਸ ਦਾ ਸੱਚਾ ਸ਼ਬਦ ਹਰ ਪ੍ਰਾਣੀ ਮਾਤਰ ਤੇ ਹਰ ਕੌਮ ਤੇ ਹਰ ਦੇਸ਼ ਨੂੰ ਸੱਚਾ ਸੁਖ ਵਿਖਾਲ ਸਕਦਾ ਹੈ :—

"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ।"

(ਆਦਿ ਗਰੰਥ, ਪੰਨਾ 853)

## ਸਹਾਇਕ ਪੁਸਤਕਾਂ ਦੀ ਸੂਚੀ


1. ਕਾਨ੍ਹ ਸਿੰਘ ਨਾਭਾ : ਗੁਰੁ ਸ਼ਬਦ ਰਤਨਾਕਰ ਮਹਾਨਕੋਸ਼
2. ਕਾਨ੍ਹ ਸਿੰਘ ਨਾਭਾ : ਗੁਰਮਤ ਮਾਰਤੰਡ
3. ਭਾਈ ਜੋਧ ਸਿੰਘ : ਗੁਰਮਤਿ ਨਿਰਣਯ
4. ਪ੍ਰੋ: ਤੇਜਾ ਸਿੰਘ ਤੇ ਹੋਰ : ਸ਼ਬਦਾਰਥ
5. ਨਾਮਧਾਰੀ ਦਰਬਾਰ : ਨਾਮਧਾਰੀ ਨਿਤਨੇਮ
6. ਮ. ਮ. ਆਹਲੂਵਾਲੀਆ : ਕੂਕਾ ਮੂਵਮੈਂਟ
7. ਜਸਵਿੰਦਰ ਸਿੰਘ ਕੂਕਾ ਮੂਵਮੈਂਟ




Sri Satguru Jagjit Singh Ji eLibrary NamdhariElibrary@gmail.com

8. ਸੰਤ ਨਿਧਾਨ ਸਿੰਘ 'ਆਲਮ' : ਜੁਗ ਪਲਟਾਊ ਸਤਿਗੁਰੂ
9. ਮਾ: ਨਿਹਾਲ ਸਿੰਘ ਸੀਤਲਤਾ ਦਾ ਸਰੋਤ
10. ਨਾਮਧਾਰੀ ਦਰਬਾਰ : ਚਾਰ ਇਤਿਹਾਸਕ ਬਾਰਾਂ ਮਾਹ
11. ਪਰਿਵਚਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ : ਹੱਥ ਲਿਖਤ ਖਰੜਾ ਸ੍ਰੀ-ਭੈਣੀ ਸਾਹਿਬ
12. ਪਿਆਰਾ ਸਿੰਘ ਪਦਮ : ਰਹਿਤਨਾਮੇ
13. ਤਰਨ ਸਿੰਘ ਵਹਿਮੀ : 'ਜਸ ਜੀਵਨ' ਭਾਗ ਦੂਜਾ ਤੇ ਤੀਜਾ

## ਫੁਟ ਨੋਟ ਅਤੇ ਟਿਪਣੀਆਂ

1. ਗੁਰਮਤ : ਸੰਗਯਾ—ਗੁਰੂ ਸਿਧਾਂਤ, ਗੁਰੂ ਦੇ ਥਾਪੇ ਹੋਏ 2. ਸਿੱਖ ਧਰਮ ।
   ਮਹਾਨ ਕੋਸ਼ : ਭਾਈ ਕਾਨ੍ਹ ਸਿੰਘ ਨਾਭਾ, ਪੰਨਾ 420.
   ਸੰਸਕਰਣ ਤੀਜਾ ।
2. ਗੁਰਮਤ ਮਾਰਤੰਡ : ਪੰਨਾ 373.
3. ਮਹਾਨ ਕੋਸ਼ : ਪੰਨਾ 415.
4. ਗੁਰਮਤ ਮਾਰਤੰਡ : ਪੰਨਾ 373.
5. ਆਦਿ ਗਰੰਥ : ਸਵੱਈਏ, ਪੰਨਾ 1395.
6. ਆਦਿ ਗਰੰਥ, ਪੰਨਾ 1409.
7. ਗੁਰਮਤ ਨਿਰਣੈ : ਭਾਈ ਜੋਧ ਸਿੰਘ, ਪੰਨਾ 106-7.
8. ਉਪਰੋਕਿਤ ਉਦਾਹਰਣ ਸਿੱਧ ਕਰਦਾ ਹੈ ਕਿ ਗੁਰੂ ਵਿਅਕਤੀਆਂ ਲਈ 'ਸੱਚੇ ਪਾਤਸ਼ਾਹ' ਦਾ ਪਦ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਮੇਂ ਹੀ ਵਰਤਿਆ ਜਾਣ ਲਗ ਪਿਆ ਸੀ ।
9. "ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ।"
   (ਆਦਿ ਗਰੰਥ, ਪੰਨਾ 534)
10. (i) ਕੂਕਾ—ਮ. ਮ. ਆਹਲੂਵਾਲੀਆ, ਪੰਨਾ 156.
    (ii) ਕੂਕਾ ਮੂਵਮੈਂਟ—ਜਸਵਿੰਦਰ ਸਿੰਘ, ਪੰਨਾ 1 ਤੋਂ 3.
    (iii) ਸੀਤਲਤਾ ਦਾ ਸਰੋਤ—ਮਾਸਟਰ ਨਿਹਾਲ ਸਿੰਘ ਜੀ, ਪੰਨਾ 113 ਤੋਂ 115.
11. ਚਾਰ ਇਤਿਹਾਸਕ ਬਾਰਾਂ ਮਾਂਹ, ਪੰਨਾ 16.
12. ਰਹਿਤਨਾਮੇ—ਪਿਆਰਾ ਸਿੰਘ ਪਦਮ, ਪੰਨਾ 54.
13. ਹੱਥ ਲਿਖਤ ਖਰੜਾ—ਸ੍ਰੀ ਭੈਣੀ ਸਾਹਿਬ ਤੋਂ ਪ੍ਰਾਪਤ ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਛਾਪਕ :
ਜਨਤਕ ਪ੍ਰੈੱਸ, 159, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006
ਫੋਨ : 230822, 2522502

Sri Satguru Jagjit Singh Ji eLibrary NamdhariElibrary@gmail.com